ਸ੍ਰੀ ਗੁਰੂ ਗ੍ਰੰਥ ਸਾਹਿਬ

ਵਿਗਿਆਨਕ-ਵਿਸ਼ਾ ਕੋਸ਼

ਸੰਪਾਦਕ

ਡਾ. ਜਸਬੀਰ ਸਿੰਘ ਸਰਨਾ

ਸ੍ਰੀ ਗੁਰੂ ਗ੍ਰੰਥ ਸਾਹਿਬ
ਵਿਗਿਆਨਕ-ਵਿਸ਼ਾ ਕੋਸ਼

ਡਾ. ਜਸਬੀਰ ਸਿੰਘ ਸਰਨਾ ਲਿਖਤ ਪੁਸਤਕਾਂ

ਪੰਜਾਬੀ

ਕਾਵਿ ਸੰਗ੍ਰਹਿ—

* ਸ਼ਬਦਨਾਮਾ - 1980
* ਮੈਨੂੰ ਦੇ ਦਿਓ - 1982
* ਪ੍ਰਤੀਬਿੰਬ - 1987
* ਸੱਚ ਕੀ ਕਾਤੀ - 1990 (ਜੰਮੂ ਕਸ਼ਮੀਰ ਅਕਾਦਮੀ ਵੱਲੋਂ ਪਹਿਲਾ ਇਨਾਮ)
* ਸਹਿਜ - 2009

ਸਿੱਖ ਇਤਿਹਾਸ, ਵਿਗਿਆਨ, ਚਿੰਤਨ, ਸਾਹਿਤ ਅਤੇ ਕੋਸ਼

* ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ - 1997 (ਪੰਜਾਬ ਸਰਕਾਰ ਵੱਲੋਂ ਪਹਿਲਾ ਇਨਾਮ)
* ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ) - 1998, 2000, 2010
* ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ-2001
* ਗੁਰੂ ਹਰਿ ਰਾਇ ਸਾਹਿਬ-2002
* ਗੁਰੂ ਹਰਿਕ੍ਰਿਸ਼ਨ ਸਾਹਿਬ-2003
* ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ-2005
* ਸਿੱਖ ਇਤਿਹਾਸ ਦੇ ਮੁਢਲੇ ਫ਼ਾਰਸੀ ਅਤੇ ਉਰਦੂ ਸਰੋਤ-2008
* ਕਸ਼ਮੀਰ ਦੇ ਜੰਗਲੀ ਫੁੱਲ-1998
* ਜੰਮੂ ਕਸ਼ਮੀਰ ਦੇ ਅਨੋਖੇ ਪੰਛੀ ਅਤੇ ਜੰਗਲੀ ਜੀਵ-2007
* ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ-2009
* ਕੇਸਰ ਦਾ ਫੁੱਲ-1990
* ਸਿੱਖ ਚਿੰਤਨ-1994
* ਇਕ ਮਹਿਕ ਦਾ ਸਫ਼ਰਨਾਮਾ-2001
* ਸਾਹਿਤਕਧਾਰਾ-2001
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼-2007
* ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼-2010
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼-2012
* ਬਖਸ਼ ਰਚਨਾਵਲੀ (ਸੰ.)-2013
* ਗੁਰਦੁਆਰਾ ਕੋਸ਼-2013
* ਪੰਜਾਬੀ ਵਿਰਾਸਤ ਕੋਸ਼-2013
* ਗੁਰੂ ਹਰਗੋਬਿੰਦ ਸਾਹਿਬ ਦੇ ਲਾਸਾਨੀ ਸਿੱਖ-2014
* ਸਾਬਤ ਸੂਰਤਿ ਦਸਤਾਰ ਸਿਰਾ-2014
* ਜੀਵਨੀ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ-2015

ENGLISH

Sikh History Religion, Bibliography, Dictionaries

* Sikhs in Kashmir-1993
* The Sikh Shrines in Jammu and Kashmir-1994, 2014
* History of the Sikh Students Federation-1995
* Flora and Fauna in Guru Nanak's Bani-1992
* A Select Bibliography of the Kashmir-2002
* World Punjabi Writers Who's Who-2004
* Some Precious Pages of the Sikh History-2011

ਸ੍ਰੀ ਗੁਰੂ ਗ੍ਰੰਥ ਸਾਹਿਬ
ਵਿਗਿਆਨਕ-ਵਿਸ਼ਾ ਕੋਸ਼

ਸੰਪਾਦਕ
ਡਾ. ਜਸਬੀਰ ਸਿੰਘ ਸਰਨਾ

Religion /Sikhism / Sh. Guru Granth Sahib

ISBN : 978-93-5204-392-7

Shri Guru Granth Sahib Vigyan-Visha Kosh

By

Jasbir Singh Sarna
R-11, Swarn Colony,
Gole Gujral
Jammu Tawi-180002
Mobile No. : 09906566604

2016

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.-om
Ph. +91-172-4608699, 4608799,4027552

Produced and bound in India

ਸਮਰਪਣ

ਸਾਡੇ ਸਮਿਆਂ ਦੀ ਧੁਰੰਤਰ ਵਿਦਵਾਨ ਜੋੜੀ

'ਏਕ ਜੋਤ ਦੋਇ ਮੂਰਤੀ'

ਡਾ. ਰਤਨ ਸਿੰਘ ਜੱਗੀ ਅਤੇ ਡਾ. ਗੁਰਸ਼ਰਨ ਕੌਰ ਜੱਗੀ ਜੀ

ਨੂੰ

ਤਤਕਰਾ

ਦੋ ਸ਼ਬਦ

ਗੁਰੂ ਗ੍ਰੰਥ ਸਾਹਿਬ ਭਾਰਤੀ ਸੰਸਕ੍ਰਿਤੀ ਦਾ ਗੌਰਵ ਗ੍ਰੰਥ ਹੈ। ਇਹ ਸਰਬ ਸਾਂਝਾ ਗ੍ਰੰਥ ਹੈ ਜੋ ਹਰ ਇਕ ਮਨੁੱਖ ਨੂੰ ਆਤਮਿਕ ਕਲਿਆਣ ਦੇ ਮਾਰਗ ਉਪਰ ਅਗੇ ਵਧਣ ਲਈ ਅਗਵਾਈ ਦਿੰਦਾ ਹੈ। ਇਸ ਵਿਚ 'ਧੁਰ ਕੀ ਬਾਣੀ' ਦਾ ਸੰਕਲਨ ਹੋਇਆ ਹੈ ਜੋ ਸਭ ਦੀ ਮਾਨਸਿਕ ਚਿੰਤਾ ਨੂੰ ਮਿਟਾਉਣ ਦੇ ਸਮਰਥ ਹੈ। ਗੁਰਬਾਣੀ ਮਹਾਂਪੁਰਸ਼ਾਂ ਦੁਆਰਾ ਅਨੁਭਵ ਕੀਤੇ ਸੱਚ ਦਾ ਕਾਵਿਮਈ ਪ੍ਰਗਟਾਵਾ ਹੈ। ਇਹ ਕਵਿਤਾ ਹੁੰਦੇ ਹੋਇਆਂ ਵੀ ਕਵਿਤਾ ਨਹੀਂ ਹੈ ਕਿਉਂਕਿ ਇਸ ਦਾ ਪ੍ਰਭਾਵ ਖੇਤਰ ਲੌਕਿਕ ਨਾ ਹੋ ਕੇ ਪਾਰਲੌਕਿਕ ਹੈ। ਕਵਿਤਾ ਦਾ ਪ੍ਰਭਾਵ ਖੇਤਰ ਸੰਸਾਰਿਕ ਪ੍ਰਪੰਚ ਤਕ ਸੀਮਿਤ ਹੈ। ਪਰ ਗੁਰਬਾਣੀ ਸੰਸਾਰ ਦਾ ਨਾਤਾ ਬ੍ਰਹਮ ਨਾਲ ਜੋੜਨ ਵਾਲੀ ਪ੍ਰੇਮ-ਭਗਤੀ ਦੀ ਅਜਿਹੀ ਪੌੜੀ ਹੈ ਜਿਸ ਰਾਹੀਂ ਹਰ ਕੋਈ ਪਰਮ ਸੱਤਾ ਨਾਲ ਏਕਾਕਾਰ ਪ੍ਰਾਪਤ ਕਰਨ ਦੀ ਸਥਿਤੀ ਵਿਚ ਹੋ ਜਾਂਦਾ ਹੈ।

ਅਧਿਆਤਮਿਕਤਾ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁਖੀ ਜੀਵਨ ਦੇ ਅਨੇਕਾਂ ਪੱਖਾਂ ਉਪਰ ਝਾਤ ਪਾਉਂਦੀ ਹੈ। ਸਚ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਿਸ਼ਰੀ ਦੀ ਡਲੀ ਵਾਂਗ ਜਿਧਰੋਂ ਚਖੋ ਉਧਰੋਂ ਹੀ ਸੱਚੀ ਸੁੱਚੀ ਮਧੁਰਤਾ ਦਾ ਆਨੰਦ ਪ੍ਰਦਾਨ ਕਰਦੀ ਹੈ। ਇਹੀ ਕਾਰਣ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ 'ਮਾਨਵ ਜੀਵਨ ਦਾ ਦਰਪਣ' ਕਿਹਾ ਜਾਂਦਾ ਹੈ।

ਪ੍ਰਸਤੁਤ ਕੋਸ਼ ਡਾ. ਜਸਬੀਰ ਸਿੰਘ ਸਰਨਾ ਦੁਆਰਾ ਤਿਆਰ ਕੀਤਾ ਗਿਆ ਹੈ। ਡਾ. ਸਰਨਾ ਨੇ ਇਸ ਤੋਂ ਪਹਿਲਾਂ ਵੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਕਈ ਹਵਾਲਾ ਗ੍ਰੰਥਾਂ ਦਾ ਲੇਖਨ/ਸੰਪਾਦਨ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਅਧਿਐਨ-ਅਧਿਆਪਨ ਸਾਮਗ੍ਰੀ ਵਿਚ ਵਾਧਾ ਕੀਤਾ ਹੈ। ਪ੍ਰਸਤੁਤ ਗ੍ਰੰਥ ਵਿਚ ਉਨ੍ਹਾਂ ਨੇ 11 ਵਿਸ਼ਿਆਂ ਸੰਬੰਧੀ ਇੰਦਰਾਜ਼ ਸ਼ਾਮਲ ਕੀਤੇ ਹਨ।

ਇਨ੍ਹਾਂ ਇੰਦਰਾਜਾਂ ਦਾ ਵਿਸ਼ੇ-ਵਿਸਤਾਰ ਪਸ਼ੂ-ਪੰਛੀਆਂ, ਕੀਟ ਪਤੰਗਾਂ ਤੋਂ ਲੈ ਕੇ ਗਣਿਤ ਚਿਕਿਤਸਾ ਤਕ ਹੋਇਆ ਹੈ। ਸੰਪਾਦਕ ਨੇ ਇੰਦਰਾਜ-ਅਧੀਨ ਸ਼ਬਦਾਂ ਬਾਰੇ ਸਰੋਤ ਪੁਸਤਕਾਂ ਤੋਂ ਪਰਿਚਯਾਤਮਕ ਵਿਵਰਣ ਦੇਣ ਉਪਰੰਤ ਗੁਰਬਾਣੀ ਵਿਚੋਂ ਟੂਕ ਦੇ ਕੇ ਉਸ ਦੀ ਵਰਤੋਂ ਨੂੰ ਸੰਪੁਸ਼ਟ ਕੀਤਾ ਹੈ। ਇਸ ਤੋਂ ਇਲਾਵਾ ਇੰਦਰਾਜਾਂ ਨਾਲ ਸੰਬੰਧਿਤ ਉਸ ਵਕਤ ਦੀਆਂ ਲੋਕ-ਮਾਨਤਾਵਾਂ ਅਤੇ ਜਨ-ਪ੍ਰਯੋਗ ਦਾ ਸਰੂਪ ਵੀ ਸਪੱਸ਼ਟ ਹੁੰਦਾ ਹੈ। ਇਹ ਸਾਰਾ ਵਿਵਰਣ ਸਰਲ ਅਤੇ ਢੁਕਵੀਂ ਭਾਸ਼ਾ ਵਿਚ ਦਰਜ ਕੀਤਾ ਗਿਆ ਹੈ। ਨਿਸਚੇ ਹੀ ਡਾ. ਸਰਨਾ ਦਾ ਉਦਮ ਗੁਰੂ ਗ੍ਰੰਥ ਸਾਹਿਬ ਦੀ ਅਧਿਐਨ ਸੀਮਾ ਦਾ ਵਿਸਤਾਰ ਕਰੇਗਾ। ਉਨ੍ਹਾਂ ਦੀ ਮਿਹਨਤ ਸ਼ਲਾਘਾਯੋਗ ਅਤੇ ਲੋਕ-ਉਪਯੋਗੀ ਹੈ।

ਰਤਨ ਸਿੰਘ ਜੱਗੀ

ਪਟਿਆਲਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ

16-11-2014

ਦੀਦਾਰੀ ਹਰਫ਼

ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਦਿੱਖ ਵਾਲਾ ਸੰਸਾਰ ਲਈ ਅਜਿਹਾ ਗਿਆਨ ਦਾ ਮਹਾਂਸਾਗਰ ਹੈ ਜਿਸ ਵਿਚ ਗੁਰੂ ਸਾਹਿਬਾਨ ਦੀ ਰਬੀ ਬਾਣੀ ਤੋਂ ਇਲਾਵਾ ਪ੍ਰਸਿੱਧ ਹਿੰਦੂ ਸੰਤਾਂ, ਮੁਸਲਮਾਨ ਸੂਫੀ ਬਜ਼ੁਰਗਾਂ, ਸ਼ਰਧਾਵਾਨ ਭੱਟਾਂ ਤੇ ਕੁਝ ਪ੍ਰੇਮੀ ਸਿੱਖਾਂ ਦਾ ਕਲਾਮ ਸ਼ਾਮਲ ਹੈ। ਇਸ ਵਿਚ 12ਵੀਂ ਸਦੀ ਤੋਂ ਲੈਕੇ 17ਵੀਂ ਸਦੀ ਤੱਕ ਦੀਆਂ ਭਾਸ਼ਾਵਾਂ/ਉਪਭਾਸ਼ਾਵਾਂ ਦੇ ਅਸਲੀ ਰੂਪ ਵੇਖੇ ਜਾ ਸਕਦੇ ਹਨ। ਗੁਰੂ ਅਰਜਨ ਸਾਹਿਬ ਨੇ ਬੜੀ ਬਰੀਕਬੀਨੀ ਨਾਲ ਬਾਣੀ ਦੀ ਪੁਣ-ਛਾਣ ਕਰਕੇ ਇਸ ਨੂੰ 'ਸੰਪਾਦਨ' ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਨੂੰ ਵਿਸ਼ੇਸ਼ ਤੌਰ ਤੇ ਤਿੰਨ ਭਾਗਾਂ ਵਿਚ ਰੱਖਿਆ ਗਿਆ ਹੈ। ਪਹਿਲੇ ਭਾਗ ਵਿਚ ਰਾਗਾਂ ਤੋਂ ਪਹਿਲਾਂ ਤਿੰਨ ਬਾਣੀਆਂ, ਦੂਜੇ ਵਿਚ ਰਾਗਾਂ ਅਧੀਨ ਬਾਣੀਆਂ ਅਤੇ ਤੀਜੇ ਵਿਚ ਰਾਗ-ਮੁਕਤ ਬਾਣੀਆਂ ਦਰਜ ਕੀਤੀਆਂ ਗਈਆਂ ਹਨ। ਇਸ ਬਾਣੀ ਦਾ ਸੰਚਾਰ ਕਾਵਿਕ ਸਰੂਪ ਵਿਚ ਪ੍ਰਕਾਸ਼ਮਾਨ ਹੋਇਆ ਹੈ। ਇਸ ਬਾਣੀ ਨੂੰ ਧੁਰ ਕੀ ਬਾਣੀ, ਖਸਮ ਕੀ ਬਾਣੀ ਜਾਂ ਇਲਹਾਮੀ ਬਾਣੀ ਆਖਿਆ ਗਿਆ ਹੈ। ਗੁਰੂ ਨਾਨਕ ਸਾਹਿਬ ਮਰਦਾਨੇ ਰਬਾਬੀ ਨੂੰ ਮੁਖਾਤਿਬ ਹੋ ਕੇ ਆਖਦੇ 'ਮਰਦਾਨਿਆ! ਸ਼ਬਦ ਚਿਤਿ ਕਰਿ, ਤਉ ਬਾਝਹੁ ਬਾਣੀ ਸਰਿ ਨਹੀਂ ਆਵਦੀ, ਮਰਦਾਨਿਆ ਰਬਾਬ ਵਜਾਇ'। ਬਾਣੀ ਕਾਵਿਕ-ਸੰਚਾਰ ਸੰਗੀਤ ਰਾਹੀਂ ਪ੍ਰਕਾਸ਼ਮਾਨ ਹੋਕੇ ਬੇਅੰਤ ਤੱਤਾਂ, ਸੰਚਾਰ ਜੁਗਤਾਂ ਅਤੇ ਵਿਧੀਆਂ ਸਮੇਤ ਪ੍ਰਗਟ ਹੁੰਦੀ ਹੈ। ਇਹ ਬਾਣੀ ਜਿਥੇ ਆਪਣੇ ਸੌਂਦਰਯਾਤਮਿਕ ਗੁਣਾਂ ਦੇ ਜਲੌਅ ਰਾਹੀਂ ਪ੍ਰਕਾਸ਼ਮਾਨ ਹੁੰਦੀ ਹੈ ਉੱਥੇ ਵਿਸ਼ਾਲ ਬ੍ਰਹਿਮੰਡੀ ਅੰਤਰ-ਦ੍ਰਿਸ਼ਟੀਆਂ ਦੇ ਅਨੇਕ ਪਸਾਰਾਂ ਰਾਹੀਂ ਦ੍ਰਿਸ਼ਟੀਗੋਚਰ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਗਿਆਨ ਦੇ ਅਨੇਕ ਮੋਤੀ ਸਾਂਭੇ ਪਏ ਹਨ। ਪਿਛਲੇ ਕੁਝ ਵਰ੍ਹਿਆਂ ਵਿਚ ਇਸ ਪ੍ਰਾਜੈਕਟ ਨੂੰ ਲੈ ਕੇ ਲਗਾਤਾਰ ਕਾਰਜਸ਼ੀਲ ਰਿਹਾ ਹਾਂ ਅਤੇ ਇਸ ਦੀ ਸੰਪੂਰਨਤਾ ਤੇ ਨਿੱਜੀ ਮੁਸ਼ੱਕਤ ਦਾ ਸਕੂਨ ਵੀ ਹਾਸਿਲ ਹੋਇਆ ਹੈ। ਇਸ ਗਿਆਨ ਦੇ ਮਹਾਂਸਾਗਰ ਵਿਚ ਜਿਵੇਂ ਜਿਵੇਂ ਵਿਰਸੋਈਆਂ ਚੇਤਨ ਰੂਹਾਂ ਉੱਤਰਨ ਦੀਆਂ ਕੋਸ਼ਿਸ਼ ਕਰਨ ਗਈਆਂ, ਤਿਵੇਂ ਤਿਵੇਂ ਗਿਆਨ ਰੂਪੀ ਹੀਰੇ, ਜਵਾਹਰਾਤ ਆਦਿ ਹੱਥ ਆਉਂਦੇ ਰਹਿਣਗੇ। ਇਸ ਵਿਚ ਗਿਆਨ ਦੀਆਂ ਅਸੀਮ ਪਰਤਾਂ ਸਮਾਈਆਂ ਹੋਈਆਂ ਹਨ, ਜੋ ਵਕਤਨ-ਫੁਵਕਤਨ ਵਿਗਿਆਨੀਆਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ, ਉੱਥੇ ਉਨ੍ਹਾਂ ਦੇ ਸੂਰਤੀ ਮੰਡਲਾਂ ਨੂੰ ਰੋਸ਼ਨਾਉਣ ਦਾ ਆਗਾਜ਼ ਵੀ ਕਰਨਗੀਆਂ। ਅਸਲ ਵਿਚ ਸਮੁੱਚੀ ਬਾਣੀ ਵਿਚ ਰੂਹਾਨੀ ਸਿਧਾਂਤਾਂ ਦੇ ਜਲੌਅ ਪ੍ਰਗਟ ਹੁੰਦੇ ਹਨ।

ਇਸ ਕੋਸ਼ ਵਿਚ ਹਰ ਇੰਦਰਾਜ਼ ਨੂੰ ਸੰਖੇਪ ਰੱਖਣ ਦਾ ਪੂਰਾ ਯਤਨ ਕੀਤਾ ਹੈ ਪਰ ਫਿਰ ਵੀ ਕਈਆਂ ਦੀ ਪੂਛ ਲੰਮੇਰੀ ਹੋ ਗਈ ਹੈ। ਕਈਆਂ ਬਾਰੇ ਵਿਸਤ੍ਰਿਤ ਜਾਣਕਾਰੀ

ਉਪਲੱਬਧ ਕਰਾਉਣੀ ਵੀ ਜ਼ਰੂਰੀ ਸਮਝੀ ਗਈ ਹੈ। ਅਜਿਹੇ ਕੋਸ਼ ਤਿਆਰ ਕਰਨੇ ਵੱਡੀਆਂ ਸੰਸਥਾਵਾਂ ਦੇ ਹੀ ਮੀਰੀ-ਗੁਣ ਹੁੰਦੇ ਹਨ ਪਰ ਕਈ ਵੇਰਾਂ ਸਵਾ ਲੱਖੀ ਸੂਰੇ ਹੀ ਹੱਥ ਪਾ ਲੈਂਦੇ ਹਨ। ਇਸ ਕੋਸ਼ ਵਿਚ ਪ੍ਰਮੁੱਖ ਤੌਰ ਤੇ ਜਿਨ੍ਹਾਂ ਵਿਸ਼ਿਆਂ ਨੂੰ ਤਰਤੀਬਿਆ ਗਿਆ ਹੈ, ਉਹ ਹਨ : ਕੀਟ-ਵਿਗਿਆਨ (Entomology), ਖੇਤੀ-ਵਿਗਿਆਨ (Agriculture), ਗਣਿਤ-ਵਿਗਿਆਨ (Mathematics), ਚਿਕਿਤਸਾ-ਵਿਗਿਆਨ (Medical Sciences), ਪਸ਼ੂ-ਵਿਗਿਆਨ (Animal Sciences), ਪੰਛੀ-ਵਿਗਿਆਨ (Oronthology), ਬਨਸਪਤੀ-ਵਿਗਿਆਨ (Botanical Sciences), ਬ੍ਰਹਿਮੰਡ-ਵਿਗਿਆਨ (Cosmology), ਭੌਤਿਕ-ਵਿਗਿਆਨ (Physics), ਰਸਾਇਣ-ਵਿਗਿਆਨ (Chemistry) ਅਤੇ ਰੁੱਤ-ਵਿਗਿਆਨ (Meterology).

ਕਈ ਵੇਰਾਂ ਇਕ ਵਿਗਿਆਨ ਦੇ ਇੰਦਰਾਜ਼ ਦੂਜੇ ਵਿਗਿਆਨ ਦੇ ਇੰਦਰਾਜ਼ਾਂ ਨਾਲ ਕਰਿੰਗੜੀਆਂ ਮਾਰੇ ਬੈਠੇ ਪ੍ਰਤੀਤ ਹੁੰਦੇ ਹਨ। ਜੇਕਰ ਉਹ ਇੰਦਰਾਜ਼ ਆਪਣੀ ਪਛਾਣ ਬਣਾ ਬੈਠੇ ਹਨ ਤਾਂ ਉਨ੍ਹਾਂ ਨੂੰ ਨਿਖੇੜਨ ਦਾ ਯਤਨ ਛੱਡ ਦਿੱਤਾ ਹੈ। ਮਿਸਾਲ ਦੇ ਤੌਰ ਤੇ ਖੇਤੀ-ਵਿਗਿਆਨ ਦੇ ਕਈ ਇੰਦਰਾਜ਼ ਬਨਸਪਤੀ-ਵਿਗਿਆਨ ਵਿਚ ਸਮਾਏ ਹੋਏ ਹਨ।

ਮੇਰੀ ਇਹ ਕੋਸ਼ਿਸ਼ ਸੀ ਕਿ ਇਸ ਨੂੰ ਸਿਰੜੀ-ਬਿਰਤੀ ਨਾਲ ਤੁਹਾਡੇ ਰੂਬਰੂ ਕਰਾਂ ਪਰ ਆਪਣੀ ਹੰਸਚੋਗ ਬੁੱਧੀ ਰਾਹੀਂ ਪੂਰਨ ਯਤਨ ਕੀਤਾ ਹੈ। ਅਜਿਹੇ ਅਸੀਮਤ ਕੰਮ ਬਾਰੇ ਵਸੂਕ ਨਾਲ ਕਹਿਣਾ ਬੜਾ ਕਠਿਨ ਜਾਪਦਾ ਹੈ। ਵਿਸ਼ਾ-ਕੋਸ਼ ਦੇ ਕਈ ਐਡੀਸ਼ਨ ਛਪਣ ਮਗਰੋਂ ਹੀ ਪਰਮਾਣੀਕ ਬਣਦੇ ਹਨ। ਇਸ ਕੋਸ਼ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬ ਦਿਤੀ ਗਈ ਹੈ ਪਰ ਆਕਾਰ ਪਖੋਂ ਇਹ ਸੁੰਗੜਵਾਂ ਹੀ ਹੈ। ਕੋਸ਼ਾਂ ਦੇ ਸੋਧ-ਕਾਰਜ ਨਿਰੰਤਰ ਚਲਦੇ ਰਹਿੰਦੇ ਹਨ। ਨਵੀਨ ਵਿਗਿਆਨ ਸਮੱਗਰੀ ਦੇ ਸੋਮੇ ਲਗਾਤਾਰ ਫੁੱਟਦੇ ਹੀ ਰਹਿੰਦੇ ਹਨ। ਪੂਰੀ ਕੋਸ਼ਿਸ਼ ਦੇ ਬਾਵਜੂਦ ਕਈ ਵਿਗਿਆਨਿਕ ਇੰਦਰਾਜ਼ ਰਹਿ ਵੀ ਗਏ ਹੋਣਗੇ, ਜੋ ਮੇਰੀ ਬੁੱਧਹੀਨ ਅੱਖ ਪਕੜ ਨਾ ਸਕੀ। ਗੁਰਬਾਣੀ ਚਿੰਤਨ ਦੇ ਵਡੇਰੇ ਪਰਿਪੇਖ ਵਿਚ ਇਹ ਕੋਸ਼ ਕਿਣਕਾ-ਮਾਤਰ ਵਾਧਾ ਕਰੇਗਾ, ਇਹ ਮੇਰਾ ਕਾਮਿਲ ਯਕੀਨ ਹੈ।

ਮੈਂ ਸਿੱਖ ਪੰਥ ਦੇ ਤੁਰੰਤਰ ਵਿਦਵਾਨ ਖੋਜੀ ਡਾ. ਰਤਨ ਸਿੰਘ ਜੱਗੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਆਪਣਾ ਬੇਸ਼-ਕੀਮਤੀ ਸਮਾਂ ਕੱਢ ਕੇ ਇਸ ਕੋਸ਼ ਲਈ 'ਦੋ ਸ਼ਬਦ' ਲਿਖੇ ਹਨ। ਮੈਂ ਆਪਣੇ ਚਿੰਤਕ ਵੀਰ ਡਾ. ਗੁਰਮੇਲ ਸਿੰਘ ਦਾ ਵੀ ਮਸ਼ਗੂਰ ਹਾਂ ਜੋ ਲਗਾਤਾਰ ਇਸ ਨੂੰ ਸੰਪੂਰਨ ਕਰਨ ਦੀ ਹਲਾਸ਼ੇਰੀ ਦੇਂਦੇ ਰਹੇ ਅਤੇ ਕੁਝ ਸਤਰਾਂ ਲਿਖ ਕੇ ਭੇਜੀਆਂ। ਇਹ ਕੋਸ਼ ਵਿਦਵਾਨਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦੇ ਸਨਮੁਖ ਭੇਟ ਕਰ ਕੇ, ਉਨ੍ਹਾਂ ਦੇ ਸਾਰਥਕ ਅਤੇ ਨਵੀਨ ਸੁਝਾਵਾਂ ਦੀ ਆਮਦ ਲਈ, ਖੁਸ਼-ਆਮਦੀਦ ਆਖਾਂਗਾ।

ਅਕਾਲ ਸਹਾਇ!

ਜਸਬੀਰ ਸਿੰਘ

ਵਿਸ਼ੇ ਅਨੁਕ੍ਰਮ

ਕੀਟ-ਵਿਗਿਆਨ
(Entomology)

ਅਕਟਿੱਡਾ

ਅਕਟਿੱਡਾ (Grass Hopper) ਇਕ ਅਜਿਹਾ ਟਿੱਡਾ ਹੈ ਜੋ ਆਮ ਤੌਰ 'ਤੇ ਅੱਕ ਤੇ ਰਹਿੰਦਾ ਹੈ। ਅੱਕ ਦਾ ਬੂਟਾ ਆਮ ਥਾਵਾਂ 'ਤੇ ਉੱਗ ਆਉਂਦਾ ਹੈ। ਇਸ ਦਾ ਰੰਗ ਹਰਾ ਪੀਲਾ ਹੁੰਦਾ ਹੈ। ਇਸ ਦੀਆਂ ਵੱਡੀਆਂ ਟੰਗਾਂ, ਟਪੂਸੀ ਮਾਰਨ ਲਈ ਬੜੀ ਸਹਾਇਤਾ ਕਰਦੀਆਂ ਹਨ। ਇਸ ਦੀ ਲੰਬਾਈ 3-4 ਇੰਚ ਤੱਕ ਹੁੰਦੀ ਹੈ। ਇਹ ਫ਼ਸਲਾਂ ਦੇ ਕਈ ਛੋਟੇ ਕੀੜੇ-ਮਕੌੜੇ ਖਾਂਦਾ ਹੈ। ਇਸ ਦੀ ਮਦੀਨ ਅੰਡੇ ਜ਼ਮੀਨ ਤੇ ਹੀ ਦਿੰਦੀ ਹੈ।

ਅਕ ਸਿਉ ਪ੍ਰੀਤਿ ਕਰੇ **ਅਕਤਿਡਾ** ਅਕ ਡਾਲੀ ਬਹਿ ਖਾਇ॥

—ਮਲਾ ੧, ਵਾਰ ੧੯ਸ, ੧, ੨: ੧ (1286)

ਰਥ ਫਿਰੈ ਛਾਇਆ ਧਨ ਤਾਕੈ **ਟੀਡੁ** ਲਵੈ ਮੰਝਿ ਬਾਰੇ॥

—ਤੁਖਾ ੧, ਬਾਰਾ ੮ : ੪ (1108)

ਸੱਪ

ਸੱਪ (Snake) ਇਕ ਘਸਰ ਕੇ ਚਲਣ ਵਾਲਾ ਜੀਵ ਹੈ, ਜੋ ਲੱਤਾਂ ਰਹਿਤ ਹੁੰਦਾ ਹੈ। ਇਹ ਪੇਟ ਦੀਆਂ ਹੱਡੀਆਂ ਦੇ ਜ਼ੋਰ ਨਾਲ ਤੇਜ਼ ਚਲਦਾ ਹੈ। ਸੰਸਾਰ ਵਿਚ ਇਸ ਦੀਆਂ ਤਕਰੀਬਨ 2700 ਕਿਸਮਾਂ ਹਨ। ਇਸ ਦੀ ਲੰਬਾਈ 4 ਇੰਚ ਤੋਂ ਲੈ ਕੇ 30 ਫੁੱਟ ਤੱਕ ਹੁੰਦੀ ਹੈ। ਕਈ ਸੱਪ ਜ਼ਹਿਰੀਲੇ ਹੁੰਦੇ ਹਨ। ਗੁਰਬਾਣੀ ਵਿਚ ਇਸ ਜੀਵ ਲਈ ਜੋ ਸ਼ਬਦ ਆਏ ਹਨ ਉਨ੍ਹਾਂ ਵਿਚ ਭੁਅੰਗ, ਭੁਅੰਗਾ, ਸਰਪ, ਸਰਪਨੀ, ਨਾਗਨੀ, ਨਾਗ, ਬਿਸੀਅਰੁ ਆਦਿ ਜ਼ਿਕਰਯੋਗ ਹਨ। ਅਜਗਰ ਵੱਡਾ ਸੱਪ ਹੁੰਦਾ ਹੈ ਜੋ ਹਿਰਨ ਜਾਂ ਬਕਰੇ ਨੂੰ ਜੀਉਂਦਾ ਨਿਗਲ ਜਾਂਦਾ ਹੈ। ਬ੍ਰਿਛਾਂ ਉੱਤੇ ਬੈਠਾ ਅਜਗਰ ਹੇਠੋਂ ਲੰਘਦੇ ਸ਼ਿਕਾਰ ਨੂੰ ਵੇਖ ਉਸ ਉੱਤੇ ਡਿਗ ਪੈਂਦਾ ਹੈ ਅਤੇ ਕੁੰਡਲਾਂ ਵਿਚ ਘੁਟ ਕੇ ਮਾਰ ਦਿੰਦਾ ਹੈ।

ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ ਸਾਧਿ **ਅਜਗਰੁ** ਜਿਨਿ ਕੀਆ ਉਨ ਮਾਨ॥ —ਸਵ ੨, ੪ : ੧ (1391)

ਅਣਹੋਦਾ **ਅਜਗਰੁ** ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ॥

—ਆਸਾ ੫, ੧੦, ੧ : ੨ (373)

ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ॥

—ਮਾਰੂ ੧, ਅਸ ੨, ੪ : ੧ (1009)

ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥

—ਸੂਹੀ ੩, ਅਸ ੩, ੧੬ : ੨ (755)

ਚਿਤਿ ਨ ਆਇਓ ਪਾਰਬ੍ਰਹਮ ਤਾ **ਸਰਪ** ਕੀ ਜੂਨਿ ਗਇਆ॥

—ਸਿਰੀ ੫, ਅਸ ੨੬, ੬ : ੪ (70)

ਇਉ **ਸਰਪਨਿ** ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥

—ਸਿਰੀ ੧, ਅਸ ੧੫, ੭ : ੨ (63)

ਸਰਪਨੀ ਤੇ ਊਪਰਿ ਨਹੀ ਬਲੀਆ॥

—ਆਸਾ ਕਬ, ੧੯, ੧ : ੨ (480)

ਮਾਇਆ **ਭੁਇਅੰਗਮੁ** ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥

—ਸਲੋ ੩, ੨੨ : ੧ (1415)

ਸਾ **ਸਾਪਨਿ**-ਹੋਇ ਜਗ ਕਉ ਖਾਈ॥

—ਗਉ ਕਬ, ੩੦, ੨ : ੨ (329)

ਵਰਮੀ ਮਾਰੀ **ਸਾਪੁ** ਨ ਮਰਈ ਨਾਮੁ ਨ ਸੁਨਈ ਡੋਰਾ।

—ਆਸਾ ੫, ੪੨, ੧ : ੨ (381)

ਗਾਵੈ ਗੁਣ **ਸੇਸੁ** ਸਹਸ ਜਿਹਬਾ ਰਸ ਆਦਿ ਅੰਤ ਲਿਵ ਲਾਗਿ ਧੁਨਾ॥

—ਸਵ ੧, ੫ : ੨ (1390)

ਸਨਕਾਦਿਕ ਨਾਰਦ ਮੁਨਿ **ਸੇਖਾ**॥

—ਗਉ ਕਬ, ਅਸ ੩੬, ੩ : ੧ (330)

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥

—ਆਸਾ ਨਾਮ, ੪, ੧ : ੧ (485)

ਕੇਤੇ **ਨਾਗ** ਕੁਲੀ ਮਹਿ ਆਏ ਕੇਤੇ ਪੰਖ ਉਡਾਏ॥

—ਗਉ ੧, ੧੮, ੨ : ੨ (156)

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥

—ਗਉ ੧, ੧੯, ੪ : ੧ (157)

ਮਾਇਆ ਹੋਈ **ਨਾਗਨੀ** ਜਗਤਿ ਰਹੀ ਲਪਟਾਇ॥

—ਗੂਜ ੫, ਵਾਰ ੫ਸ, ੩, ੨ : ੧ (510)

ਨਾਗਾ ਮਿਰਗਾ ਮਛੀਆ ਰਸੀਆ ਘਰਿ ਧਨੁ ਹੋਇ॥

—ਮਲਾ ੧, ਵਾਰ ੨ਸ, ੧, ੧ : ੨ (1279)

ਗੁਣ ਗਾਵਹਿ ਪਯਾਲਿ ਭਗਤ ਨਾਗਾਦਿ **ਭੁਯੰਗਮ**॥

—ਸਵ ੧, ੯ : ੧ (1390)

ਮੰਤ੍ਰੀ ਹੋਇ ਅਠੂਹਿਆ **ਨਾਗੀ** ਲਗੈ ਜਾਇ॥

—ਮਾਝ ੧, ਵਾਰ ੨੨ਸ, ੨, ੧ : ੧ (148)

ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ॥

—ਗਉ ੪, ੬੧, ੩ : ੨ (171)

ਬਿਨੁ ਗੁਰ **ਬਿਸੀਅਰੁ** ਡਸੈ ਮਰਿ ਵਾਟ॥

—ਰਾਮ ੧, ਸਿਗੋ ੩੮ : ੫ (942)

ਰਾਜ **ਭੁਇਅੰਗ** ਪ੍ਰਸੰਗ ਜੈਸੇ ਹਰਿ ਅਬ ਕਛੁ ਮਰਮੁ ਜਨਾਇਆ॥

—ਸੋਰ ਰਵਿ, ੧, ੩ : ੧ (658)

ਭੁਇਅੰਗਨਿ ਬਸਰੀਆ॥

—ਬਿਹਾ ੫, ੧, ੧ : ੨ (537)

ਮਾਇਆ ਬਿਖੁ **ਭੁਇਅੰਗਮ** ਨਾਲੇ॥

—ਮਾਰੂ ੧, ਸੋਲ ੮, ੧੩ : ੨ (1029)

ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮ ਕੰਕਰ **ਭੁਇਅੰਗਾ**॥

—ਆਸਾ ੪, ੫੯, ੧ : ੨ (367)

ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ॥

—ਮਲਾ ੧, ੧, ੧:੪ (1255)

ਆਜੁ ਕਾਲਿਜ਼ ਤਜਿ ਜਾਹੁ ਗੇ ਜਿਉ ਕਾਚੁਰੀ **ਭੁਯੰਗ**॥

—ਸਲੋ ਕਬ, ੪੦ : ੨ (1366)

ਦਸਨ ਬਿਹੂਨ **ਭਯੰਗੰ** ਮੰਤ੍ਰੰ ਗਾਰੁੜੀ ਨਿਵਾਰੰ॥

—ਗਾਥਾ ੫, ੧੬ : ੧ (1361)

ਮਲਿ ਆਗਰੁ **ਭੁਯੰਗਮ** ਬੇਢਿਓ ਤ ਸੀਤਲਤਾ ਨ ਤਜੰਤ॥

—ਸਲੋ ਕਬ, ੧੭੪ : ੨ (1373)

ਕਬੀਰ ਬਿਰਹੁ **ਭੁਯੰਗਮੁ** ਮਨਿ ਬਸੈ ਮੰਤੁ ਨ ਮਾਨੈ ਕੋਇ॥

—ਸਲੋ ਕਬ, ੭੬ : ੧ (1368)

ਅਜਗਰ ਕਪਟੁ ਕਹਹੁ ਕਿਉ ਖੁਲੇ ਬਿਨੁ ਸਤਿਗੁਰ ਤਤੁ ਨ ਪਾਇਆ।

—ਮਾਰੂ ੧, ੧੧ : ੩ (1043)

ਹਟੂਆ

ਰੇਸ਼ਮ ਦਾ ਕੀੜਾ (Silk Worm) ਭਾਉਰਾ, ਜਾਲ

ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ **ਹਟੂਆ**।

—ਸਮੁ ੫, ੧੧ : ੩ (1389)

ਕੀੜਾ/ਕੀਟ

ਕੀੜਾ (Worm) ਜਾਨਵਰਾਂ ਦੀ ਚੌਥੀ ਸ਼੍ਰੇਣੀ ਆਰਥੋਪੋਡਾ (ਸ਼੍ਰੇਣੀ : ਇਨਸੈਕਟਾ) ਹਨ। ਇਹ ਆਮ ਤੌਰ 'ਤੇ ਘਿਸਰ ਕੇ ਤੁਰਦੇ ਹਨ। ਪੰਜਾਬੀ ਵਿਚ ਇਸ ਨੂੰ ਕਿਰਮ, ਘੁਣ, ਸਿਉਂਕ, ਕੰਸੁਆ, ਢੋਗ, ਸਸਰਾ, ਸੁਸਰੀ, ਕੀੜੀ, ਕੀੜੇ, ਕੀਰਾ, ਕੀਰੀ, ਕੀਰੇ, ਪਪੀਲਕਹ, ਪਪੀਲਕਾ, ਕੀਟ, ਕੀਟਾ, ਕੀਟੀ ਆਦਿ ਕਰਕੇ ਵੀ ਲਿਖਿਆ ਹੋਇਆ ਹੈ।

ਇਨ੍ਹਾਂ ਦਾ ਸਰੀਰ ਕਫ਼ੀ ਨਰਮ ਤੇ ਨਾਜ਼ੁਕ ਹੁੰਦਾ ਹੈ। ਇਸ ਦੀਆਂ ਜਿਉਂਦਿਆਂ ਜਾਤੀਆਂ ਦੀ ਕੁੱਲ ਗਿਣਤੀ 2,000,000 ਤੋਂ 5,000,000 ਆਖੀ ਜਾਂਦੀ ਹੈ। ਕੀਟ ਹਰ ਤਰ੍ਹਾਂ ਦੀ ਜ਼ਮੀਨ ਅਤੇ ਅਲੂਣੇ ਪਾਣੀ ਵਿਚ ਰਹਿ ਸਕਦੇ ਹਨ, ਜਿੱਥੇ ਇਨ੍ਹਾਂ ਨੂੰ ਖ਼ੁਰਾਕ ਮਿਲਦੀ ਰਹਿੰਦੀ ਹੈ।

ਹਮ ਕੀਰੇ **ਕਿਰਮ** ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥

—ਗੂਜ ੪, ਸੋਦ ੪, ੧ : ੨ (10)

ਦਇਆ ਕਰਹੁ **ਕਿਰਮ** ਅਪੁਨੇ ਕਉ ਇਹੈ ਮਨੋਰਥ ਸੁਆਉ॥

—ਆਸਾ ੫, ੧੩੯, ੨ : ੧ (406)

ਜਬ ਜਰੀਐ ਤਬ ਹੋਇ ਭਸਮ ਤਨੁ ਰਹੈ **ਕਿਰਮ ਦਲ** ਖਾਈ॥

—ਸੋਰ ਕਬ, ੨, ੧ : ੧ (654)

ਰਕਤ **ਕਿਰਮ** ਮਹਿ ਨਹੀ ਸੰਘਾਰਿਆ॥

—ਮਾਰੂ ੫, ਸੋਲਾ ੧੩, ੨ : ੨ (1084)

ਸੰਤਨ ਕੈ ਦੂਖਨਿ ਤ੍ਰਿਗਦ ਜੋਨਿ **ਕਿਰਮਾਇ**॥

—ਗਉ ੫, ਸੁਖ ੧੩, ੨ : ੪ (270)

ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ **ਕਿਰਮਾਇਣਾ**॥

—ਮਾਰੂ ੫, ਸੋਲਾ ੭, ੧੨ : ੩ (1078)

ਹਰਿ ਹਰਿ ਬਖਸਿ ਮਿਲਾਇ ਪ੍ਰਭੁ ਜਨੁ ਨਾਨਕੁ **ਕੀਰਾ**॥

—ਗਉ ੩, ੩੭, ੪ : ੪ (163)

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ **ਕੀਰਾ**॥

—ਆਸਾ ਰਵਿ, ੩, ੨ : ੧ (486)

ਨੀਕੀ **ਕੀਰੀ** ਮਹਿ ਕਲ ਮਖੈ॥

—ਗਉ ੫, ਸੁਖ ੧੭, ੫ : ੧ (285)

ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ **ਕੀਰੇ**॥

—ਜੈਤ ੫, ਵਾਰ ੬ : ੫ (707)

ਸੁਲਤਾਨ ਖਾਨ ਕਰੇ ਖਿਨ **ਕੀਰੇ**॥

—ਮਾਰੂ ੫, ਸੋਲਾ ੧, ੪ : ੧ (1071)

ਬਿਖੁ ਕਾ **ਕੀੜਾ** ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ॥

—ਮਾਝ ੩, ਅਸ ੩੦, ੪ : ੩ (127)

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥

—ਮਾਝ ੧, ਵਾਰ ੧੪ ਸ, ੧, ੧ : ੪ (144)

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥

—ਜਪੁ ੧, ੨੩ : ੪ (5)

ਵਿਸਟਾ ਕੇ **ਕੀੜੇ** ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ॥

—ਸਿਰੀ ੩, ੩੮, ੨ : ੩ (28)

ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ **ਕੀੜੇ**॥

—ਜੈਤ ੪, ੬, ੪ : ੧ (698)

ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ **ਕ੍ਰਿਮ** ਜੰਤਾ॥

—ਸੋਰ ੪, ਵਾਰ ੨੦ : ੪ (650)

ਕਦਾਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ **ਕ੍ਰਿਮਹ**॥

—ਜੈਤ ੫, ਵਾਰ ੬ ਸ, ੫, ੧ : ੨ (707)

ਏਤਾ ਗਬੁ ਅਕਾਸਿ ਨ ਗਾਵਤ ਬਿਸਟਾ ਅਸਤੁ **ਕ੍ਰਿਮਿ** ਉਦਰੁ ਭਰਿਓ ਹੈ॥

—ਸਮੁ ੫, ੮ : ੨ (1388)

ਕਹਿ ਕਬੀਰ ਕੁਲ ਜਾਤਿ ਪਾਂਤਿ ਤਕਿ **ਚੀਟੀ** ਹੋਇ ਚੁਨਿ ਖਾਈ॥

—ਰਾਮ ਕਬ, ੧੨, ੨ : ੨ (972)

ਏਕਲ ਮਾਟੀ ਕੁੰਜਰ **ਚੀਟੀ** ਭਾਜਨ ਹੈ ਬਹੁ ਨਾਨਾ ਰਹੇ॥

—ਮਾਲੀ ਨਾਮ ੩, ੧ : ੧ (988)

ਕਛੂਆ

ਕਛੂਆ (Tortoise) ਨੂੰ ਪੰਜਾਬੀ ਵਿਚ ਕੱਛ, ਕੱਛੂ-ਕੰਮਾ, ਕਛੱਪੀ (ਕੱਛੂ ਦੀ ਮਦੀਨ) ਕਛੂਈ, ਕਛਵੀ, ਕਛੱਪ ਵੀ ਆਖਿਆ ਜਾਂਦਾ ਹੈ। ਕਛੂਕੁਮਾ, ਇਕ ਜੀਵ ਹੈ ਜਿਸ ਦੀ ਆਯੂ ਵਿਗਿਆਨੀਆਂ ਅਨੁਸਾਰ 150-170 ਸਾਲ ਹੁੰਦੀ ਹੈ। ਸੰਸਾਰ ਵਿਚ ਇਸ ਦੀਆਂ 50 ਜਾਤੀਆਂ ਪ੍ਰਸਿੱਧ ਹਨ। ਇਸ ਜੀਵ ਦਾ ਸਿਰ ਛੋਟਾ, ਗੋਲ-ਪੈਰ ਅਤੇ ਖੋਲ (ਕੱਛ) ਹੁੰਦੇ ਹਨ। 'ਮਹਾਨਕੋਸ਼' ਅਨੁਸਾਰ "ਕੱਛਪ-ਕੱਛੂ, ਨਿਰੁਕਤ ਨੇ ਅਰਥ ਕੀਤਾ ਹੈ ਕਿ ਕੱਛ (ਖੋਲ) ਜਿਸ ਦੀ (ਰਖਯਾ) ਕਰੇ, ਉਹ ਕੱਛਪ ਹੈ। ਕੱਛੂ ਦੇ ਜਿਸਮ ਤੇ ਕਰੜਾ ਖੋਲ (ਗਿਲਾਫ਼) ਹੁੰਦਾ ਹੈ।" ਕਈ ਦੇਸ਼ਾਂ ਵਿਚ ਇਹ ਜ਼ਮੀਨ ਅਤੇ ਪਾਣੀ ਵਿਚ ਵਿਚਰਦਾ ਹੈ। ਗੁਰਬਾਣੀ ਵਿਚ ਇਸ ਨੂੰ ਕਛੂਆ, ਕੁੰਮੀ, ਕੂਰਮਾ, ਕਰਕੇ ਲਿਖਿਆ ਹੈ।

ਘਰਿ ਘਰਿ ਮੁਸਰੀ ਮੰਗਲੁ ਗਾਵਹਿ **ਕਛੂਆ** ਸੰਖੁ ਬਜਾਵੈ॥

—ਆਸਾ ਕਬ, ੬, ੨ : ੨ (477)

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥

—ਆਸਾ ਧੰਨਾ, ੩, ੨ : ੧ (488)

ਜਾ ਕੈ ਘਰਿ **ਕੂਰਮਾ** ਪਾਲੁ ਸਹਸੁਫਨੀ ਬਾਸਕੁ ਸੇਜ ਵਾਲੂਆ॥

—ਮਲਾ ਨਾਮ, ੧, ੪ : ੨ (1292)

ਮਛੁ ਕਛੁ **ਕੂਰਮ** ਆਗਿਆ ਅਉਤਰਾਸੀ॥

—ਮਾਰੂ ੫, ਸੋਲਾ ੧੧, ੮ : ੨ (1082)

ਚਕਚੂੰਦਰ

ਚਕਚੂੰਦਰ (Muskrat) ਚੂਹੇ ਦੀ ਇਕ ਜਾਤਿ ਹੈ। ਪੰਜਾਬੀ ਵਿਚ ਇਸ ਨੂੰ ਘੀਸ ਵੀ ਆਖਦੇ ਹਨ। ਇਹ ਚੂਹੇ ਨਾਲੋਂ ਬਹੁਤ ਵੱਡੀ ਹੁੰਦੀ ਹੈ। ਪੰਜਾਬੀ ਕੋਸ਼ਾਂ ਵਿਚ ਇਸ ਨੂੰ ਚਕਚੁੰਧਰ, ਚਕਚੂੰਧਰ ਕਰਕੇ ਵੀ ਲਿਖਿਆ ਹੈ। ਇਹ ਰਾਤ ਨੂੰ ਘਰਾਂ ਵਿਚ ਦਿਖਾਈ ਦਿੰਦਾ ਹੈ। ਇਸ ਦਾ ਬਦਨ ਪਤਲਾ ਪਰ ਬੂਥੀ ਲੰਮੀ ਹੁੰਦੀ ਹੈ।

ਬੈਠਿ ਸਿੰਘੁ ਘਰਿ ਪਾਨ ਲਗਾਵੈ **ਘੀਸ** ਗਲਉਰੇ ਲਿਆਵੈ॥

—ਆਸਾ ਕਬ, ੬, ੨ : ੧ (477)

ਚੂਹਾ

ਚੂਹਾ (rat) ਇਕ ਲੰਮੀ ਪੂਛ ਵਾਲਾ ਪ੍ਰਸਿੱਧ ਜੀਵ ਹੈ ਜੋ ਖੁੱਡਾਂ ਵਿਚ ਨਿਵਾਸ ਰੱਖਦਾ ਹੈ। ਇਹ ਖ਼ਾਸ ਕਰਕੇ ਅਨਾਜ/ਦਾਣਿਆਂ ਦਾ ਬਹੁਤ ਨੁਕਸਾਨ ਕਰਦਾ ਹੈ। ਇਨ੍ਹਾਂ ਦੀ ਪ੍ਰਜਣਨ ਸ਼ਕਤੀ ਵਧੇਰੇ ਹੁੰਦੀ ਹੈ। ਇਨ੍ਹਾਂ ਦੇ ਕੰਨ ਵੱਡੇ ਅਤੇ ਅੱਖਾਂ ਵੀ ਵੱਡੀਆਂ ਹੁੰਦੀਆਂ ਹਨ। ਲੰਮਾ ਬੂਥਾ, ਲੰਮੀਆਂ ਟੰਗਾਂ ਅਤੇ ਹੱਥ ਹੁੰਦੇ ਹਨ। ਉਹ ਆਪਣੇ ਮਜਬੂਤ ਦੰਦਾਂ ਨਾਲ ਖੁਰਾਕ ਦਾ ਆਹਾਰ ਕਰਦੇ ਹਨ। ਗੁਰਬਾਣੀ ਵਿਚ ਇਸ ਨੂੰ ਉਂਦਰ, ਮੂਸਾ, ਮੂਸਾਈ, ਚੂਹਾ, ਮੂਸਰੀ ਕਰਕੇ ਲਿਖਿਆ ਹੈ।

ਊਦਰ ਦੂੰਦਰ ਪਾਸਿ ਧਰੀਜੈ॥

—ਰਾਮ ੫, ਅਸ ੫, ੮ : ੧ (905)

ਜਮੁ **ਚੂਹਾ** ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ॥

—ਗਉ ੪, ਵਾਰ ੯ਸ, ੪, ੧ : ੫ (304)

ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥

—ਮਲਾ ੧, ੧, ੧ : ੨ (1286)

ਰੇ ਮਨ **ਮੂਸ** ਬਿਲਾ ਮਹਿ ਗਰਬਤ ਕਰਤਬ ਕਰਤ ਮਹਾ ਮੁਘਨਾ॥

—ਸਮੁ, ੫, ੪ : ੧ (1387)

ਘਰ ਘਰਿ **ਮੁਸਰੀ** ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥

—ਆਸਾ ਕਬ, ੬, ੨ : ੨ (477)

ਆਵ ਘਟੈ ਨਰੁ ਨ ਬੁਝੈ ਨਿਤਿ **ਮੂਸਾ** ਲਾਜੁ ਟੁਕਾਇ॥

—ਸਿਰੀ ੪, ੭੦, ੧ : ੨ (41)

ਜੈਸੇ ਕਾਗਦ ਕੇ ਭਾਰ **ਮੂਸਾ** ਟੂਕਿ ਗਵਾਵਤ ਕਾਮਿ ਨਹੀ ਗਾਵਾਰੀ॥

—ਧਨਾ ੫, ੪੨, ੧ : ੨ (681)

ਜੂਆਂ

ਜੂਆਂ (Louse) ਇਕ ਛੋਟੇ ਕਿਰਮ ਹੁੰਦੇ ਹਨ। ਗੁਰਬਾਣੀ ਵਿਚ ਇਸ ਨੂੰ ਜੂਈ ਕਰਕੇ ਲਿਖਿਆ ਹੈ।

ਮਲੁ **ਜੂਈ** ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥ —ਗਉ ੪, ਵਾਰ ੧੨ ਸ, ੪, ੧ : ੧ (306)

ਜੋਕ

(ਸੰ : ਜਲੌਕਾ) ਇਹ ਜਲ ਜਾਂ ਨਮੀ ਵਾਲੀਆਂ ਥਾਵਾਂ ਵਿਚ ਰਹਿਣ ਵਾਲਾ ਕਿਰਮ ਹੈ, ਜੋ ਥੈਲੀ ਦੀ ਸ਼ਕਲ ਦਾ ਹੁੰਦਾ ਹੈ ਤੇ ਪਸ਼ੂਆਂ ਦੇ ਸਰੀਰ ਨੂੰ ਚਿੰਬੜ ਕੇ ਖ਼ੂਨ ਚੂਸ ਲੈਂਦਾ ਹੈ। ਪੁਰਾਣੇ ਸਮੇਂ ਵਿਚ ਵੈਦ ਜਾਂ ਜਰਾਹ ਕਿਸੇ ਵਿਅਕਤੀ ਦੇ ਗੰਦੇ ਲਹੂ ਨੂੰ ਕੱਢਣ ਲਈ ਨਿਸਚਿਤ ਥਾਂ 'ਤੇ ਜੋਕ ਨੂੰ ਚਿਪਕਾ ਦਿੰਦੇ ਸਨ ਅਤੇ ਜੋਕ ਗੰਦਾ ਲਹੂ ਚੂਸ ਕੇ ਹਟ ਜਾਂਦੀ ਸੀ।

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ **ਜੋਕ**॥

—ਸਾਰ ਸੂਰ ੧, ੨ : ੧ (1253)

ਡੱਡੂ

ਡੱਡੂ ਜਾਂ ਮੇਂਡਕ (Frog) ਪਾਣੀ ਵਿਚ ਰਹਿਣ ਵਾਲਾ ਦੁਮ ਰਹਿਤ ਇਕ ਜੀਵ ਹੈ। ਇਸ ਦੀ ਲੰਬਾਈ 1-30 ਸੈਂਟੀਮੀਟਰ ਹੁੰਦੀ ਹੈ। ਸੰਸਾਰ ਵਿਚ ਇਸ ਦੀਆਂ 4400 ਜਾਤੀਆਂ ਹਨ। ਇਹ ਛੋਟੇ ਛੋਟੇ ਕੀੜੇ-ਮਕੌੜੇ ਅਤੇ ਪਤੰਗਿਆਂ ਨੂੰ ਖਾਂਦਾ ਹੈ। ਗੁਰਬਾਣੀ ਵਿਚ ਇਸ ਨੂੰ ਦਾਦਰ, ਮੀਡਕੋ ਆਦਿ ਆਖਿਆ ਗਿਆ ਹੈ।

ਮਨੁ ਮੁਗਧੌ **ਦਾਦਰੁ** ਭਗਤਿ ਹੀਨੁ॥

—ਬਸੰ ੧, ਆਸ ੨, ੩ : ੧ (1188)

ਜਿਉ ਭਏ **ਦਾਦੁਰ** ਪਾਨੀ ਮਾਹੀ॥

—ਗਉ ਕਬ, ੫, ੧ : ੨ (324)

ਦਾਦਰ ਤੂ ਕਬਹਿ ਨ ਜਾਨਸਿ ਰੇ॥

—ਮਾਰੂ ੧, ੪, ੧ : ੧ (990)

ਐਬ ਤਨਿ ਚਿਕੜੋ ਇਹੁ ਮਨੁ **ਮੀਡਕੋ** ਕਮਲ ਕੀ ਸਾਰ ਨਹੀ ਮੂਲਿ ਪਾਣੀ॥

—ਸਿਰੀ ੧, ੨੭, ੨ : ੧ (24)

ਜਲ ਕੈ ਮਜਨਿ ਜੇ ਗਤਿ ਹੋਵੈ ਨਿਤਿ ਨਿਤ **ਮੇਡੁਕ** ਨਾਵਹਿ॥

—ਆਸਾ ਕਬ, ੩੭, ੨ : ੧ (484)

ਬਿੱਛੂ

ਬਿੱਛੂ (Scorpion) ਨੂੰ ਬਿਛੂਆ ਜਾਂ ਠੂਹਾਂ ਵੀ ਆਖਿਆ ਜਾਂਦਾ ਹੈ। ਇਹ ਇਕ ਪ੍ਰਕਾਰ ਦਾ ਜ਼ਹਿਰੀਲਾ ਕੀੜਾ ਹੈ ਜਿਸ ਦੇ ਅੱਠ ਪੈਰ ਹੁੰਦੇ ਹਨ ਅਤੇ ਦੰਦਾਂ ਤੋਂ ਜ਼ਹਿਰੀਲਾ ਡੰਗ ਮਾਰਦਾ ਹੈ। ਇਹ ਪੂਛ ਰਾਹੀਂ ਵੀ ਜ਼ਹਿਰੀਲਾ ਡੰਗ ਮਾਰਦਾ ਹੈ। ਇਹ ਬਹੁਤਾ ਰਾਤ ਸਮੇਂ ਨਿਕਲਦਾ ਹੈ। ਇਸ ਦੀ ਖ਼ੁਰਾਕ ਪਤੰਗੇ ਆਦਿ ਕੀੜੇ ਹੁੰਦੇ ਹਨ। ਕਈ ਆਕਾਰ ਪੱਖੋਂ 7.5 ਇੰਚ ਤੱਕ ਹੁੰਦੇ ਹਨ। ਸੰਸਾਰ ਵਿਚ ਇਸ ਦੀਆਂ ਇਕ ਹਜ਼ਾਰ ਤੋਂ ਵੱਧ ਜਾਤੀਆਂ ਹਨ। ਕਈ ਬਿੱਛੂ ਚੂਹਾ, ਕਿਰਲੀ ਆਦਿ ਨੂੰ ਵੀ ਖਾ ਲੈਂਦੇ ਹਨ।

ਨਾਮੁ ਸੁਨਤ ਜਨੁ **ਬਿਛੂਅ** ਡਸਾਨਾ॥

—ਰਾਮ ੫, ੩੨, ੨ : ੪ (893)

ਸਾਕਤ ਬਚਨ **ਬਿਛੂਆ** ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥

—ਨਟ ੪, ਅਸ ੩, ੫ : ੨ (982)

ਮੰਤ੍ਰੀ ਹੋਇ **ਅਠੂਹਿਆ** ਨਾਗੀ ਲਗੈ ਜਾਇ॥

—ਮਾਝ ੧, ਵਾਰ ੨੨ਸ, ੨ : ੧ : ੧ (148)

ਤਿੱਤਲੀ

ਤਿੱਤਲੀ (Butterfly) ਇਕ ਛੋਟਾ ਜੀਵ ਹੈ ਜੋ ਫੁਲਾਂ ਦਾ ਰਸ ਚੂਸਦਾ ਹੈ। ਗੁਰਬਾਣੀ ਵਿਚ ਇਸ ਨੂੰ ਭਾਭੀਰੀ ਆਖਿਆ ਗਿਆ ਹੈ।

ਭਾਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥

—ਸੋਰ ੫, ੬੧, ੩ : ੨ (624)

ਭੌਰਾ

ਭੌਰਾ (Bumble Bee) ਭੌਰ ਜਾਂ ਭਵਰ ਕਾਲੇ ਰੰਗ ਦਾ ਭੂੰਡ ਹੁੰਦਾ ਹੈ ਜੋ ਫੁਲਾਂ ਤੇ ਮਸਤ ਰਹਿੰਦਾ ਹੈ। ਕਈ ਵਾਰ ਸ਼ਹਿਦ ਦੀ ਮੱਖੀ ਨੂੰ ਵੀ ਭੌਰਾ ਆਖਦੇ ਹਨ। ਫੁੱਲਾਂ ਤੇ ਭ੍ਰਮਣ ਵਾਲੇ ਨੂੰ ਭ੍ਰਮਰ ਵੀ ਆਖਦੇ ਹਨ। ਇਹ ਧਰਤੀ ਜਾਂ ਬ੍ਰਿਛਾਂ ਤੇ ਡੁੰਡਾਂ ਵਿਚ ਰਹਿੰਦੇ ਹਨ ਜਿਥੇ ਰਾਣੀ ਭੌਰ ਅੰਡੇ ਦਿੰਦੀ ਹੈ। ਇਹ ਇਕ ਇੰਚ (2.5 ਸੈਂਟੀਮੀਟਰ) ਤੱਕ ਲੰਮਾ ਹੁੰਦਾ ਹੈ। ਗੁਰਬਾਣੀ ਵਿਚ ਇਸ ਨੂੰ ਅਲੀਅਲ, ਅਲਿ, ਭ੍ਰਿੰਗ, ਭ੍ਰਿੰਗੀ, ਭਵਰਲਾ, ਭੰਵਰਾ, ਭਵਰੁ, ਭਵਰਹ, ਭੌਰ, ਭੰਵਾਰੀ ਆਦਿ ਲਿਖਿਆ ਹੈ।

ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹੁਨ ਨ ਜਾਈ॥

—ਆਸਾ ੪, ੬੭, ੧ : ੨ (370)

ਅਬ ਉਰਝਿਓ **ਅਲਿ** ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਹਿ ਟਰੈ॥

—ਆਸਾ ੫, ਛੰਤ ੪, ੧ : ੨ (454)

ਬਾਣ ਬੇਧੰਚ ਕੁਰੰਕ ਨਾਦੰ **ਅਲਿ** ਬੰਧਨ ਕੁਸਮ ਬਾਸਨਹ॥

—ਜੈਤ ੫, ਵਾਰ ੧੨ ਸ, ੫, ੭ : ੧ (708)

ਅਲੀਅਲ ਗੁੰਜਾਤ **ਅਲੀਅਲ** ਗੁੰਜਾਤ ਹੇ ਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ॥

—ਆਸਾ ੫, ਛੰਤ ੧੪, ੩ : ੧ (462)

ਬਸੁ ਜਲ ਨਿਤ ਨ ਵਸਤ **ਅਲੀਅਲ** ਮੇਰ ਚਚਾ ਗੁਨ ਰੇ॥

—ਮਾਰੂ ੧, ੪, ੨ : ੧ (990)

ਕਬਹੂ ਕੀਟ ਹਸਤਿ ਪਤੰਗ ਹੋਇ ਜੀਅ॥

—ਗਉ ੫, ਸੁਖ ੧੧, ੭ : ੫ (277)

ਲਪਟਿ ਰਹਿਓ ਰਸਿ ਲੋਭਿ **ਪਤੰਗ**॥

—ਗਉ ੫, ਸੁਖ ੧੫, ੪ : ੮ (283)

ਅਸਥਾਵਰ ਜੰਗਮ ਕੀਟ **ਪਤੰਗਮ** ਘਟਿ ਘਟਿ ਰਾਮੁ ਸਮਾਨਾ ਰੇ॥

—ਮਾਲੀ ਨਾਮ ੩, ੧ : ੨ (988)

ਕਈ ਜਨਮ ਭਏ ਕੀਟ **ਪਤੰਗਾ**॥

—ਗਉ ੫, ੧੨, ੧ : ੧ (176)

ਭ੍ਰਿੰਗ ਪਤੰਗੁ ਕੁੰਚਰ ਅਰੁ ਮੀਨਾ॥

—ਗਉ ੧, ਅਸ ੧੧, ੩ : ੧ (225)

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾਨਹ ਬੁਝਾਈ॥

—ਸਿਰੀ ੧, ੨੭, ੨ : ੨ (24)

ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ **ਭਉਰੁ** ਸਿਧਾਇਆ॥

—ਆਸਾ ੧, ਵਾਰ ੩ : ੧ (464)

ਚੇਤੁ ਬਸੰਤੁ ਭਲਾ **ਭਵਰ** ਸੁਹਾਵੜੇ॥

—ਤੁਖਾ ੧, ਬਾਗ ੫ : ੧ (1108)

ਪਹਿਲੇ ਬਾਸੁ ਲਈ ਹੈ **ਭਵਰਹ** ਬੀਠਲ ਭੈਲਾ ਕਾਇ ਕਰਉ॥

—ਆਸਾ ਨਾਮ, ੨, ੨ : ੨ (485)

ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ **ਭਵਰਲਾ**॥

—ਧਨਾ ਨਾਮ, ੩, ੨ : ੧ (693)

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ॥

—ਆਸਾ ੧, ਅਸ ੫, ੨ : ੧ (439)

ਆਪੇ **ਭਵਰਾ** ਫੂਲ ਬੇਲਿ॥

—ਬਸੰ ੧, ਅਸ ੭, ੧ : ੧ (1190)

ਫੂਲੇ **ਭਵਰਿ** ਜਲੁ ਮੀਨਿ ਬਿਸਾਰਿਓ॥

—ਗੂਜ ਰਵਿ, ੧, ੧ : ੨ (525)

ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰ ਮਾਏ॥

—ਤੁਖਾ ੧, ਬਾਰਾ ੫ : ੫ (1108)

ਨਾਨਕ ਤਰਵਰੁ ਏਕੁ ਹੈ ਏਕੋ ਫੁਲੁ **ਭਿਰੰਗੁ**॥

—ਮਾਰੂ ੩, ਵਾ ੮ ਸ, ੩, ੨ : ੨ (1089)

ਭ੍ਰਿੰਗ ਪਤੰਗ ਕੁੰਚਰੁ ਅਰੁ ਮੀਨਾ॥

—ਗਉ ੧, ਅਸ ੧੧, 3 : ੧ (225)

ਮਕੜੀ

ਮਕੜੀ (Spider) ਇਕ ਛੋਟਾ ਜੀਵ ਹੈ ਜੋ ਜਾਲ਼ਾ ਜਿਹਾ ਬੁਣਦਾ ਹੈ। ਘਰਾਂ ਵਿਚ ਆਮ ਹੁੰਦਾ ਹੈ। ਜਾਲ਼ਾ ਬੁਣ ਕੇ ਇਹ ਛੋਟੇ ਕੀੜੇ-ਮਕੌੜੇ ਅਤੇ ਪਤੰਗਿਆਂ ਨੂੰ ਕਾਬੂ ਕਰਕੇ ਖਾਂਦਾ ਹੈ। ਗੁਰਬਾਣੀ ਵਿਚ ਇਸ ਨੂੰ 'ਮਾਕੁਰੀ' ਕਰਕੇ ਲਿਖਿਆ ਹੈ।

ਇਨ ਬਿਧਿ ਡੂਬੀ ਮਾਕੁਰੀ ਭਾਈ ਊਡੀ ਸਿਰ ਕੈ ਭਾਰੀ॥

—ਸੋਰ ੧, ਅਸ ੨, ੨ : ੩ (635)

ਮੱਖੀ

ਮੱਖੀ (Housefly) ਇਕ ਅਜਿਹਾ ਜੀਵ ਹੈ ਜੋ ਗੰਦ ਤੇ ਪਲਦਾ ਤੇ ਛੂਤ ਦੀਆਂ ਬਿਮਾਰੀਆਂ ਫੈਲਾਂਦਾ ਹੈ। ਇਸ ਦੇ ਛੇ ਪੈਰ ਹੁੰਦੇ ਹਨ। ਸੰਸਾਰ ਵਿਚ ਇਸ ਦੀਆਂ 60,000 ਤੋਂ ਲੈ ਕੇ 100,000 ਜਾਤੀਆਂ ਹਨ। ਆਕਾਰ 1.6 ਮਿਲੀਮੀਟਰ ਤੋਂ ਲੈਕੇ 7.6 ਤੱਕ ਹੁੰਦਾ ਹੈ। ਇਹ ਕੂੜੇ ਤੇ ਗੰਦੇ ਅਸਥਾਨਾਂ ਵਿਚ ਆਂਡੇ ਦਿੰਦੀਆਂ ਹਨ, ਜਿਨ੍ਹਾਂ ਤੋਂ 10-12 ਦਿਨਾਂ ਅੰਦਰ ਬੱਚੇ ਜੁਆਨ ਹੋ ਜਾਂਦੇ ਹਨ। ਛੂਤ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਇਸੇ ਤੋਂ ਫੈਲਦੀਆਂ ਹਨ ਕਿਉਂਕਿ ਇਹ ਆਪਣੇ ਸਰੀਰ ਨਾਲ ਰੋਗ ਦੀ ਲਾਗ ਦੂਜੇ ਥਾਂ ਲਾ ਦਿੰਦੀ ਹੈ। ਮਦੀਨ 1-250 ਅੰਡੇ ਇਕੋ ਸਮੇਂ ਦਿੰਦੀ ਹੈ।

ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ॥

—ਵਡ ੧, ਅਲਾ ੫, ੩ : ੫ (582)

ਮੰਖੀ ਮਿਠੈ ਮਰਣਾ॥

—ਮਲਾ ੧, ਵਾਰ ੧੯ ਸ, ੧, ੨ : ੧੫ (1286)

ਮਿਠੈ ਮਖੁ ਮੁਆ ਕਿਉ ਲਏ ਉਡਾਰੀ॥

—ਆਸ ੫, ਛੰਤ ੧੧, ੩ : ੧ (460)

ਗੁੜ ਮਿਠਾ ਮਾਇਆ ਪਸਰਿਆ ਮਨਮੁਖ ਲਗਿ ਮਾਖੀ ਪਚੈ ਪਚਾਇ॥

—ਸਿਰੀ ੪, ੭੦, ੧ : ੩ (41)

ਕਰਮ ਧਰਮ ਨਹੀ ਕਾਇਆ ਮਾਖੀ॥ (1035)

ਭੈਰ ੧, ੧ : ੮

ਸਾਕਰ ਮਾਖੀ ਅਧਿਕ ਸੰਤਾਪੇ॥ (1160)

ਭੈਰ ੫, ੧੩ : ੨

ਮਾਖੀ ਰਾਮ ਕੀ ਤੂ ਮਾਖੀ॥ (1227)

ਮਲ ੫, ੧, ੧੨੨ : ੧

ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥ (1368)

ਸਲੋਕ ਕਬ, ੬੮ : ੨

ਮੱਛਰ

ਮੱਛਰ (Mosquito) ਇਕ ਛੋਟਾ ਜਿਹਾ ਪਤੰਗਾ ਹੈ ਜਿਸ ਦੇ ਕੱਟਣ ਨਾਲ ਬਿਮਾਰੀਆਂ ਫੈਲਦੀਆਂ ਹਨ। ਇਸ ਦਾ ਆਕਾਰ 3-9 ਮਿਲੀਮੀਟਰ ਹੁੰਦਾ ਹੈ। ਸੰਸਾਰ ਵਿਚ ਇਸ ਦੀਆਂ ਤਕਰੀਬਨ 2500 ਕਿਸਮਾਂ ਹਨ। ਗੁਰਬਾਣੀ ਵਿਚ ਇਸ ਨੂੰ ਮਸਕੰ ਵੀ ਆਖਿਆ ਜਾਂਦਾ ਹੈ। ਇਹ ਆਮਤੌਰ 'ਤੇ ਮਨੁੱਖਾਂ ਅਤੇ ਪਸ਼ੂਆਂ ਨੂੰ ਡੰਗ ਮਾਰਦੀ ਹੈ।

ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ॥

—ਸਸ ੫, ੫੫ : ੨ (1359)

ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥

—ਤੁਖਾ ੧, ਬਾਰਾ ੧੦ : ੫ (1108)

ਮਧੁ-ਮਾਖੀ

ਮਧੁ-ਮਾਖੀ (Honey Bee) ਉਹ ਮੱਖੀ ਹੈ ਜੋ ਫੁੱਲਾਂ, ਫਲਾਂ ਨੂੰ ਚੂਸ ਕੇ ਸ਼ਹਿਦ ਬਣਾਉਂਦੀ ਹੈ। ਮਧੁ-ਸ਼ਹਦ, ਮਾਧ੍ਵੀਕ, ਮਾਕਿਕ, ਮਧੁ ਲਹੂ ਦੇ ਵਿਕਾਰ ਹਟਾਉਂਦਾ ਹੈ, ਨੇਤ੍ਰਾਂ ਦੀ ਜੋਤ ਵਦਾਉਂਦਾ ਹੈ, ਵਸੰਤ ਰੁੱਤ ਦਾ ਸ਼ਹਦ ਹੋਰ ਰੁੱਤਾਂ ਤੋਂ ਉੱਤਮ ਹੁੰਦਾ ਹੈ। ਪੰਜਾਬੀ ਵਿਚ ਇਸ ਨਾਲ ਸੰਬੰਧਿਤ ਜੋ ਹੋਰ ਸ਼ਬਦ ਹਨ ਉਨ੍ਹਾਂ ਵਿਚ ਮਧੁਹਾਰ, ਮਧੁਕਰ, ਮਧੁਪ, ਮਧੁਪਾਈ ਆਦਿ ਪ੍ਰਚਲਿਤ ਹਨ। ਇਸ ਦਾ ਰੰਗ ਪੀਲਾ ਅਤੇ ਕਾਲਾ ਹੁੰਦਾ ਹੈ। ਇਹ ਛੇ ਕੋਨਾਂ ਵਾਲੇ ਸਿੱਲ ਮੋਮ ਨਾਲ ਬਣਾਉਂਦੀ ਹੈ। ਇਕ ਕਾਲੋਨੀ ਵਿਚ 60,000 ਮਧੁ-ਮਾਖੀਆਂ ਕੰਮ ਕਰਦੀਆਂ ਹਨ। ਇਸ ਵਿਚ ਨਰ-ਮਖੀਆਂ ਤੋਂ ਇਲਾਵਾ ਇਕ ਅੰਡੇ ਦੇਣ ਵਾਲੀ ਰਾਣੀ ਵੀ ਹੁੰਦੀ ਹੈ। ਇਸ ਦਾ ਆਕਾਰ 12 ਮਿਲੀਮੀਟਰ ਹੁੰਦਾ ਹੈ।

ਮਨੁ ਸੁ **ਮਧੁਕਰੁ** ਕਰਉ ਚਰਨ ਹਿਰਦੇ ਧਰਉ ਰਸਤ ਅੰਮ੍ਰਿਤ ਨਾਮ ਨਾਮ ਭਾਖਉ॥

—ਧਨਾ ਰਵਿ, ੨, ੧ : ੨ (694)

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ **ਮਧੁਪ** ਮਖੀਆ॥

—ਆਸਾ ਰਵਿ, ੩, ੨ : ੨ (486)

ਜਪੁ ਤਪੁ ਸੰਜਮੁ ਹੋਰਿ ਜਬ ਮਖੇ ਕਮਲੁ ਬਿਗਸੈ **ਮਧੁ** ਆਸ੍ਰਮਾਈ॥

ਸੋਪੁ ੧, ੧ : ੨ (23)

ਬ੍ਰਹਮ ਕਮਲ **ਮਧੁ** ਤਾਸੁ ਰਸਾਦੰ ਜਾਗਤ ਨਾਹੀ ਸੂਤਾ॥

ਗੂਜ ੧, ੧ : ੭ (503)

ਅੰਮ੍ਰਿਤ ਖੰਡੁ ਦੂਧਿ **ਮਧੁ** ਸੰਚਸਿ ਤੂੰ ਬਨ ਚਾਤੁਰ ਰੇ॥

ਮਾਰੂ ੧, ੧ : ੩ (990)

ਜਿਉ **ਮਧੁ** ਮਾਖੀ ਸੰਚੈ ਅਪਾਰ॥ ਸਾਰੰ ੧, ੧ : ੫ (1252)

ਜਿਉ **ਮਧੁ ਮਾਖੀ** ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ॥

ਸੋਰ ੧ ਕਬ ੧ : ੨ (654)

ਕੂੜੁ ਮਿਠਾ ਕੂੜੁ **ਮਾਖਿਓ** ਕੂੜੁ ਡੋਬੇ ਪੂਰੁ॥ ਆਸਾ ੧, ੧ : ੮ (468)

ਫਰੀਦਾ ਸਕਰ ਖੰਡੁ ਨਿਵਾਤ ਗੁੜੁ **ਮਾਖਿਉ** ਮਾਂਝਾ ਦੁਧੁ॥

ਸਲੋ ਫ਼ਰ, ੨੭ : ੧ (1379)

ਫਰੀਦਾ ਰਬ ਖਜੂਰੀ ਪਕੀਆਂ **ਮਾਖਿਆ** ਨਈ ਵਹੰਨਿ੍॥

ਸਲੋ ਫ਼ਰ, ੮੯ : ੨ (1382)

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਮ॥

ਆਸਾ ਰਵਿ, ੧ : ੨ (486)

ਖੇਤੀ-ਵਿਗਿਆਨ
(Agriculture)

ਅਹਰਣਿ

ਲੋਹੇ ਦਾ ਪਿੰਡ ਜਿਸ ਉੱਤੇ ਠੰਢਾ ਜਾਂ ਤੱਤਾ ਲੋਹਾ ਰੱਖ ਕੇ ਲੋਹਾਰ ਹਥੌੜੇ ਨਾਲ ਉਸ ਨੂੰ ਕੁੱਟਦਾ ਹੈ। ਲੋਹਾਰ ਜੋ ਖੇਤੀ ਦੇ ਸੰਦ ਤਿਆਰ ਕਰਦਾ ਹੈ।

ਅਹਰਿਣ ਮਤਿ ਵੇਦੁ ਹਥਿਆਰ। —ਜਪੁ ੧, ੩੮ : ੧ (8)

ਮਤਿ ਬਸਿ ਪਰਉ **ਲੁਹਾਰ** ਕੇ ਜਾਰੈ ਦੂਜੀ ਬਾਰ।

—ਸਲੋ ਕਬ, ੯੦ : ੨ (1369)

ਅਗਨੀ ਗੰਢੁ ਪਾਏ **ਲੋਹਾਰੁ**।

—ਮਾਝ ੧, ਵਾਰ ੧੨ਸ, ੧, ੨ : ੨ (143)

ਅਨਗਾਹ

ਅੰਨ ਗਾਹੁਣ ਵਾਲੇ ਫਲੇ, ਜਿਸ ਨਾਲ ਕਣਕ, ਜੌਂ ਆਦਿ ਜਿਨਸ ਨੂੰ ਗਾਹ ਕੇ ਅਨਾਜ ਨਿਖੇੜੀਦਾ ਹੈ।

ਲਾਟੂ ਮਾਧਾਣੀਆ **ਅਨਗਾਹ**।

—ਆਸਾ ੧, ਵਾਰ ੫ਸ ੧, ੨ : ੧੭ (465)

ਸੁਹਾਗਾ

ਇਹ ਇਕ ਕਿਸਾਨੀ ਸੰਦ ਹੈ ਜੋ ਛਤੀਰ ਵਰਗਾ ਹੁੰਦਾ ਹੈ ਜਿਸ ਨਾਲ ਜ਼ਮੀਨ ਦੇ ਡਲੇ ਭੰਨੇ ਜਾਂਦੇ ਹਨ।

ਨਾਮੁ ਬੀਜੁ ਸੰਤੋਖੁ **ਸੁਹਾਗਾ** ਰਖੁ ਗਰੀਬੀ ਵੇਸੁ।

—ਸੋਰ ੧, ੨, ੧ : ੨ (595)

ਹਰੀ ਫਸਲ

ਹਰੀ ਫਸਲ ਤੋਂ ਬਾਅਦ ਜਦ ਫਸਲ ਪੱਕ ਜਾਂਦੀ ਹੈ ਤਾਂ ਉਸ ਨੂੰ ਹੀ ਵਢਿਆ ਜਾਂਦਾ ਹੈ।

ਹਰੀ ਨਾਹੀ ਨਾਹ ਡਡੁਰੀ ਪੱਕੀ ਵਢਣਹਾਰ
ਲੈ ਲੈ ਦਾਤ ਧਹੁਤਿਆ ਲਾਵੇ ਕਰਿ ਤਈਆਰ
ਜਾ ਹੋਆ ਹੁਕਮੁ ਕਿਰਸਾਣ ਕਾ ਲੁਣਿ ਮਿਣਿਆ ਖੇਤਾਰ।

—ਸਿਰੀ ੫, ੭੪, ੨ : ੩ (43)

ਹਰਿਹਟ / ਮਾਲਟਿੰਡ

ਮਾਲ੍ਹ / ਖੂਹ ਦੀ ਮਾਲ, ਮਿੱਟੀ ਦਾ ਗੜਵੇ ਦੀ ਸ਼ਕਲ ਦਾ ਬਰਤਨ ਜੋ ਹਰਟ ਦੀ ਮਾਹਲ ਨਾਲ ਪਾਣੀ ਕੱਢਣ ਲਈ ਬੰਨਦੇ ਹਨ।

ਜੈਸੇ ਹਰਹਟ ਕੀ ਮਾਲਾਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।

—ਪ੍ਰਭਾ ੧, ੮, ੨ : ੧ (1329)

ਕਰ ਹਰਿਹਟ ਮਾਲਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ॥

—ਬਸੰ ੧, ੯, ੨ : ੧ (1171)

ਹਲ

ਜ਼ਮੀਨ ਨੂੰ ਵਾਹੁਣ ਦਾ ਸੰਦ, ਜੋਤਣਾ, ਹਲ ਵਾਹੁਣਾ, ਹਲ ਚਲਾਉਣ ਵਾਲਾ ਕਿਸਾਨ।

ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ।

—ਰਾਮ ੩, ਵਾਰ ੧੭ਸ, ੧, ੧ : ੩ (955)

ਮੈ ਸਤ ਕਾ **ਹਲੁ** ਜੋਆਇਆ।

—ਸਿਰੀ ੫, ਅਸ ੨੯, ੨ : ੨ (73)

ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ।

—ਸਉ ੪, ੪੭, ੧ : ੨ (166)

ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ।

—ਰਾਮ ੩, ਵਾਰ ੧੭ਸ, ੧, ੨ : ੨ (955)

ਭਉ ਭੁਇ ਪਵਿਤ ਪਾਣੀ ਸਤੁ ਸੰਤੋਖ ਬਲੇਦ
ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ॥

—ਰਾਮ ੩, ਵਾਰ ੧੭ਸ, ੧, ੨ : ੧ (955)

ਜੈਸੇ **ਹਲਹਰ** ਬਿਨਾ ਜਿਮੀ ਨਹੀ ਬੋਈਐ॥

—ਗੋਡ ਕਬ, ੯, ੨ : ੧ (872)

ਕਿਆਰੇ

ਖੇਤ ਵਿਚ ਪਾਣੀ ਰੋਕਣ ਲਈ ਵੱਟ ਬਣਾ ਕੇ ਬਣਾਇਆ ਇਕ ਟੁਕੜਾ, ਜਿਸ ਨੂੰ ਕਿਆਰੇ ਆਖਦੇ ਹਨ।

ਅੰਮ੍ਰਿਤੁ ਸਿੰਚਹੁ ਭਰਹੁ **ਕਿਆਰੇ** ਤਉ ਮਾਲੀ ਕੇ ਹੋਵਹੁ।

—ਬਸੰ ੧, ੯, ੨ : ੨ (1171)

ਮਨੁ ਤਨੁ ਨਿਰਮਲ ਕਰਤ **ਕਿਆਰੋ** ਹਰਿ ਸਿੰਚੈ ਸੁਧਾ ਸੰਜੋਰਿ।

—ਜੈਤ ੫, ੯, ੧ : ੧ (701)

ਕਿਰਸ

ਖੇਤੀ, ਖੇਤੀ ਕਰਨੀ, ਹਲ ਜੋਤਨਾ।

ਜਮੁ ਚੂਹਾ **ਕਿਰਸ** ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।

—ਗਉ ੪, ਵਾਰ ੯ਸ, ੪, ੧ : ੫ (304)

ਧਰਮ ਭੂਮਿ ਸਤੁ ਬੀਜੁ ਕਰਿ ਐਸੀ **ਕਿਰਸ** ਕਮਾਵਹੁ।

—ਆਸਾ ੧, ਅਸ ੧੩, ੮ : ੧ (418)

ਉਧੈ ਹਟੁ ਨ ਚਲਈ ਨ ਕੋ **ਕਿਰਸ** ਕਰੇਇ।

—ਰਾਮ ੩, ਬਾਰ ੧੮ਸ, ੨, ੧ : ੩ (955)

ਕਿਰਸਾਣ

ਕਿਸਾਨ, ਵਾਹਕ, ਖੇਤੀ ਕਰਨ ਵਾਲਾ, ਜੱਟ, ਰਾਖਾ, ਰਖਵਾਲਾ, ਮੂੜ ਜਿਹਾ ਕਿਸਾਨ ਜੱਟ, ਖੇਤੀ, ਖੇਤੀ ਕਾਮਾ ਜ਼ਿਮੀਦਾਰ, ਖੇਤੀ ਦਾ ਵਿਹਾਰ।

ਜਮੁ ਚੂਹਾ **ਕਿਰਸ** ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।

—ਗਉ ੪, ਵਾਰ ੯ ਸ, ੪, ੧ : ੫ (304)

ਧਰਮ ਭੂਮਿ ਸਤੁ ਬੀਜੁ ਕਰਿ ਐਸੀ **ਕਿਰਸ** ਕਮਾਵਹੁ।

—ਆਸਾ ੧, ਅਸ ੧੩, ੮ : ੧ (418)

ਉਥੈ ਹਟੁ ਨ ਚਲਈ ਨ ਕੋ **ਕਿਰਸ** ਕਰੇਇ।

—ਰਾਮ ੩, ਬਾਰ ੧੮ਸ, ੨, ੧ : ੩ (955)

ਜਾ ਹੋਆ ਹੁਕਮੁ **ਕਿਰਸਾਣ** ਦਾ ਤਾ ਲੁਣਿ ਮਿਣਿਆ ਖੇਤਾਰੁ॥

—ਸਿਰੀ ੫, ੭੪, ੨ : ੩ (43)

ਪੰਜਿ **ਕਿਰਸਾਣ** ਮੁਜੇਰੇ ਗਿਹਡਿਆ।

—ਸਿਰੀ ੫, ਅਸ ੨੯, ੫ : ੨ (73)

ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ।

—ਗਉ ੪, ੪੭, ੧ : ੧ (166)

ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ।

—ਗਉ ੪, ਵਾਰ ੯ਸ, ੪, ੧ : ੬ (304)

ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ **ਜਟੁ** ਸੈਣੁ ਮਿਲਿਆ ਹਰਿ ਦਈਆ। —ਬਿਲਾ ੪, ਅਸ ੪, ੭ : ੨ (835)

ਇਹ ਬਿਧਿ ਸੁਨਿ ਕੈ **ਜਟਾਰੋ** ਉਠਿ ਭਗਤੀ ਲਾਗਾ।

—ਆਸਾ ਧੰਨਾ, ੨, ੪ : ੧ (488)

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ **ਜਟੁ**।

—ਸਲੋ ਫਰ, ੨੩ : ੧ (1379)

ਮਨੁ ਹਾਲੀ **ਕਿਰਸਾਣੀ** ਕਰਣੀ ਸਰਮੁ ਪਾਣੀ ਤਨੁ ਖੇਤ॥

—ਸੋਰ ੧੨, ੧ : ੧ (595)

ਆਪਿ ਸੁਜਾਣੁ ਨ ਭੁਲਈ ਸਚਾ ਵਡਾ **ਕਿਰਸਾਣੁ**।

—ਸਿਰੀ ੧, ੧੩, ੨ : ੧ (19)

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ **ਕਿਰਸਾਨਾ**।

—ਮਾਰੂ ਕਬ, ੭, ੧ : ੧ (1104)

ਕਿਰਸਾਨੀ ਜਿਉ ਰਾਖੈ ਰਖਵਾਲਾ।

—ਰਾਮ ੫, ਅਸ ੪, ੩ : ੧ (914)

ਜੈਸੇ **ਕਿਰਖਹਿ** ਬਰਸ ਮੇਘ।

—ਮਾਲੀ ੫, ੩, ੨ : ੩ (987)

ਬੰਧਨ ਕਿਰਖੀ ਕਰਹਿ **ਕਿਰਸਾਨੁ**।

—ਆਸਾ ੧, ਅਸ ੧੦, ੪ : ੧ (416)

ਕਿਰਖਾ

ਗੁਡਾਈ, ਨਦੀਨ ਕਢਣ ਦੀ ਕ੍ਰਿਆ, ਖਿੱਚ ਕੇ ਕੱਢਣਾ, ਪੁੱਟ ਕੇ ਸੁੱਟਣਾ।

ਬਿਖੈ ਬਿਕਾਰ ਦੁਸਟ **ਕਿਰਖਾ** ਕਰੇ ਇਨ ਤਜਿ ਆਤਮੈ ਹੋਇ ਧਿਆਈ।

—ਸਿਰੀ ੧, ੨੬, ੨ : ੧ (23)

ਕਿਰਖੀ

ਖੇਤੀ, ਖੇਤ ਨੂੰ

ਬੰਧਨ **ਕਿਰਖੀ** ਕਰਹਿ ਕਿਰਸਾਨੁ।

—ਆਸਾ ੧, ਅਸ ੧੦, ੪ : ੧ (416)

ਕਿਰਖੈ

ਹਲ ਨਾਲ ਲਕੀਰ ਕੱਢਣੀ, ਖੇਤ ਵਿਚ ਲਕੀਰ ਕੱਢਣੀ।

ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ **ਕਿਰਖੈ**।

—ਸਿਰੀ ੪, ਛੰਤ ੧, ੧ : ੫ (78)

ਉਰਝਿ ਰਹਿਓ ਰੇ ਬਾਵਰ ਗਾਵਰ ਜਿਉ **ਕਿਰਖੈ** ਹਰਿਆਇਓ ਪਸੂਆ।

—ਗਉ ੫, ੧੨੭, ੧ : ੨ (206)

ਕੀਸਾਰਾ

ਧਾਨ ਅਥਵਾ ਕਣਕ ਦੀ ਬਲੀ ਨਾਲ ਜੋ ਤਿਖੇ ਕੰਡੇ ਹੁੰਦੇ ਹਨ, ਉਨ੍ਹਾਂ ਨੂੰ 'ਕੀਸਾਰਾ' ਆਖਿਆ ਜਾਂਦਾ ਹੈ।

ਸੁਣੁ **ਕੀਸਾਰਾ** ਚਿਖਿਆ ਕਣੁ ਲਇਆ ਤਨੁ ਝਾੜਿ।

—ਮਾਝ ੧, ਵਾਰ ੧੧ਸ, ੧, ੧ : ੨ (142)

ਕ੍ਰਿਸਾਨਵਾ

ਕਿਸਾਨ, ਖੇਤੀ ਕਰਨ ਵਾਲੇ ਕਿਸਾਨ।

ਪੰਚ **ਕ੍ਰਿਸਾਨਵਾ** ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ।

—ਮਾਰੂ ਕਬ, ੭, ੨ : ੨ (1104)

ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ **ਕ੍ਰਿਸਾਨਿ** ਲੁਨੇ।

—ਨਟ ੪, ੫, ੧ : ੨ (976)

ਖੂਹ

ਖੂਹ ਜੋਣਾ ਤੇ ਸਿੰਚਾਈ ਕਰਨੀ ਬਾਰੇ ਜੋ ਸ਼ੰਦ ਵਰਤੋਂ ਵਿਚ ਆਉਂਦੇ ਹਨ ਜਿਵੇਂ ਹਰਿਹਟ ਅਤੇ ਮਾਲਟਿੰਡ।

ਕਰਿ **ਹਰਿਹਟ ਮਾਲਟਿੰਡ** ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ

ਅੰਮ੍ਰਿਤ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।

—ਬਸੰ ੧, ੯, ੨ : ੨ (1171)

ਗੋਡੀ

ਕਿਰਖਾ, ਗੁਡਾਈ, ਨਦੀਨ ਕੱਢਣ ਦੀ ਕ੍ਰਿਆ, ਖਿੱਚ ਕੇ ਕੱਢਣਾ, ਪੁੱਟ ਕੇ ਸੁੱਟਣਾ ਆਦਿ।

ਕਾਮ ਕ੍ਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਤਾਈ।

—ਬਸੰ ੧, ੯, ੩ : ੧ (1171)

ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।

—ਸਿਰੀ ੧, ੨੬, ੨ : ੧ (23)

ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ।

—ਬਸੰ ੧, ੨, ੧੦ : ੩ (1171)

ਗੰਨਾ

ਗੰਨੇ ਤੋਂ ਗੁੜ ਦੀ ਪ੍ਰਕ੍ਰਿਆ ਦਾ ਵਰਨਣ ਸਪਸ਼ਟ ਕੀਤਾ ਗਿਆ ਹੈ।

ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ
ਖੁੰਢਾ ਅੰਦਰਿ ਰਖਿਕੈ ਦੇਨਿ ਸੁ ਮਲ ਸਜਾਇ।
ਰਸੁ ਕਸੁ ਟਟਰਿ ਪਾਈਐ ਤਪੈ ਤੇ ਵਿਲ ਲਾਇ
ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ॥
ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ॥

—ਮਾਝ ੧, ਵਾਰ ੧੧ਸ, ੧, ੨ : ੧ (142)

ਜ਼ਮੀਨ

ਜ਼ਮੀਨ ਵੇਚਣ, ਬੈ (ਖਰੀਦ) ਕਰਨ ਤੇ ਮਹਿਦੂਦ ਲਿਖਾਉਣ ਦੇ ਹਵਾਲੇ, ਪਟਾ ਜਾਂ ਸਰਕਾਰੀ ਲਿਖਤ, ਜਿਸ ਵਿਚ ਲਗਾਨ ਦੀ ਹਦਬੰਦੀ ਹੁੰਦੀ ਹੈ, ਉਸ ਤੋਂ ਵੱਧ ਲਗਾਨ ਲਗ ਨਹੀਂ ਸਕਦਾ।

ਇਹੁ ਦਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ।

—ਸੂਹੀ ੧, ੭, ੪ : ੧ (730)

ਜਿਵਾਹੇ

ਇਕ ਪ੍ਰਕਾਰ ਦੇ ਬੀਜ ਜਿਨ੍ਹਾਂ ਤੋਂ ਤੇਲ ਕਢਿਆ ਜਾਂਦਾ ਹੈ, ਤਾਰਾਮੀਰ।

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ।

—ਰਾਮ ਬਸੁ, ਵਾਰ ੩ : ੧ (967)

ਡਰਨਾ

ਖੇਤ ਵਿਚ ਪੰਛੀਆਂ ਨੂੰ ਡਰਾਵਣ ਵਾਸਤੇ ਡਰਨਾ ਲਾਇਆ ਜਾਂਦਾ ਹੈ ਤਾਂ ਜੋ ਉਹ ਫਸਲ ਦਾ ਨੁਕਸਾਨ ਨਾ ਕਰਨ। ਇਹ ਪਸ਼ੂ ਜਾਂ ਮਨੁੱਖ ਦੀ ਸ਼ਕਲ ਦਾ ਬਣਾਇਆ ਜਾਂਦਾ ਹੈ।

ਅਨਿਕ ਬਸਤ੍ਰ ਸੁੰਦਰ ਪਹਿਰਾਇਆ ਜਿਉ **ਡਰਨਾ ਖੇਤ** ਮਾਹਿ ਡਰਾਇਆ।

—ਗਉ ੫, ੧੨੪, ੨ : ੨ (190)

ਦਾਤਰੀ

ਦਾਤ, ਦਾਤਰੀ, ਖੇਤ **ਵਿਚੋਂ ਅਨਾਜ ਵੱਢਣ ਵਾਲੇ ਦੰਦੇਦਾਰ ਸੰਦ,** Sickel.

ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥

—ਸਿਰੀ ੫, ੭੪, ੨ : ੨ (43)

ਪਟਵਾਰੀ

ਜ਼ਮੀਨ ਨਾਲ ਸੰਬੰਧਿਤ ਕਰਮਚਾਰੀ, ਪਟਵਾਰੀ ਆਮ ਤੌਰ ਤੇ ਕਿਸਾਨ ਨੂੰ ਰੋਜ਼ ਹੀ ਕਿਸੇ ਨਾ ਕਿਸੇ ਗੱਲੋਂ ਪਰੇਸ਼ਾਨ ਕਰਦਾ ਹੈ।

ਹਰਿ ਕੇ ਲੋਗਾ ਮੋਕਉ ਨੀਤਿ ਡਸੈ **ਪਟਵਾਰੀ**

ਊਪਰਿ ਭੁਲਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ। —ਸੂਹੀ ਕਬ, ੫, ੧ : ੧ (793)

ਫ਼ਸਲ

(ਪੱਕਣੀ, ਵੱਢਣੀ ਅਤੇ ਖਲਵਾੜ ਲਾਉਣਾ)

ਫ਼ਸਲ ਦੇ ਵੱਖ-ਵੱਖ ਸੰਕੇਤਾਂ ਵੱਲ ਇਸ਼ਾਰਾ ਕੀਤਾ ਗਿਆ ਹੈ ਜਿਵੇਂ ਲਾਵੀ, ਲੁਣੈ, ਆਦਿ। ਫ਼ਸਲ ਦੇ ਪੱਕਣ ਨੂੰ ਲਾਵੀ ਆਖਿਆ ਜਾਂਦਾ ਹੈ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ **ਲਾਵੀ** ਆਇਆ ਖੇਤੁ।

—ਸਿਰੀ ੧, ੫੭, ੨, ੪ : ੧ (75)

ਲੈ ਲੈ ਦਾਤ ਪਹੁਤਿਆ **ਲਾਵੇ** ਕਰਿ ਤਈਆਰੁ।

—ਸਿਰੀ ੫, ੭੪, ੨ : ੨ (43)

ਜੈਸਾ ਬੀਜੈ ਸੋ **ਲੁਣੈ** ਜੋ ਖਟੇ ਸੁ ਖਾਇ।

—ਸੂਹੀ ੧, ੭, ੨ : ੧ (730)

ਜੇਹਾ ਰਾਧੇ ਤੇਹਾ **ਲੁਣੈ** ਬਿਨੁ ਗੁਣ ਜਨਮੁ ਵਿਣਾਸੁ।

—ਸਿਰੀ ੧, ਅਸ ੬, ੧ : ੩ (56)

ਜਾ ਹੋਆ ਹੁਕਮੁ ਕਿਰਸਾਣ ਦਾ ਤਾਂ **ਲੁਣਿ** ਮਿਣਿਆ ਖੇਤਾਰੁ।

—ਸਿਰੀ ੫, ੭੪, ੨ : ੩ (43)

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ **ਲੁਣਿਆ** ਖੇਤੁ।

—ਸਿਰੀ ੧, ੪ : ੧ (75)

ਆਇ ਲਗੇ ਨੀ ਇਹ ਥੋੜਤੇ ਜਿਉ ਪਕਾ ਖੇਤੁ **ਲੁਣੀਐ।**

—ਗਉ ੪, ਵਾਰ, ੫, ੩੦ : ੩ (316)

ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ **ਲੁਨੇ।**

—ਨਟ ੪, ੫, ੧ : ੨ (976)

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ।
ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ॥

—ਬਿਲਾ ੪, ਵਾਰ ੧੧ਸ, ੧, ੧ : ੧ (854)

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।
ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ।
ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠ।

—ਮਾਝ ੧, ਵਾਰ ੧੧ਸ, ੧ : ੧ : ੧ (142)

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ।

—ਮਲਾ ੧, ਵਾਰ ੧੯ਸ, ੧, ੧ : ੪ (1286)

ਬਿਸਵੇ

ਧਰਤੀ (ਜ਼ਮੀਨ) ਦੀ ਗਿਣਤੀ ਦੀ ਇਕਾਈ, ਵੀਹ ਵਿਸਵੇ ਦਾ ਇਕ ਵਿੱਘਾ ਹੁੰਦਾ ਹੈ।

ਬੀਸ ਬਿਸਵੇ ਗੁਰ ਕਾ ਮਨੁ ਮਾਨੈ।

—ਗਉ ੫, ਸੁਖ ੧੮, ੩ : ੧ (287)

ਬੀਸ ਬਿਸੁਏ ਜਾ ਮਨ ਠਹਰਾਨਾ।

—ਰਾਮ ੫, ੧੬, ੨ : ੩ (887)

ਬਸੋਲੇ

ਰੰਬਾ, ਕਦੋਲਾ, ਜ਼ਮੀਨ ਖੋਦਣ ਦਾ ਸੰਦ, ਖੁਰਪਾ।
ਕਾਮੁ ਕ੍ਰੋਧਿ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ।

—ਬਸੰ ੧, ੯, ੩ : ੧ (1171)

ਮਿੱਟੀ

ਮਿੱਟੀ ਦੀ ਕਿਸਮਾਂ ਵਿਚੋਂ 'ਕਲਰ' ਦਾ ਜ਼ਿਕਰ ਆਇਆ ਹੈ। ਸ਼ੋਰੇਵਾਲੀ ਮਿੱਟੀ, ਸ਼ੋਰਾ, ਕਲਰ ਵਾਲੀ ਜ਼ਮੀਨ।

ਕਲਰ ਕੇਰੀ ਛਪੜੀ ਆਇ ਉਲਥੇ ਹੰਝ।

—ਸਲੋ ਫਰ, ੬੪ : ੨ (1381)

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ।
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ।

—ਆਸਾ ੧, ਅਸ ੧੫, ੪ : ੨ (419)

ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।

—ਸਿਰੀ ੧, ੧੩, ੧ : ੨ (18)

ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ।

—ਬਸੰ ੧, ੯, ੧ : ੧ (1171)

ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੇ ਕੇ ਖਲਵਾਰੇ।

—ਨਟ ੪, ਅਸ ੨, ੬ : ੧ (981)

ਕਲਰ ਖੇਤੀ ਵਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ।

—ਮਾਰੂ ੧, ਅਸ ੧੧, ੬ : ੧ (1016)

ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ **ਕਾਲਰ** ਭੀਤਿ ਗਿਰੀਐ।

—ਬਿਲਾ ੫, ੯੫, ੧ : ੨ (823)

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ।

—ਮਲਾ ੧, ਅਸ ੪, ੬ : ੩ (1274)

ਰਤਨ ਜਵੇਹਰ ਬਨਜਨਿ ਆਇਆ **ਕਾਲਰੁ** ਲਾਦਿ ਚਲਾਇਓ।

—ਮਾਰੂ ੫, ਅਸ ੧, ੨ : ੧ (1017)

ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ।

—ਮਾਰੂ ੩, ਵਾਰ ੧੩ਸ, ੧, ੧ : ੨ (1090)

ਕਲਰ ਕੇਰੀ **ਛਪੜੀ** ਕਊਆ ਮਲਿ ਮਲਿ ਨਾਇ।

—ਸਲੋ ੧, ੧੦ : ੧ (1411)

ਮੁਜੇਰੇ (ਮੁਜਾਰੇ) (ਅ : ਮੁਜਾਰਿਆ) ਮੁਜਾਰਾ, ਖੇਤੀ ਕਰਨ ਵਾਲਾ

ਹਉ ਹੋਆ ਮਾਹਰੁ ਪਿੰਡ ਦਾ ਬੰਨ੍ਹਿਆਂ ਦੇ ਪੰਜ ਸਰੀਕ ਜੀਉ
ਪੰਜ ਕਿਰਸਾਣ **ਮੁਜੇਰੇ** ਮਹਿਡਿਆ ਕੰਨਿ ਕੋਈ ਕਢਿ ਹੰਘਈ।

—ਸਿਰੀ ੫, ਅਸ ੨੯, ੫ : ੨ (173)

ਰਾਂਬੀ

ਖੁਰਪੀ, ਖੇਤੀਬਾੜੀ ਦਾ ਇਕ ਸੰਦ

ਨਾਹੀ ਰਾਂਬੀ ਠਾਉ ਰੋਪਉ।

—ਸੋਰ ਰਵਿ, ੭, ੧ : ੨ (659)

ਰੁੱਤਾਂ

ਪੰਜਾਬ ਵਿਚ ਦੋ ਪ੍ਰਮੁੱਖ ਰੁੱਤਾਂ ਹਨ ਜਿਨ੍ਹਾਂ ਨੂੰ ਪ੍ਰਮੁੱਖ ਫਸਲ-ਰੁੱਤਾਂ ਆਖਿਆ ਜਾਂਦਾ ਹੈ। ਇਕ ਹਾੜੀ ਤੇ ਦੂਜੀ ਸਾਉਣੀ। ਹਾੜੀ ਬਿਕਰਮੀ ਚੰਦਰਵਰਸ਼ ਦੇ ਚੌਥੇ ਮਹੀਨੇ ਹਾੜ ਨੂੰ ਆਖਿਆ ਜਾਂਦਾ ਹੈ ਜਦਕਿ ਸਾਵਣੀ ਸਾਵਣ ਮਹੀਨੇ ਵਿਚ ਬੀਜੇ ਜਾਣ ਵਾਲੀ ਫਸਲ ਨੂੰ ਸਾਵਣੀ ਆਖਿਆ ਜਾਂਦਾ ਹੈ।

ਫਸਲ **ਅਹਾੜੀ** ਏਕੁ ਨਾਮੁ ਸਾਵਣੀ ਸਚੁ ਨਾ।

—ਮਲਾ ੧, ੧ : ੫ (1286)

ਸਾਵਣੁ ਰਾਤਿ **ਅਹਾੜੁ** ਦਿਹੁ ਕਾਮੁ ਕ੍ਰੋਧ ਦੁਇ ਖੇਤ।

—ਰਾਮ ੩, ਵਾਰ ੧੭ ਸ, ੧, ੧ : ੧ (955)

ਬਿਨੁ **ਸਾਵਣ** ਘਨਹਰੁ ਗਜੈ।

—ਸੋਰ ਨਾਮ, ੩, ੧ : ੨ (657)

ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ।

—ਮਾਝ ੫, ਬਾਰਾ, ੬ : ੧ (134)

ਤੇਰੈ ਹੁਕਮੈ ਸਾਵਣੁ ਆਇਆ।

—ਸਿਰੀ ੫, ਅਸ ੨੯, ੨ : ੧ (73)

ਵਤ੍ਰ

ਜ਼ਮੀਨ ਦੀ ਨਮੀ ਵਾਲੀ ਹਾਲਤ ਜਦੋਂ ਫਸਲ ਬੀਜਣੀ ਯੋਗ ਹੁੰਦੀ ਹੈ, ਭੋਇੰ ਦੀ ਦਸ਼ਾ।

ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹ ਕੁ ਹੇਤ।

—ਰਾਮ ੩, ਵਾਰ ੧੭ਸ, ੧, ੧ : ੨ (955)

ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗ।

—ਰਾਮ ੩, ਵਾਰ ੧੭ਸ, ੧, ੨ : ੨ (955)

ਰੇ ਮਨ ਵਤ੍ਰ ਬੀਜਣ ਨਾਉ। ਬੋਈ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ।

—ਮਾਰੂ ੫, ੧੩, ੧ : ੨ (1002)

ਵਾੜ

ਖੇਤੀ ਨੂੰ ਵਾੜ ਅਤੇ ਉਸਦੀ ਕਟਾਈ ਬਾਰੇ ਵੀ ਜ਼ਿਕਰ ਆਇਆ ਹੈ।

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।

—ਮਾਝ ੧, ਵਾਰ ੧੧ਸ, ੧, ੧ : ੧ (142)

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।

—ਮਾਝ ੩, ਅਸ ੧੫, ੫ : ੨ (118)

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।

—ਆਸਾ ੧, ਛੰਤ ੫, ੧ : ੧ (438)

ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰ ਜਿਉ।

—ਮਾਰੂ ੫, ਵਾਰ ੪ਸ, ੫, ੩ : ੨ (1095)

ਗਣਿਤ-ਵਿਗਿਆਨ
(Mathematics)

ਅਸਟ

ਅੱਠ (8); ਗਿਣਤੀ ਵਿਚ 7 ਤੋਂ ਅਗਲਾ ਤੇ 9 ਤੋਂ ਪਹਿਲਾਂ ਅੰਕ।

ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ।

—ਸਿਰੀ ੧, ਅਸ ੧੩੪ : 2(61)

ਅਸਟਮ ਥੀਤਿ ਗੋਵਿੰਦ ਜਨਮਾਸੀ।

—ਭੈਰ ੫, ੧, ੧ : ੨ (1136)

ਅਸਟਮੀ **ਅਸਟ** ਸਿਧਿ ਬੁਧਿ ਸਾਧੈ।

—ਬਿਲਾ ੧, ਥਿਤੀ ੧੦ : ੧ (839)

ਦਸ **ਅਸਟਿ** ਅਸਟੀ ਮਿਲਿ ਏਕੋ ਕਹਿਆ।

—ਰਾਮ ੫, ੧੨, ੧ : ੩ (886)

ਅਠ

ਵੇਖੋ 'ਅਸਟ'

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ।

—ਮਾਝ ੧, ਵਾਰ ੧੯ਸ, ੨, ੧ : ੧ (146)

ਅਠਸਠਿ

ਅਠਾਹਠ (ਅਠ + ਸਠ)

ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ।

—ਸਿਰੀ ੧, ੮, ੧ : ੨ (17)

ਦਸਅਠਾ **ਅਠਸਠੇ** ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।

—ਧੰਨਾ ਰਵਿ ੩, ੪ : ੧ (694)

ਅਠਤਰੈ

ਅਠਤਰ ਸੰਮਤ ਵਿਚ

ਆਵਨਿ **ਅਠਤਰੈ** ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।

—ਤਿੰਲ ੧, ੫, ੨ : ੫ (723)

ਅਠਦਸ

ਅਠਾਰਾਂ, ਅਠਾਰਾਂ ਪੁਰਾਣ

ਅਠਦਸ ਬੇਦ ਸੁਨੇ ਕਹ ਡੋਰਾ।

—ਰਾਮ ੫, ੩੦, ੨ : ੧ (892)

ਅਠਵੈ

ਵੇਖੋ 'ਅਸਟ'

ਅਠਵੈ ਕ੍ਰੋਧ ਹੋਆ ਤਨ ਨਾਸੁ।

—ਮਾਝ ੧, ਵਾਰ ੧ਸ, ੧, ੨ : ੮ (137)

ਅਠਾਸੀ

ਅਸੀ + ਅਠ (80 + 8); ਅਠਾਸੀ

ਸੇਖ ਜੁ ਕਹੀਅਹਿ ਕੋਟਿ **ਅਠਾਸੀ**।

—ਭੈਰ ਕਬ, ੧੫, ੧ : ੩ (1161)

ਅਠਾਰ

ਅਠਾਰਾ (18); ਅਠਾਰਾਂ ਪੁਰਾਣ

ਦਸ **ਅਠਾਰ** ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਕ ਏਕੁ ਤਾਰੈ।

—ਸਿਰੀ ੧, ੨੬, ੩ : ੨ (23)

ਨਿਸਿ ਦਿਨ ਉਚਰੈ ਭਾਰ **ਅਠਾਰ**।

—ਸਾਰ ੪, ਵਾਰ ੧ਸ, ੧, ੩ : ੨ (1237)

ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ।

—ਸਿਰੀ ੪, ਵਾਰ ੨੧ ਸ, ੩, ੨ : ੨ (91)

ਅਠੀ

ਅਠੇ ਪਹਿਰ, ਹਰ ਸਮੇਂ

ਸਭੇ ਵੇਲਾ ਵਖਤ ਸਭਿ ਜੇ **ਅਠੀ** ਭਉ ਹੋਇ।

—ਮਾਝ ੧, ਵਾਰ ੧੭, ੧, ੧ : ੯ (146)

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ **ਅਠੇ** ਪਹਰ ਲਗੰਨਿ।

—ਗਉ ੪, ਵਾਰ ੪ਸ, ੪, ੧ : ੧ (301)

ਅਢਾਈ

ਢਾਈ, ਦੋ ਤੇ ਅਧਾ

ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ **ਅਢਾਈ**।

—ਗਉ ਕਬ, ੫੪, ੨ : ੧ (335)

ਅਢੁ

ਅਧੀ ਦਮੜੀ, ਕੌਡੀ, ਦਮੜੀ ਦਾ ਅੱਧਾ ਹਿੱਸਾ।

ਅਢੁ ਨਾ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ।

—ਜੈਤ ੫, ਵਾਰ ੧੦ਸ, ੫, ੨ : ੨ (708)

ਅਤੋਲ

ਬੇਹਿਸਾਬੀ, ਬਹੁਤ, ਜੋ ਤੋਲਿਆ ਨਾ ਜਾ ਸਕੇ, ਤੋਲ ਤੋਂ ਰਹਿਤ,

ਭਰੇ ਭੰਡਾਰ ਅਖੂਟ **ਅਤੋਲ**।

—ਗਉ ੫, ੧੦੦, ਕ : ਕ (186)

ਗੁਰਮੁਖਿ ਪੂਰਾ ਲੇ ਕਰੇ ਪਾਈਐ ਸਾਚੁ **ਅਤੋਲੁ**।

—ਸਿਰੀ ੧, ੯, ੧ : ੨ (17)

ਨਿਰਭਉ ਨਿਰਵੈਰ ਅਥਾਹ **ਅਤੋਲੇ**।

—ਮਾਝ ੫, ੧੬, ੨ : ੨ (99)

ਬੇਸੁਮਾਰ ਅਥਾਹ ਅਗਨਤ **ਅਤੋਲੇ**।

—ਗਉ ੫, ਸੁਖ ੨੧, ੮ : ੯ (292)

ਹਰਿ ਹਰਿ ਨਾਮੁ **ਅਤੋਲੁਕ** ਪਾਇਆ ਤੇਰੀ ਭਗਤਿ ਭਰੇ ਭੰਡਾਰਾ।

—ਆਸਾ ੪, ਛੰਤ ੮, ੪ : ੪ (442)

ਮਿਟੀ ਪਈ **ਅਤੋਲਵੀ** ਕੋਇ ਨਾ ਹੋਸੀ ਮਿਤੁ।

—ਸਲੋ ਫਰ, ੫੭ : ੨ (1380)

ਅਗਮ ਅਗੋਚਰੁ ਬੇਅੰਤ **ਅਤੋਲਾ** ਹੈ ਨਾਹੀ ਕਿਛੁ ਆਹਾੜਾ।

—ਮਾਰੂ ੫, ਸੋਲਾ ੧੦, ੧੦ : ੩ (1081)

ਅੰਦਾਜਾ

(ਫਾ. ਅੰਦਾਜ਼ਾ), ਗਿਣਤੀ, ਅਨੁਮਾਨ

ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ **ਅੰਦਾਜਾ**।

—ਬਿਲਾ ਕਬ, ੫, ੧ : ੨ (856)

ਅਧੁ

ਅਧਾ, ਪੂਰੇ ਦਾ ਅੱਧਾ ਹਿੱਸਾ, ਪੂਰੇ ਦੇ ਦੋ ਹਿੱਸਿਆਂ ਵਿਚੋਂ ਇਕ

ਇਕ **ਅਧੁ** ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।

—ਗਉ ੫, ੧੬੯, ੩ : ੨ (218)

ਅਧੁ ਗੁਲਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ।

—ਮਲਾ ੧, ਵਾਰ ੧੯ ਸ, ੧, ੨ : ੫ (1286)

ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ **ਅਧੂਆ** ਗਈ।

—ਗੂਜ ੧, ਅਸ ੪, ੫ : ੧ (505)

ਦਇਆ ਦੁਆਪੁਰਿ **ਅਧੀ** ਹੋਈ।

—ਮਾਰੂ ੧, ਸੋਲਾ ੪, ੮ : ੧ (1023)

ਅਰਧ

ਦੋ ਬਰਾਬਰ ਟੋਟਿਆਂ ਵਿਚ, ਅਧੋਅਧ।

ਅਰਧ ਸਰੀਰੁ ਕਟਾਈਐ ਸਿਰਿ ਕਰਤਤੁ ਧਰਾਇ।

—ਸਿਰੀ ੫, ਅਸ ੧੪, ੩ : ੧ (62)

ਦੁਤੀਆਂ **ਅਰਧੋ** ਅਰਧਿ ਸਮਾਇਅਹ।

—ਰਾਮ ੫, ੧੨, ੨ : ੩ (886)

ਅਰਬ

ਦਸ ਕ੍ਰੋੜ।

ਲਾਖ ਅਰਬ ਖਰਬ ਦੀਨੋ ਦਾਨੁ।

—ਗਉ ੫, ੧੧੧, ੧ : ੨ (202)

ਅਰਬਦ

ਦਸ ਕਰੋੜ, ਵਰ੍ਹਾ, ਸਾਲ

ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨਾ ਹੁਕਮੁ ਅਪਾਰਾ।

—ਮਾਰੂ ੧, ਸਲੋ ੧੫, ੧ : ੧ (1035)

ਇਕ

(ਅ. ਯਕ) ਗਿਣਤੀ ਵਿਚ ਪਹਿਲਾ, ਗਿਣਤ ਦਾ ਪਹਿਲਾ ਹਿੰਦਸਾ

ਸਹਸ ਸਿਆਣਪਾ ਲਖ ਹੋਇ ਤ **ਇਕ** ਨ ਚਲੈ ਨਾਲਿ।

—ਜਪੁ ੧, ੧ : ੪ (1)

ਗੁਰਾ **ਇਕ** ਦੇਹਿ ਬੁਝਾਈ।

—ਜਪੁ ੧, ੫ : ੨੦ (2)

ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ।

—ਸੂਹੀ ੧, ਕੁਚ ੧ : ੨ (762)

ਸਭਨਾ ਜੀਆ ਕਾ **ਇਕੁ** ਦਾਤਾ ਸੋ ਮੈ ਵਿਸਰਿ ਨਾ ਜਾਈ।

—ਜਪੁ ੧, ੫ : ੨੦ (2)

ਵਾਰਿਆ ਨ ਜਾਵਾ **ਏਕ** ਵਾਰ।

—ਜਪੁ ੧, ੧੬ : ੨੩ (3)

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।

—ਜਪੁ ੧, ੩੦ : ੧ (7)

ਸਚੁ ਮਿਲੈ ਸੰਤੋਖੀਆ ਹਰਿ ਜਪਿ **ਏਕੇ** ਭਾਇ।

—ਸਿਰੀ ੧, ੧੨, ੧ : ੩ (18)

ਏਕੈ ਜਾਲਿ ਫਹਾਏ ਪੰਖੀ।

—ਗਉ ੫, ੮੨, ੪ : ੧ (180)

ਸਹਸ

ਹਜ਼ਾਰ, ਗਿਣਤੀ ਦੀ ਇਕ ਇਕਾਈ,

ਸਹਸ ਸਿਆਣਪਾ ਲਖ ਹੋਇ ਤ ਇਕ ਨ ਚਲੈ ਨਾਲਿ।

—ਜਪੁ ੧ : ੪ (1)

ਸਹੰਸ ਨਾਮ ਲੈ ਲੈ ਕਰਉ ਸਲਾਮੁ।

—ਆਸਾ ਕਬ, ੧੩, ੩ : ੨ (478)

ਸਹੰਸਰ ਦਾਨ ਦੇ ਇੰਦ੍ਰ ਰੋਆਇਆ।

—ਰਾਮ ੩, ਵਾਰ ੧੪ਸ, ੩, ੧ : ੧ (953)

ਦੇ ਦੇ ਮੰਗਹਿ **ਸਹਸਾ** ਗੂਣਾ ਸੋਭਾ ਕਰੇ ਸੰਸਾਰੁ।

—ਆਸਾ ੧, ਵਾਰ ੬ਸ, ੧, ੧ : ੮ (466)

ਬਿਰਹ ਵਿਛੋੜਾ ਧਣੀ ਸਿਉ ਨਾਨਕ **ਸਹਸੈ** ਗੰਠਿ।

—ਗਉ ੫, ਵਾਰ ੭ਸ, ੫, ੧ : ੨ (319)

ਸੰਖ

ਇਕ ਲੱਖ ਕਰੋੜ, ਭਾਵ ਬੇਅੰਤ, ਅਣਗਿਣਤ, ਇਕ ਗਿਣਤੀ

ਕਰਮ ਧਰਮ ਬਹੁ **ਸੰਖ** ਅਸੰਖ।

—ਆਸਾ ੧, ਅਸ ੪, ੬ : ੨ (413)

ਸਤਰਿ

ਸਤ ਦਹਾਕੇ, ਸੱਤਰ (70)

ਸਤਰਿ ਕਾ ਮਤਿਹੀਣ ਅਸੀਹਾਂ ਕਾ ਵਿਉਹਾਰੁ ਨਾ ਪਾਵੈ।

—ਮਾਝ ੧, ਵਾਰ ੧ਸ, ੧, ੩ : ੩ (138)

ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ।

(ਸਤਰ + ਦੋ = 72)

—ਧਨਾ ਨਾਮ, ੨, ੧ : ੨ (693)

ਸਤਾਨਵੇ

ਸੌ ਤੋਂ ਤਿੰਨ ਘੱਟ, 97

ਆਵਨਿ ਅਠਤਰੇ ਜਾਨਿ **ਸਤਾਨਵੈ** ਹੋਰੁ ਭੀ ਉਠਸੀ ਮਰਦ ਕਾ ਚੇਲਾ।

—ਤਿਲੰ ੧, ੫, ੨ : ੫ (723)

ਸਤੀ

ਗਿਣਤੀ ਦੀ ਇਕ ਇਕਾਈ, ਸਤ (7)

ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ।

—ਸਲੋ ੧, ੨੯ : ੩ (1412)

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।

—ਮਾਝ ੧, ਵਾਰ ੧੮ਸ, ੨, ੧ : ੯ (146)

ਸੁਮਾਰ

(ਫ਼ਾ : ਸ਼ੁਮਾਰ), ਸੰਖਿਆ, ਗਿਣਤੀ

ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ **ਸੁਮਾਰ**।

—ਗਉ ੪, ਬਾਅ ੧੮ਸ: ੨ (253)

ਕਰਤੈ ਕੈ ਕਰਣੈ ਨਾਹੀ **ਸੁਮਾਰੁ**।

—ਜਪੁ ੧, ੧੬ : ੬ (3)

ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣ **ਸੁਮਾਰੁ**।

—ਗਉ ੧, ਸੋਹ ੧, ੨ : ੨ (12)

ਸੇਰ

ਮਣ ਦਾ ਚਾਹੀਲਵਾਂ ਹਿੱਸਾ, ਤੋਲ ਦੀ ਇਕ ਇਕਾਈ,

ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ **ਸੇਰ** ਅਢਾਈ।

—ਗਉ ਕਬ, ੫੪, ੨ : ੧ (335)

ਅਧ **ਸੇਰੁ** ਮਾਗਉ ਦਾਲੇ।

—ਸੋਰ ਕਬ, ੧੧, ੨ : ੩ (656)

ਸੈਆਨ

ਸੈਂਕੜੇ,

ਨਾਨਕ ਲਹਰੀ ਲਖ **ਸੈਆਨ** ਡੁਬਣ ਦੇਇ ਨ ਮਾ ਪਿਰੀ।

—ਗੂਜ ੫, ਵਾਰ ੭ਸ, ੫, ੧ : ੨ (519)

ਸੈਇ

ਇਕ ਸੌ (100)

ਸਤਰਿ **ਸੈਇ** ਲਸਾਰ ਹੈ ਜਾ ਕੈ।

—ਭੈਰ ਕਬ, ੧੫, ੧ : ੧ (1161)

ਹਜਾਰ

(ਫਾ : ਹਜ਼ਾਰ) ਸਹੰਸਰ, ਦਸ ਸੌ ਦੀ ਗਿਣਤੀ (1000)

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।

—ਸਿਰੀ ੧, ਅਸ ੧੬, ੩ : ੧ (63)

ਕਰੋਰਿ

ਕ੍ਰੋੜ, ਇਕ ਸੌ ਲੱਖ, ਗਿਣਤ ਦੀ ਇਕ ਇਕਾਈ, ਕ੍ਰੋੜਾਂ

ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ **ਕਰੋਰਿ**।

—ਸਲੋ ਕਬ, ੨੭ : ੨ (1365)

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ **ਲਾਖ ਕਰੋਰੀ**।

—ਗਉ ੫, ੧੩੪, ੩ : ੧ (208)

ਲਾਖ ਕਰੋਰੀ ਬੰਧੁ ਨ ਪਰੇ।

—ਗਉ ੫, ਸੁਖ ੨, ੨ : ੩ (264)

ਕਿਛੁ ਸੰਗਿ ਨ ਚਾਲੈ **ਲਾਖ ਕਰੋਰੈ**।

—ਕਾਨ ੫, ੩੪, ੧ : ੫ (1304)

ਸਰਪਰ ਉਠੀ ਚਲਣਾ ਛਡਿ ਜਾਸੀ **ਲਖ ਕਰੋੜਿ**।

—ਸਿਰੀ ੫, ੯੨, ੩ : ੨ (50)

ਤੇਤੀਸ **ਕਰੋੜੀ** ਦਾਸ ਤੁਮਾਰੇ ਰਿਧਿ ਸਿਧਿ ਪ੍ਰਾਣ ਅਧਾਰੀ।

—ਆਸਾ ੩, ਅਸ ੨੩, ੨ : ੧ (423)

ਜੋ ਮਨਿ ਚਿਤਿ ਇਕ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ **ਕਰੋੜੇ**।

—ਗਉ ੪, ਵਾਰ ੧੧ : ੨ (306)

ਲਾਖ **ਕੋਟ** ਖੁਸੀਆਂ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ।

—ਮਾਝ ੫, ੨੩, ੧ : ੩ (101)

ਕੋਟਾ

ਵੇਖੋ 'ਕਰੋਰਿ'

ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ **ਕੋਟਾ**।

—ਸੋਰ ੫, ੮੦, ੧ : ੨ (628)

ਖਿਨ ਖੋਵੈ ਪਾਪ **ਕੋਟਾਨ**।

—ਪ੍ਰਭਾ ੪, ੭, ੨ : ੨ (1337)

ਕਥਿ ਕਥਿ ਕਥੀ ਕੋਟੀ **ਕੋਟਿ** ਕੋਟਿ।

—ਜਪੁ ੧, ੩ : ੧੦ (2)

ਕਈ **ਕੋਟਿਕ** ਜਗ ਫਲਾ ਸੁਣਿ ਗਾਵਨਹਾਰੇ ਰਾਮ।

—ਬਿਹਾ ੫, ੬, ੪ : ੨ (546)

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ **ਕੋਟੀ** ਕਰਮ ਕਮਾਉ।

—ਸਿਰੀ ੪, ੬੭, ੨ : ੩ (40)

ਸਿਧ ਸਾਧਿਕ ਤੇਤੀਸ **ਕੋਰਿ** ਤਿਰੁ ਕੀਮ ਨ ਪਰੀਐ।

—ਸਮ ੫, ੮ : ੨ (1386)

ਖਟ

ਛੇ (6); ਗਿਣਤੀ ਦੀ ਇਕ ਇਕਾਈ,

ਖਟ ਸਾਸਤ੍ਰ ਸਿਮ੍ਰਿਤਿ ਵਖਿਆਨ।

—ਗਉ ੫, ਸੁਖ ੩, ੧ : ੨ (265)

ਚਹੁ ਅਹਿ ਪੇਖਿਓ **ਖਟ** ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏਂ।

—ਭੈਰ ੫, ੧੫, ੩ : ੧ (1139)

ਨਵ ਛਿਆ **ਖਟ** ਕਾ ਕਰੇ ਬੀਚਾਰ।

—ਸਾਰ ੪, ਵਾਰ ੧ਸ, ੧, ੩ : ੧ (1237)

ਨਾਨਕ ਸੇਵ ਅਪਾਰ ਦੇਵ ਤਟਹ **ਖਟਹ** ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ।

—ਭੈਰ ੫, ੫੭, ੨ : ੨ (1153)

ਚਾਰਿ ਬਿਨਾਸੀ **ਖਟਹਿ** ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ।

—ਸਾਰ ੫, ੬, ੨ : ੨ (1204)

ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸ੍ਰ ਬਹੁ **ਖਟੂਆ**।

—ਸਮੁ ੫, ੧੧ : ੧ (1389)

ਖਰਬ

ਹਜ਼ਾਰ ਕ੍ਰੋੜ, ਗਿਣਤੀ ਦੀ ਇਕ ਇਕਾਈ,

ਲਾਖ **ਅਰਬ ਖਰਬ** ਦੀਨੇ ਦਾਨੁ।

—ਗਉ ੫, ੧੧੧, ੧ : ੨ (202)

ਖੂਹਣਿ

ਖੂਣੀਆਂ ਭਾਵ ਬੇਅੰਤ, ਗਿਣਤੀ ਦੀ ਇਕ ਇਕਾਈ।

ਖਿਮਾ ਵਿਹੂਣੇ ਖਪਿ ਗਏ **ਖੂਹਣਿ** ਲਖ ਅਸੰਖ।

—ਰਾਮ ੧, ਓਅੰ ੪੯ : ੧ (937)

ਗਿਆਰਹ

ਯਾਰਾਂ (11), ਗਿਣਤੀ ਵਿਚ ਦਸ ਤੋਂ ਅਗਲਾ ਤੇ 12 ਤੋਂ ਪਹਿਲਾਂ ਦੀ ਗਿਣਤੀ।

ਗਿਆਰਹ ਮਾਸ ਪਾਸ ਕੈ ਰਾਖੈ ਏਕੈ ਮਾਹਿ ਨਿਧਾਨਾ।

—ਪ੍ਰਭਾ ਕਬ, ੨, ੩ : ੨ (1349)

ਗੂਣਾ

ਗੁਣਾ, ਗੁਣਨ ਕੀਤਾ ਹੋਇਆ, ਜਮਾਂ ਕੀਤਾ ਹੋਇਆ (+),

ਦੇਦੇ ਮੰਗਹਿ ਸਹਸਾ **ਗੂਣਾ** ਸੋਭ ਕਰੇ ਸੰਸਾਰੁ।

—ਆਸਾ ੧, ਵਾਰ ੬ਸ, ੧, ੧ : ੮ (466)

ਙਣਤੀ

ਗਿਣਤੀ, ਗਿਣਕੇ

ਙਣਤੀ ਙਣੀ ਨਹੀ ਕੋਊ ਛੂਟੈ।

—ਗਉ ੫, ਬਾਅ ੨੧ : ੫ (254)

ਙਣਿ ਘਾਲੇ ਸਭ ਦਿਵਸ ਸਾਸ ਨਾਹ ਬਢਨ ਘਟਨ ਤਿਲੁ ਸਾਰ।

—ਗਉ ੫, ਬਾਅ ੨੧ ਸ: ੧ (254)

ਚਉਸਠਿ

ਸਠ ਜਮਾ ਚਾਰ (64),

ਆਠ ਜਾਪ **ਚਉਸਠਿ** ਘਰੀ ਤੁਅ ਨਿਰਖਤ ਰਹੈ ਜੀਉ।

—ਸਲੋ ਕਬ, ੨੩੫ : ੧ (1377)

ਚਉਗੁਨ

ਚਾਰ ਗੁਣਾਂ, ਗਿਣਤ ਦਾ ਹਿਸਾਬ, ਚੌਗੁਣੀ, ਚਉਗੁਣੀ,

ਉਸ ਤੇ **ਚਉਗੁਨ** ਕਰੈ ਨਿਹਾਲੁ।

—ਗਉ ੫, ਸੁਖ ੫, ੨ : ੯ (268)

ਦੂਣੀ **ਚਉਣੀ** ਕਰਾਮਾਤਿ ਸਚੇ ਕਾ ਸਚਾ ਢੋਆ।

—ਰਾਮ ਬਸ, ਵਾਰ ੮ : ੮ (968)

ਚਉਤੀਸ

ਤੀਹ ਤੇ ਚਾਰ, ਚੌਂਤੀ (34)

ਨਾਨਾ ਖਿਆਲ ਪੁਰਾਨ ਬੇਦ ਬਿਧਿ **ਚਉਤੀਸ** ਅਖਰ ਮਾਂਹੀ।

—ਸੋਰ ਰਵਿ, ੪, ੨ : ੧ (658)

ਚਉਥੜੀ

ਚੌਥੀ

ਹਰਿ **ਚਉਥੜੀ** ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ।

—ਸੂਹੀ ੪, ਛੰਤ ੨, ੪ : ੧ (774)

ਚਉਦਹ

ਚੌਦਾਂ, (14), ਦਸ ਜਮਾਂ ਚਾਰ

ਦੁਇ ਦੀਵੇ **ਚਉਦਾ** ਹਟਨਾਲੇ।

—ਸੂਹੀ ੩, ਵਾਰ ੧੩ਸ, ੧, ੧ : ੧ (789)

ਚਉਬੀਸਾ

ਚਵੀ (24), ਗਿਣਤੀ ਦੀ ਇਕ ਇਕਾਈ,

ਬ੍ਰਹਮਨ ਗਿਆਸ ਕਰਹਿ **ਚਉਬੀਸਾ** ਕਾਜੀ ਮਹ ਰਮਜਾਨਾ।

—ਪ੍ਰਭਾ ਕਬ, ੨, ੩ : ੧ (1349)

ਚਉਰਾਸੀ

ਅੱਸੀ ਤੇ ਚਾਰ (80 + 4 = 84), ਗਿਣਤੀ ਦੀ ਇਕ ਇਕਾਈ

ਲਖ **ਚਉਰਾਸੀ** ਰਿਜਕੁ ਆਪਿ ਅਪੜਾਏ।

—ਮਾਝ ੩, ਅਸ ੫, ੮ : ੨ (112)

ਲਖ **ਚਉਰਾਸੀਹ** ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ।

—ਸਿਰੀ ੩, ੩੬, ੩ : ੩ (27)

ਚਊਣੀ

ਵੇਖੋ 'ਚਉਗੁਨ'

ਦੂਣ **ਚਊਣੀ** ਦੇ ਵਡਿਆਈ ਸੋਭਾ ਨੀਤਾ ਨੀਤ।

—ਸੋਰ ੫, ੩੭, ੧ : ੨ (618)

ਚਤੁਆਰੇ

ਚਾਰ, ਗਿਣਤੀ ਦੀ ਇਕ ਇਕਾਈ,

ਗੁਪਤੇ ਬੂਝਹੁ ਜੁਗ **ਚਤੁਆਰੇ**।

—ਮਾਰੂ ੧, ਸੋਲਾ ੭, ੩ : ੧ (1026)

ਚਤੁਰ

ਵੇਖੋ 'ਚਤੁਆਰੇ'

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ।

—ਗਉ ੫, ੧੬੪, ੩ : ੧ (216)

ਚਤੁਰਦਸ

ਵੇਖੋ 'ਚਉਦਹ'

ਚਤੁਰਦਸ ਹਾਟ ਦੀਵੇ ਦੁਇ ਸਾਖੀ।

—ਮਾਰੂ ੧, ਸੋਲਾ ੧੮, ੧੩ : ੧ (1039)

ਚਵਗਣ

ਵੇਖੋ 'ਚਉਗੁਨ'

ਨਾਨਕ ਵੇਖੈ ਨਦਰਿ ਕਰਿ ਚੜੈ **ਚਵਗਣ** ਵੰਨੁ।

—ਸੋਰ ੧, ੨, ੪ : ੩ (596)

ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ **ਚਵਗਣਿ** ਵੰਨੇ।

—ਗਉ ੪, ਵਾਰ ੨੫ : ੪ (314)

ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ **ਚਵਗਨਿ** ਵੰਨੁ।

—ਮਲਾ ੧, ਵਾਰ ੬ਸ, ੩ : ੧ : ੨ (1282)

ਚਵਰਾਸੀਹ

ਵੇਖੋ 'ਚਉਰਾਸੀ'

ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ।

—ਸਵ ੩, ੩ : ੨ (1393)

ਚਾਰਿ

ਵੇਖੋ 'ਚਤੁਆਰੇ'

ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ **ਚਾਰਿ**।

—ਸਿਰੀ ੧, ੫, ੧ : ੨ (15)

ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ।

—ਮਾਰੂ ਨਾਮ, ੧, ੧ : ੧ (1105)

ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ **ਚਾਰੀ**।

—ਗੂਜ ੩, ਅਸ ੧, ੫ : ੨ (506)

ਚਾਲੀਸੀ

ਚਾਲ੍ਹੀਆਂ ਉਪਰ ਪੁੱਜ ਕੇ,

ਚਾਲਾਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੋ ਬੋਢੇਪਾ ਆਵੈ।

—ਮਾਝ ੧, ਵਾਰ ੧ਸ, ੧, ੩ : ੨ (138)

ਛਹ

ਛੇ (6); ਗਿਣਤ ਦੀ ਇਕ ਇਕਾਈ, ਛੇਹਾਂ

ਚਾਰਿ ਮੰਤਰਹ **ਛਹ** ਮੂਏ ਚਾਰਿ ਪੁਰਖ ਦੁਇ ਨਾਰਿ।

—ਸਲੋ ਕਬ, ੬੧ : ੨ (1369)

ਛਠਿ ਖਟੁ ਚਕ੍ਰ **ਛਹੂੰ** ਦਿਸ ਧਾਇ।

—ਗਉ ਕਬ, ਥਿਤੀ ੭ : ੨ (343)

ਛਠਿ

ਛੇਵੀਂ

ਛਠਿ ਖਟੁ ਚਕ੍ਰ ਚਹੁੰ ਦਿਸ ਧਾਇ।

—ਗਉ ਕਬ, ਥਿਤੀ ੭ : ੧ (342)

ਛਤੀਹ

ਗਿਣਤੀ ਦੀ ਇਕ ਇਕਾਈ, ਹਿੰਦਸਾ 36, ਪੈਂਤੀ ਤੋਂ ਬਾਅਦ ਤੇ ਸੈਂਤੀ ਤੋਂ ਪਹਿਲਾਂ ਦੀ ਗਿਣਤੀ,

ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ।

—ਸਿਰੀ ੧, ੭, ੧ : ੩ (16)

ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ।

—ਰਾਮ ੩, ਵਾਰ ੭ : ੧ (949)

ਛਪਨ

ਛਪੰਜਾ, ਗਿਣਤੀ ਦੀ ਇਕ ਇਕਾਈ (56)

ਛਪਨ ਕੋਟਿ ਜਾ ਕੇ ਖੇਲ ਖਾਸੀ।

—ਭੈਰ ਕਬ, ੧੫, ੧ : ੪ (1161)

ਛਿਅ

ਵੇਖੋ 'ਛਹ'

ਛਿਅ ਘਰ ਛਿਅ ਗੁਰ ਛਿਅ ਉਪਦੇਸ।

—ਆਸਾ ੧, ੨, ੧ : ੧ (12)

ਛਿਨਵੈ

ਸੌ ਤੋਂ ਚਾਰ ਘੱਟ (96), ਗਿਣਤੀ ਦੀ ਇਕ ਇਕਾਈ,

ਅਠਾਰਹ ਭਾਰ ਬਨਾਸਪਤੀ ਮਾਲਣੀ **ਛਿਨਵੈ** ਕਰੋੜੀ ਮੇਘ ਮਾਲਾ ਪਾਣੀ ਹਾਰੀਆ।

—ਮਲਾ ਨਾਮ, ੧, ੪ : ੨ (1292)

ਟੰਕੁ

ਚਾਰ ਮਾਸਿਆਂ ਦਾ ਤੋਲਾ, ਤੋਲ ਦੀ ਇਕ ਇਕਾਈ

ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ **ਟੰਕੁ** ਚੜਾਇਆ।

—ਸੋਰ ੪, ੪, ੧ : ੩ (605)

ਤੀਸ

ਤੀਹ (30); ਗਿਣਤੀ ਦੀ ਇਕ ਇਕਾਈ

ਤੀਸ ਬਰਸ ਕਛੂ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ।

—ਆਸਾ ਕਬ, ੧੫, ੧ : ੨ (479)

ਦਸ ਬਾਲਤਣਿ ਬੀਸ ਰਵਣਿ ਤੀਸ ਕਾ ਸੁੰਦਰੁ ਕਹਾਵੈ।

—ਮਾਝ ੧, ਵਾਰ ੧ਸ, ੩ : ੧ (138)

ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਵਉ।

—ਸਵ ੩, ੧੨ : ੪ (1394)

ਤੀਹ ਕਰ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।

—ਸਿਰੀ ੧, ੨੭, ੪ : ੧ (28)

ਤੀਜੜੀ

ਤੀਸਰੀ, ਤਿੰਨ (3), ਤੀਜੀ

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ।

—ਸੂਹੀ ੪, ਛੰਤ ੨, ੩ : ੧ (774)

ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।

—ਮਾਝ ੧, ਵਾਰ ੭ਸ, ੧, ੩ : ੨ (41)

ਤੀਨ ਭਵਨ ਨਿਹਕੇਵਲ ਗਿਆਨੁ।

—ਆਸਾ ੧, ਆਸਾ ੬, ੨ : ੨ (414)

ਤੇਤੀਸ

ਤੀਹ ਉਪਰ ਤਿੰਨ (30 + 3 = 33), ਗਿਣਤੀ ਦੀ ਇਕ ਇਕਾਈ,

ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ।

—ਸਿਰੀ ੫, ੭੨, ੪ : ੧ (42)

ਸੁਰ ਤੇਤੀਸਉ ਜੇਵਹਿ ਪਾਕ।

—ਭੈਰ ਕਬ, ਅਸ ੨, ੨ : ੨ (1163)

ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ।

—ਮਾਝ ੫, ਅਸ ੩੫, ੨ : ੩ (130)

ਤੋਲਾ

ਵਜ਼ਨ ਦੀ ਇਕ ਨਿੱਕੀ ਇਕਾਈ ਜੋ 12 ਮਾਸਿਆਂ ਦੀ ਹੁੰਦੀ ਹੈ।

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ।

—ਬਸੰ ੧, ੧੧, ੪ : ੨ (1171)

ਤ੍ਰਿਹਦਸ

ਤੇਰਾਂ (13); ਦਸ ਜਮਾਂ ਤਿੰਨ,

ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ।

—ਗੂਜ ੧, ਅਸ ੧, ੧ : ੨ (503)

ਤ੍ਰਿਤੀਆ

ਤੀਜਾ,

ਤ੍ਰਿਤੀਆ ਬਿਵਸਥਾ ਸਿੰਚੇ ਮਾਇ।

—ਰਾਮ ੫, ੨੩, ੨ : ੩ (890)

ਦਸ

ਸੌ ਦਾ ਦਸਵਾਂ ਹਿੱਸਾ (10), ਗਿਣਤੀ ਦੀ ਇਕ ਇਕਾਈ,

ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ।

—ਸਿਰੀ ੧, ੨੬, ੩ : ੨ (23)

ਦਸ ਅਸਟ

ਅਠਾਰਾਂ, ਦਸ ਤੇ ਅੱਠ (10 + 8 = 18)

ਸਭਿ ਨਿਧਾਨ **ਦਸ ਅਸਟ** ਨਿਧਾਨ ਠਾਕੁਰ ਕਰ ਤਲ ਧਰਿਆ।

—ਗੂਜ ੫, ਸੋਦ ੫, ੪ : ੧ (10)

ਆਪੇ **ਦਸ ਅਠ** ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ।

—ਬਿਹਾ ੪, ਵਾਰ ੧੩ : ੩ (553)

ਅਸਟ ਦਸਾ ਖਟੁ ਤੀਨਿ ਉਪਾਏ।

—ਬਿਲਾ ੧, ਥਿਤੀ ੫ : ੩ (839)

ਦਸ ਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ।

—ਮਾਰੂ ੪, ੮, ੫ : ੩ (998)

ਦਸਅਠਾ ਅਠਸਠੇ ਚਾਰੀ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।

—ਧਨਾ ਰਵਿ, ੩, ੪ : ੧ (694)

ਦਸਏਂ

ਵੇਖੋ 'ਦਸ'

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ **ਦਸਏਂ** ਭਾਇ।

—ਸਲੋ ਕਬ, ੫੮ : ੧ (1367)

ਦਸਚਾਰਿ

ਵੇਖੋ 'ਚਉਦਹ'

ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ।

—ਸਿਰੀ ੪, ਵਾਰ ੩ : ੨ (83)

ਦੁਆਦਸ

ਬਾਰਾਂ (12), ਗਿਣਤੀ ਦੀ ਇਕ ਇਕਾਈ,

ਜੇ ਉਹ **ਦੁਆਦਸ** ਸਿਲਾ ਪੂਜਾਵੈ।

—ਗੋਂਡ ਰਵਿ, ੨, ੧ : ੨ (875)

ਦੁਆਦਸਿ ਮੁਦ੍ਰਾ ਮਨੁ ਅਉਧੂਤਾ।

—ਬਿਲਾ ੧, ਥਿਤੀ ੧੫ : ੧ (840)

ਦੁਆਦਸੀ ਦਇਆ ਦਾਨੁ ਕਰਿ ਜਾਣੈ।

—ਬਿਲਾ ੧, ਥਿਤੀ ੧੬ : ੨ (840)

ਨਉ

ਨੌਂ (9), ਗਿਣਤੀ ਦੀ ਇਕ ਇਕਾਈ,

ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।

—ਸਿਰੀ ੧, ੧੩, ੨ : ੩ (19)

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।

—ਮਾਝ ੩, ਅਸ ੨, ੩ : ੩ (110)

ਨਰਬਦ

ਨ + ਅਰਬਦ, ਅਰਬਾਂ ਤੋਂ ਪਰੇ, ਭਾਵ ਬੇਅੰਤ

ਅਰਬਦ **ਨਰਬਦ** ਧੁੰਧੂਕਾਰਾ।

—ਮਾਰੂ ੧, ਸੋਲਾ ੧੫, ੧ : ੧ (1035)

ਪਚਾਸ

ਪੰਜਾਹ (50); ਗਿਣਤੀ ਦੀ ਇਕ ਇਕਾਈ,

ਅੰਧਾ ਚਾਨਣਿ ਰਖੀਐ ਦੀਵੇ ਬਲਹਿ **ਪਚਾਸ**।

—ਮਾਝ ੧, ਵਾਰ ੧੨ਸ, ੧, ੧ : ੫ (143)

ਅਭੂਲੁ ਨ ਭੂਲੇ ਲਿਖਿਓ ਨ ਚਲਾਵੈ ਮਤਾ ਨ ਕਰੈ **ਪਚਾਸਾ**।

—ਸਾਰ ੫, ੩੮, ੧ : ੧ (1212)

ਤੇ ਸਤਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ **ਪੰਚਾਸਾ**।

—ਪ੍ਰਭਾ ੧, ੩, ੨ : ੨ (1328)

ਪਚਾਸੀ

ਅਸੀ ਜਮਾਂ ਪੰਜ (85), ਗਿਣਤੀ ਦੀ ਇਕ ਇਕਾਈ,

ਚਾਲੀਸੀ ਪੁਰੁ ਹੋਇ **ਪਚਾਸੀ** ਪਗੁ ਖਿਸੈ ਸਠਾ ਕਾ ਬੋਢੇਪਾ ਆਵੈ।

—ਮਾਝ ੧, ਵਾਰ ੧ਸ, ੧, ੩ : ੨ (138)

ਪਚੀਸ

ਪੰਝੀ, ਪੰਜ ਤੱਤਾਂ ਦੇ ਗੁਣ (25)

ਪਾਂਚ **ਪਚੀਸ** ਮੋਹਾ ਮਦ ਮਤਸਰ ਆਡੀ ਪਰਬਲ ਮਾਇਆ।

—ਭੈਰ ਕਬ ੧੭, ੧ : ੧ (1161)

ਪੰਜਵਾਂ

ਪੰਜਵੀਂ ਥਾਂ ਤੇ, ਚੌਥੇ ਤੋਂ ਅਗਲਾ,

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ **ਪੰਜਵਾ** ਪਾਇਆ ਘਿਰਤੁ।

—ਆਸਾ ੧, ਵਾਰ, ੧੯ਸ, ੧, ੧ : ੫ (473)

ਪੰਜਵੈ ਖਾਣ ਪੀਅਣ ਕੀ ਧਾਤੁ।

—ਮਾਝ ੧, ਵਾਰ ੧ਸ, ੧, ੨ : ੫ (137)

ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ **ਪੰਜਿ** ਸਰੀਕ ਜੀਉ।

—ਸਿਰੀ ੫, ੨੯, ੪ : ੩ (73)

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।

—ਮਾਝ ੧, ਵਾਰ ੭ਸ, ੧, ੩ : ੧ (141)

ਪੰਦ੍ਰਹ

ਪੰਦਰਾਂ (15), ਦਸ ਜਮਾਂ ਪੰਜ, ਗਿਣਤ ਦੀ ਇਕ ਇਕਾਈ,

ਪੰਦ੍ਰਹ ਥਿੰਤੀ ਸਾਤ ਵਾਰ।

—ਗਉ ਕਬ, ਥਿਤੀ ੧ਸ : ੧ (343)

ਪਾਚ

ਵੇਖੋ 'ਪੰਜਵਾਂ'

ਨਾਇਕੁ ਏਕੁ ਬਨਜਾਰੇ **ਪਾਚ**।

—ਬਸੰ ਕਬ, ੬, ੧ : ੧ (1194)

ਕਿਨਹੂ ਲਾਖ **ਪਾਂਚ** ਕੀ ਜਰੀ (ਪੰਜ ਲੱਖ)।

—ਗਉ ਕਬ, ੬੦, ੩ : ੧ (337)

ਪੈਤੀਸ

ਪੈਂਤੀ (35); ਗਿਣਤੀ ਦੀ ਇਕ ਇਕਾਈ

ਤੀਸ ਇਕ ਅਰ ਪੰਜਿ ਸਿਧੁ **ਪੈਤੀਸ** ਨ ਖੀਣਉ।

—ਸਵ ੩, ੧੨ : ੪ (1394)

ਬਇਆਲੀਸ

ਬਿਆਲੀ (42); ਚਾਲੀ ਜਮਾ ਦੋ, ਗਿਣਤੀ ਦੀ ਇਕ ਇਕਾਈ,

ਬਇਆਲੀਸ ਲਖ ਜੀ ਜਲਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ।

—ਆਸਾ ਨਾਮ ੨, ੧ : ੨ (485)

ਬਹਤਰਿ

ਸਤਰ ਜਮਾ ਦੋ (70 + 2 = 72); ਗਿਣਤੀ ਦੀ ਇਕ ਇਕਾਈ

ਸਾਠ ਸੂਤ ਨਵ ਖੰਡ **ਬਹਤਰਿ** ਪਾਟੁ ਲਗੋ ਅਧਿਕਾਈ।

—ਗਉ ਕਬ, ੫੪, ੧ : ੨ (335)

ਬਤੀਸ

ਬੱਤੀ (32), ਦੋ ਉਪਰ ਤੀਹ, ਗਿਣਤੀ ਦੀ ਇਕ ਇਕਾਈ

ਨ ਸੋਹੈ **ਬਤੀਸ** ਜਖਨਾ।

—ਭੈਰ ਨਾਮ, ੨, ੩ : ੨ (1163)

ਜੈਸੇ ਕਾਤੀ ਤੀਸ **ਬਤੀਸ** ਹੈ ਵਿਚਿ ਰਾਖੈ ਰਸਨਾ ਰਾਸ ਰਤੁ ਕੇਰੀ।

—ਗਉ ੪, ੫੧, ੩ : ੧ (168)

ਬਤੀਹ ਸੁਲਖਣੀ ਸਚੁ ਸੰਤਤਿ ਪੂਤ।

—ਆਸਾ ੫, ੩, ੩ : ੧ (371)

ਬਾਨਵੈ

ਦੋ ਉਪਰ ਨਬੇ (90 + 2 = 92), ਗਿਣਤੀ ਦੀ ਇਕ ਇਕਾਈ,

ਜਾਂ ਚੈ ਘਰਿ ਨਿਕਟ ਵਰਤੀ ਅਰਜਨ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦ ਨੇਜੈ ਸਿਧ ਬੁਧ ਗਣ ਗੰਧਰਬ **ਬਾਨਵੈ** ਹੇਲਾ।

—ਮਲਾ ਨਾਮ, ੧, ੫ : ੧ (1292)

ਬਾਰਹ

ਬਾਰਾਂ (12), ਗਿਣਤੀ ਦੀ ਇਕ ਇਕਾਈ, ਬਾਰ੍ਹਵੀਂ

ਬਾਰਸਿ **ਬਾਰਹ** ਉਗਵੈ ਸੂਰ।

—ਗਉ ਕਬ, ਥਿਤੀ ੧੩ : ੧ (344)

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ।

—ਤੁਖਾ ੧, ਬਾਰਾ ੧੭ : ੧ (1109)

ਬਾਰਹਾ ਕੰਚਨੁ ਸੁਧੁ ਕਰਾਇਆ।

—ਮਾਰੂ ੫, ਸੋਲਾ ੩, ੧੬ : ੧ (1074)

ਬਾਵਨ

ਬਵੰਜਾ (52), ਗਿਣਤੀ ਦੀ ਇਕ ਇਕਾਈ (50 + 2 = 52)

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।

—ਗਉ ਕਬ, ਬਾਅ ੧ : ੧ (340)

ਬਿਸੰਖ

ਅਣਗਿਣਤ, ਬੇਅੰਤ

ਮੰਨੇ ਨਾਉ **ਬਿਸੰਖ** ਦਰਗਾਹ ਪਾਵਣਾ।

—ਮਾਝ ੧, ਵਾਰ ੨੧ : ੬ (148)

ਭਾਰੁ

ਵਜ਼ਨ, ਬੋਝ, ਗਿਣਤ ਵਿਗਿਆਨ ਦੀ ਇਕਾਈ

ਧਵਲੈ ਉਪਰਿ ਕੇਤਾ **ਭਾਰੁ**।

—ਜਪੁ ੧, ੧੬ : ੧੦ (3)

ਰਾਮ ਨਾਮ ਰੰਗਿ ਰਤਿਆ **ਭਾਰੁ** ਨ ਭਰਮੁ ਤਿਨਾਹ।

—ਸਿਰੀ ੧, ੨੩, ੪ : ੨ (23)

ਮਣੁ

ਚਾਲੀ ਸੇਰ ਦੀ ਇਕਾਈ, ਤੋਲ ਦੀ ਇਕ ਇਕਾਈ

ਲਖ **ਮਣ** ਸੁਇਨਾ ਲਖ **ਮਣ** ਰੁਪਾ ਲਖ ਸਾਹਾ ਸਿਰਿ ਸਾਹ।

—ਮਲਾ ੧, ਵਾਰ ੨੧ਸ, ੧, ੪ : ੨ (1287)

ਸਉ **ਮਣੁ** ਹਸਤੀ ਘਿਉ ਗੁੜ ਖਾਵੈ ਪੰਜਿ ਸੈ ਦਾਣਾ ਖਾਇ।

—ਮਲਾ ੧, ਵਾਰ ੧੯ਸ, ੧, ੨ : ੧ (1286)

ਮਾਸਾ

ਤੋਲ ਦੀ ਇਕ ਇਕਾਈ

ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ **ਮਾਸਾ** ਤੋਲ ਕਢਾਵਣਿਆ।

—ਮਾਝ ੩, ਅਸ ੨੯, ੫ : ੨ (127)

ਮਿਨਾ

ਮਾਪਾਂ, ਤੋਲਾਂ

ਗਰਿ ਗੰਭੀਰ ਅਥਾਹ ਸੁਆਮੀ ਅਤੁ ਜੁਨ ਜਾਈ ਕਿਆ **ਮਿਨਾ**।

—ਮਾਰੂ ੫, ਸੋਲਾ ੮, ੧੩ : ੩ (1079)

ਯਕ

(ਫਾ : ਯਕ) ਇਕ

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।

—ਤਿਲੰ ੧, ੧, ੧ : ੧ (721)

ਲਖ

ਗਿਣਤੀ ਦੀ ਇਕ ਇਕਾਈ, ਲੱਖ (1,00,000)

ਸਹਸ ਸਿਆਣਪਾ **ਲਖ** ਹੋਹਿ ਤ ਇਕ ਨ ਚਲੈ ਨਾਲਿ।

—ਜਪੁ ੧, ੧ : ੪ (1)

ਨਾਨਕ ਕਾਗਦ **ਲਖ** ਮਣਾ ਪੜਿ ਪੜਿ ਕੀਚੈ ਭਾਉ।

—ਸਿਰੀ ੧, ੨ : ੪ : ੧ (15)

ਝੜ ਝਖੜ ਓਹਾੜ ਲਹਰੀ ਵਹਨਿ **ਲਖੇਸਰੀ**।

—ਸਲੋ ੧, ੪ : ੧ (1140)

ਲਾਖ ਕਰੋਰੀ ਬੰਧੁ ਨ ਪਰੈ।

—ਗਉ ੫, ਸੁਖ ੨, ੨ : ੨ (264)

ਕਿਨਹੂ **ਲਾਖ** ਪਾਂਚ ਕੀ ਜੋਰੀ।

—ਗਉ ਕਬ, ੬੦, ੩ : ੧ (337)

ਚਿਕਿਤਸਾ-ਵਿਗਿਆਨ
(Medical Science)

ਉਮਰਥਲ

ਅੰਤੜੀ ਦਾ ਫੋੜਾ ਜੋ ਬਹੁਤ ਦੁੱਖਦਾਈ ਹੁੰਦਾ ਹੈ, ਅੰਦਰ ਦਾ ਫੋੜਾ, ਇਸ ਨੂੰ ਅਜੋਕੀ ਭਾਸ਼ਾ ਵਿਚ 'ਅਲਸਰ' ਕਿਹਾ ਜਾਂਦਾ ਹੈ। ਇਸ ਨਾਲ ਰੋਗੀ ਦਾ ਖਾਣ-ਪੀਣ ਦਾ ਸਾਰਾ ਢੰਗ ਵਿਗੜ ਜਾਂਦਾ ਹੈ।

ਜਿਨਾ ਅੰਦਰ ਉਮਰਥਲ ਸੇਈ ਜਾਣਨਿ ਸੂਲੀਆ।

—ਗਉ ੪, ਵਾਰ ੧੯ਸ, ੪, ੧ : ੧ (311)

ਉਰ

ਹਿਰਦਾ, ਦਿਲ, ਮਨ, ਆਤਮਾ

ਉਰ ਨਾ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥

—ਗਉ ਕਬ, ੬੫, ੧ : ੨ (338)

ਹਰਿ ਮਾਲਾ **ਉਰ** ਅੰਤਰਿ ਧਾਰੈ।

—ਆਸਾ ੫, ੭੦, ੨ : ੧ (388)

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ **ਉਰਿ** ਲਿਵ ਲਾਗੁ।

—ਬਿਲਾ ੪, ਵਾਰ ੧ਸ, ੪, ੧ : ੩ (849)

ਉਰਛੈ

ਦੇਖੋ 'ਉਰ'

ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ ਹਰਿ ਧਾਰਿਓ ਹਰਿ **ਉਰਛੈ**।

—ਬਸੰ ੪, ੪, ੩ : ੨ (1178)

ਉਦਰ

ਗਰਭ, ਪੇਟ

ਹਿਰਹਿ ਪਰ ਦਰਬੁ **ਉਦਰ** ਕੈ ਤਾਈ।

—ਗਉ੫, ਥਿਤੀ ੯ : ੫ (298)

ਨਰਕ **ਉਦਰ** ਭ੍ਰੰਮਤ ਜਲਤੋ ਜਮਹਿ ਕੀਨੀ ਸਾਰ।

—ਸਾਰ ੫, ੧੨੯, ੧ : ੨ (1229)

ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ **ਉਦਰੁ** ਭਰਨ ਕੈ ਤਾਈ।

—ਗੂਜ ੧, ਅਸ ੩, ੨ : ੧ (504)

ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ।

—ਰਾਮ ੩, ਵਾਰ ੬ਸ, ੩, ੨ : ੨ (949)

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ।

—ਆਸਾ ਧੰਨਾ, ੩, ੧ : ੧ (488)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ।

—ਸਿਰੀ ੪, ਪਹ, ੩, ੧ : ੧ (76)

ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ।

—ਆਸਾ ਕਬ, ੨੩, ੧ : ੨ (481)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ॥

—ਸਿਰੀ ੫, ਪਹ, ੧ : ੧ (77)

ਓਪਾਉ

ਇਲਾਜ, ਦਾਰੂ

ਓਪਾਵਾ ਸਿਰਿ **ਓਪਾਉ** ਹੈ ਨਾਉ ਪਰਾਪਤਿ ਹੋਇ।

—ਬਿਲਾ ੪, ਵਾਰ ੬ਸ, ੩, ੧ : ੨ (851)

ਉਪਾਵਾ ਸਿਰਿ ਉਪਾਉ ਹੈ ਨਾਉ ਪਰਾਪਤਿ ਹੋਇ।

—ਬਿਲਾ ੪, ਵਾਰ ੬ਸ, ੩, ੧ : ੨ (851)

ਅਉਖਦ

ਦਾਰੂ, ਰੋਗ ਦੂਰ ਕਰਨ ਵਾਲੀ ਦੁਆਈ, Medicine.

ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ।

—ਫੁਨ ੫, ੨੩ : ੨ (1363)

ਸਰਬ ਰੋਗ ਕਾ **ਅਉਖਦੁ** ਨਾਮੁ।

—ਗਉ ੫, ਸੁਖ ੯, ੫ : ੭ (274)

ਅਉਖਧ ਮੰਤ੍ਰ ਮੂਲ ਮਨ ਏਕੈ ਜੇਕਰਿ ਦ੍ਰਿੜੁ ਚਿਤੁ ਕੀਜੈ ਰੇ।

—ਗਉ ੧, ੧੬, ੧ : ੧ (156)

ਮੈ **ਅਉਖਧੁ** ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਨਾਮਿ ਉਧਰੀਐ ਜੀਉ।

—ਮਾਝ ੪, ੩, ੩ : ੩ (95)

ਅਸਤ

ਹੱਡੀ (Bone) ਲਈ ਅੰਗ੍ਰੇਜ਼ੀ ਦਾ ਸ਼ਬਦ 'ਬੋਨ' ਹੈ। ਵਿਗਿਆਨਕ ਪੱਖੋਂ, ਸਰੀਰ ਦਾ ਹੱਡੀਆਂ ਦਾ ਬਣਿਆ ਪੱਥਰ ਜਿਹਾ ਸਖਤ ਢਾਂਚਾ, ਸੈਲਾਂ ਰਾਹੀਂ ਉਸਰੇ ਹੋਰਨਾ ਸੰਯੋਜਕ ਟਿਸ਼ੂਆਂ ਜਿਹਾ ਹੀ ਇਹ ਵੀ ਇਕ ਟਿਸ਼ੂ ਹੀ ਹੈ, ਜਿਸ ਅੰਦਰ ਕਿ ਚੂਨੇ ਦੇ ਖਾਰ ਸਮਾਏ ਹੁੰਦੇ ਹਨ। ਇਹੋ ਖਾਰ ਹੱਡੀਆਂ ਦੀ ਕਰੂਰਤਾ ਤੇ ਪੱਥਰੀ ਲੋਪਣ ਦਾ ਜਿੰਮੇਵਾਰ ਹੁੰਦੇ ਹਨ। ਹੱਡੀ ਅੰਦਰ ਰਚੇ ਇਹਨਾਂ ਖਾਰਾਂ 'ਚੋਂ ਸਭਨਾਂ ਨਾਲੋਂ ਵਧੀਕ ਮਾਤ੍ਰਾ ਹੁੰਦੀ ਹੈ ਕੈਲਸ਼ੀਅਮ ਫਾਸਫੇਟ (Calcium Phosphate) ਦੀ।

ਬਿਸਟਾ ਅਸਤ ਰਕਤੁ ਪਰੇਟੇ ਚਾਮ।

—ਆਸਾ ੫, ੧੪, ੩ : ੧ (374)

ਲਉ ਨਾੜੀ ਸੂਆ ਹੈ **ਅਸਤੀ**।

-ਰਾਮ ੫, ੧੩, ੧ : ੨ (886)

ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਦ ਹੀ ਕੇ ਬੇਢੇ।

—ਕਦਾ ਕਬ, ੪, ੧ : ੨ (1124)

ਅਖੜੀਆਂ

ਪਿਆਰੀਆਂ ਅੱਖਾਂ (Beautiful Eyes); ਹੋਰ ਵੇਖੋ 'ਅਖੀ'

ਨਾਨਕ ਸੇ **ਅਖੜੀਆਂ** ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।

—ਮਾਰੂ ੫, ਵਾਰ ੧੯ਸ, ੫, ੩ : ੨ (1100)

ਨਾਨਕ ਸੇ **ਅਖੜੀਆਂ** ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।

—ਵਡ ੫, ਛੰਤ ੨, ਕਸ : ੨ (577)

ਅਖੀ

ਨੇਤਰ (Eyes) ਅੱਖਾਂ, ਸਰੀਰਕ ਅੰਗ ਜਿਸ ਨਾਲ ਜੀਵ ਵੇਖਦਾ ਹੈ। ਅੱਖ (Eye) ਪੁਰਾਣੀ ਐਂਗਲੋ ਸੈਕਸਨ ਸ਼ਬਦਾਵਲੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਵੇਖਣ ਦੇ ਅੰਗ'। ਰੀੜ ਰਹਿਤ ਅਤੇ ਰੀੜ ਸਹਿਤ, ਦੋਵਾਂ ਹੀ ਪ੍ਰਕਾਰ ਦਿਆਂ ਜੀਵਾਂ ਵਿਚ 'ਅੱਖ' ਵੱਖ-ਵੱਖ ਪ੍ਰਕਾਰ ਦੀ ਹੁੰਦੀ ਹੈ। ਸਭਨਾਂ ਤੋਂ ਸਾਦੀ ਅੱਖ, ਕੇਵਲ ਕੁਝ ਕੁ ਅਜਿਹੇ ਸੈਲਾਂ ਦੀ ਬਣੀ ਹੁੰਦੀ ਹੈ ਜਿਹੜੇ ਕਿ ਰੋਸ਼ਨੀ ਨੂੰ ਹਨ੍ਹੇਰੇ ਨਾਲੋਂ ਨਿਖੇੜਨ ਯੋਗ ਹੁੰਦੇ ਹਨ ਅਤੇ ਅਜਿਹੀਆਂ ਸਾਦਾ ਅੱਖਾਂ ਨੀਵੀਂ ਪੱਧਰ ਦਿਆ ਪ੍ਰਾਣੀ ਜੀਵਾਂ ਵਿਚ ਹੁੰਦੀਆਂ ਹਨ। ਘੋਗੇ-ਸਿੱਪਾਂ ਦੀਆਂ ਅਤੇ ਜੋੜਾਂ-ਜੜੀਆਂ ਟੰਗਾਂ ਵਾਲੇ ਕਬੀਲੇ ਦੀਆਂ, ਚਿਤਰ ਰਚਦੀਆਂ ਅੱਖਾਂ ਹੁੰਦੀਆਂ ਹਨ। ਰੀੜ ਸਹਿਤ ਜੀਵਾਂ ਵਿਖੇ ਅੱਖ ਬਹੁਤ ਹੀ ਪੇਚੀਦਾ ਬਣਤਰ ਵਾਲੀ ਹੁੰਦੀ ਹੈ। ਇਹ ਗੋਲ ਹੁੰਦੀ ਹੈ ਜਿਸ ਦੇ ਅਗਾਂਹ ਪਰਿਦਰਸ਼ੀ ਲੈਂਜ਼ (Lens) ਹੁੰਦਾ ਹੈ। ਲੈਂਜ਼ 'ਚੋਂ ਪਾਰ ਹੋ ਰਹੀਆਂ ਪ੍ਰਕਾਸ਼ ਦੀਆਂ ਕਿਰਨਾਂ ਦਾ ਫੋਕਸ ਅੱਖ ਦੀ ਗੋਲਾਈ ਦੇ ਪਿਛਲੇ ਭਾਗ 'ਚ ਸਥਿਤ ਸੰਵੇਦਨੀ ਪਰਦੇ ਜਾਂ ਰੈਟਿਨਾ ਉੱਪਰ ਕੇਂਦਰਤ ਹੁੰਦਾ ਹੈ। ਇੱਥੇ, ਵੇਖੀ ਜਾ ਰਹੀ ਵਸਤੂ ਦਾ ਇੰਨ-ਬਿੰਨ ਚਿਤਰ ਉਲੀਕਿਆ ਜਾਂਦਾ ਹੈ। ਇਸ ਚਿੱਤਰ ਬਾਰੇ ਅਹਿਸਾਸੀ ਭਾਵਨਾ ਅੱਗੋਂ ਦਿਮਾਗ਼ ਵਿਚ ਉਤਪੰਨ ਹੁੰਦੀ ਹੈ। ਦਿਮਾਗ ਅੰਦਰਲੇ ਚਿੱਤਰ ਅਹਿਸਾਸ ਲਈ ਸੰਵੇਦਕ ਭਾਗ ਦਾ ਸੰਪਰਕ ਅੱਖ ਦੇ ਪਰਦੇ ਦੇ ਉਸ ਭਾਗ ਨਾਲ, ਜਿੱਥੇ ਕਿ ਵਸਤੂਆਂ ਦੇ ਪ੍ਰਛਾਵੇਂ ਚਿਤਰੇ ਜਾਂਦੇ ਹਨ, ਇਕ ਮੁੱਖ ਨਸ ਰਾਹੀਂ ਬਣਿਆ ਹੁੰਦਾ ਹੈ। ਅੱਖ ਦੇ ਪਰਦੇ ਉੱਪਰ ਤਾਂ ਕੈਮਰੇ ਵਾਂਗ ਵਸਤੂਆਂ ਦੇ ਉਲਟੇ ਪ੍ਰਛਾਵੇਂ ਹੀ ਚਿਤਰੇ ਜਾਂਦੇ ਹਨ, ਪਰ ਇਹਨਾਂ ਬਾਰੇ ਦਿਮਾਗ ਅੰਦਰ ਅਹਿਸਾਸ ਉਤਪੰਨ ਹੋਣ ਸਮੇਂ ਇਹ ਪ੍ਰਛਾਵੇਂ ਮੁੜ ਆਪਣਾ ਸਿੱਧਾ ਰੂਪ ਅਪਣਾ ਲੈਂਦੇ ਹਨ।

ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ।

—ਸਿਰੀ ੧, ੫੨, ੪ : ੨ (76)

ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ।

—ਸਾਰ ੪, ਵਾਰ ੧੧ਸ, ੧, ੨ : ੧ (1241)

ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ **ਅਖੀਅਨ** ਕਉ ਸੰਤੋਖੁ ਪ੍ਰਭ ਦਰਸਨ।

—ਕਾਨ ੫, ੨੯, ੧ : ੨ (1303)

ਅੰਗ

ਸਰੀਰ (Body), ਜਿਸਮ

ਅੰਗੁ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭ ਹਰੇ।

—ਆਸਾ ੫, ਛੰਤ ੧੦, ੨ : ੪ (459)

ਅੰਗੁ ਸੰਗਿ ਭਗਵਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ।

—ਗੂਜ ੫, ਅਸ ੨, ੮ : ੨ (508)

ਮਗਨੁ ਭਇਓ ਪ੍ਰਿਆ ਪ੍ਰੇਮ ਸਿਉ ਸੂਧ ਨ ਸਿਮਰਤ **ਅੰਗੁ**।

—ਚਉ ੫, ੧੧ : ੧ (1364)

ਅੰਗੁਸਟ

ਅੰਗੂਠਾ (Thumb), ਹੱਥ ਦਾ ਹਿੱਸਾ।

ਕੁਬਿਜਾ ਉਧਰੀ **ਅੰਗੁਸਟ** ਧਾਰ।

—ਬਸੰ ੫, ਅਸ ੧, ੩ : ੨ (1192)

ਅੰਗੁਰੀਆ

ਉਂਗਲੀ (Finger),

ਗਰਤ ਪਰਤ ਗਹਿ ਜੇਹੁ **ਅੰਗੁਰੀਆ**।

—ਗਉ ੫, ੧੧ਸ, ੧ : ੨ (203)

ਅੰਗੁਲ

ਦੇਖੋ 'ਅੰਗੁਰੀਆ'

ਤ੍ਰੈ ਸਤ **ਅੰਗੁਲ** ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ।

—ਰਾਮ ੧, ਸਿਗੋ ੫੮ : ੨ (944)

ਅਵਖਦ

ਵੇਖੋ 'ਅਉਖਦ'

ਗੁਨ ਗਾਵਹੁ ਨਿਤ ਰਾਮ ਕੇ ਇਹ **ਅਵਖਦ** ਜੋਗ।

—ਬਿਲਾ ੫, ੨੮, ੧ : ੨ (807)

ਹਰਿ ਹਰਿ ਨਾਮੁ **ਅਵਖਦੁ** ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ।

—ਸੋਰ ੫, ੬੨, ੪ : ੩ (625)

ਅਵਖਦ ਸਭੇ ਕੀਤੀਅਨ ਨਿੰਦਕ ਕਾ ਦਾਰੂ ਨਾਹਿ।

—ਗਉ ੪, ਵਾਰ ੨੯ਸ, ੫, ੨ : ੧ (315)

ਨਾਮੁ **ਅਵਖਦੁ** ਜਿਨਿ ਜਨ ਤੇਰੈ ਪਾਇਆ।

—ਮਾਝ ੫, ੪੬, ੩ : ੧ (107)

ਆਂਡਾ

ਅੰਡਾ (Egg), ਖਾਣ ਦਾ ਪਦਾਰਥ, ਉਹ ਸ਼ੈ ਜੋ ਪੰਛੀਆਂ ਤੇ ਮੱਛੀਆਂ ਆਦਿ ਧਰਤੀ ਤੇ ਰੇਂਗ ਕੇ ਚੱਲਣ ਵਾਲੇ ਜਾਨਵਰਾਂ ਦੀ ਮਦੀਨ ਦੇ ਅੰਡਕੋਸ਼ ਵਿਚੋਂ ਨਿਕਲਦੀ ਹੈ।

ਫੂਟੋ **ਆਂਡਾ** ਭਰਮ ਕਾ ਮਨਹਿ ਭਇਓ ਪਰਗਾਸੁ।

—ਮਾਰੂ ੫, ੧੪, ੧ : ੧ (1002)

ਜੈਸੇ **ਆਂਡੋ** ਹਿਰਦੇ ਮਾਹਿ।

—ਮਾਲੀ ੫, ੩, ੩ : ੩ (987)

ਸਿਰ

(ਫ਼ਾ. ਸਰ) ਸੀਸ

ਜਾ ਤੁਧੁ ਭਾਵੈ ਤੇਗ ਵਗਾਵਹਿ **ਸਿਰ** ਮੁੰਡੀ ਕਟਿ ਜਾਵਹਿ॥

—ਮਾਝ ੧, ਵਾਰ ੧੫ਸ, ੧, ੧ : ੫ (145)

ਨਾਨਕ **ਸਿਰੁ** ਦੇ ਛੁਟੀਐ ਦਰਗਹ ਪਤਿ ਪਾਏ।

—ਆਸਾ ੧, ਅਸ ੧੮, ੮ : ੨ (421)

ਸਿਰਨਾਵਣੀ

ਮਾਸਕ ਰਿਤੂ (Mensus), ਇਸਤ੍ਰੀ ਨੂੰ ਮਹੀਨੇ ਅਥਵਾ ਇਕ ਨਿਸਚਿਤ ਅਵਧੀ ਬਾਅਦ ਆਉਣ ਵਾਲੀ ਰਿਤੂ, ਕਿਉਂਕਿ ਇਸ ਤੋਂ ਬਾਅਦ ਕੇਸੀ ਇਸ਼ਨਾਨ ਕਰਨ ਦਾ ਵਿਧਾਨ ਹੈ, ਇਸ ਲਈ ਇਸ ਨੂੰ ਸਿਰਨਾਵਣੀ ਕਹਿੰਦੇ ਹਨ।

ਜਿਉ ਜੋਰੂ **ਸਿਰਨਾਵਣੀ** ਆਵੈ ਵਾਰੋ ਵਾਰ।

—ਆਸਾ ੧, ਵਾਰ ੧੭ਸ, ੧, ੨ : ੧ (472)

ਸੀਤਲਾ

ਚੇਚਕ ਦੀ ਬੀਮਾਰੀ (Small pox), ਹਿੰਦੂ ਮਤ ਅਨੁਸਾਰ ਚੇਚਕ ਦੀ ਬੀਮਾਰੀ ਦੀ ਦੇਵੀ ਦਾ ਨਾਂ ਜੋ ਸੁਨਹਿਰੀ ਰੰਗ ਦੀ, ਖੋਤੇ ਉੱਤੇ ਸਵਾਰ, ਹੱਥ ਵਿਚ ਝਾੜੂ, ਮਥੇ ਉੱਪਰ ਛੱਜ ਤੇ ਲਾਲ ਰੰਗ ਦੇ ਬਸਤਰਾਂ ਵਾਲੀ ਮੰਨੀ ਜਾਂਦੀ ਹੈ।

ਸੀਤਲਾ ਤੇ ਰਖਿਆ ਬਿਹਾਰੀ।

—ਗਉ ੫, ੧੭੨, ੧ : ੧ (200)

ਸੀਨਾ

(ਫ਼ਾ : ਸੀਨਾ), ਛਾਤੀ (Chest).

ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ **ਸੀਨਾ** ਰਾਮ।

—ਬਿਲਾ ੫, ਛੰਤ ੫, ੨ ; ੪ (848)

ਸੁਖਮਨ

ਜੋਗ ਮਤ ਅਨੁਸਾਰ ਇਕ ਨਾੜੀ ਜੋ ਨੱਕ ਦੇ ਮੁੱਢ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੱਕ ਪਹੁੰਚਦੀ ਹੈ। ਇਸ ਦੇ ਖੱਬੇ ਪਾਸੇ 'ਇੜਾ' ਤੇ ਸਜੇ ਪਾਸੇ 'ਪਿੰਗਲਾ' ਮੰਨੀ ਜਾਂਦੀ ਹੈ।

ਮਨ ਰੇ ਪਵਨ ਦ੍ਰਿੜ **ਸੁਖਮਨ** ਨਾਰੀ।

—ਗਉ ਕਬ,੧੮, ੧ : ੨ (327)

ਸੁਖਮਨ ਨਾਰੀ

ਵੇਖੋ : 'ਸੁਖਮਨ'

ਸਹਜ ਸੈਨ ਅਰੁ **ਸੁਖਮਨ ਨਾਰੀ** ਊਧ ਕਮਲ ਬਿਗਸਇਆ।

—ਸੋਰ ੫, ੧੪, ੧ : ੨ (612)

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ।

—ਰਾਮ ੧, ਸਿਗੋ ੬੦ : ੫ (944)

ਸੇਤਜ

ਮੁੜਕੇ ਤੋਂ ਉਪਜਣ ਵਾਲੇ (Sweat born); ਜੀਵਾਂ ਦੀ ਉੱਤਪਤੀ ਦੇ ਸਰੂਪ ਨੂੰ ਸਮਝਾਉਣ ਲਈ ਇਕ ਪ੍ਰਾਚੀਨ ਖਾਣੀ ਦਾ ਨਾਮ,

ਅੰਡਜ ਜੇਰਜ ਉਤਭੁਜ **ਸੇਤਜ** ਤੇਰੇ ਕੀਤੇ ਜੰਤਾ।

—ਸੋਰ ੧, ੪, ੩ : ੧ (596)

ਅੰਡਜ ਜੇਰਜ ਉਤਭੁਜਾਂ ਖਾਣੀ **ਸੇਤਜਾਂ**ਹ।

—ਆਸਾ ੧, ਵਾਰ ੮ਸ, ੧, ੧ : ੩ (467)

ਸ੍ਰਵਣ

ਕੰਨ (Ear), ਸਰੀਰ ਦਾ ਸੁਣਨ ਵਾਲਾ ਅੰਗ, ਕੰਨ (Ear) ਰੀੜ ਸਹਿਤ ਜੀਵਾਂ ਵਿਖੇ, ਸਿਰ ਦੇ ਦੋਵੀਂ ਪਾਸੀਂ ਇਕ ਜੋੜਾ ਅਜਿਹੇ ਸੰਵੇਦਨਸ਼ੀਲ ਅੰਗਾਂ ਦਾ ਸਥਿਤ ਹੁੰਦਾ ਹੈ ਜਿਹਨਾਂ ਦਾ ਕੰਮ ਸੁਣਨਾ ਅਤੇ ਸਰੀਰ ਦੇ ਸੰਤੁਲਨ ਨੂੰ ਬਣਾਈ ਰੱਖਣਾ ਹੁੰਦਾ ਹੈ। ਇਹ ਸੰਵੇਦਨਸ਼ੀਲ ਅੰਗ ਹਨ ਈਅਰਜ਼ (Ears) ਜਾਂ ਕੰਨ। ਕੰਨ ਦੀ ਕਨੂਲੀ ਅਤੇ ਪੇਪੜੀ ਕੰਨ ਦੇ ਅੰਦਰ ਖੁੱਲ੍ਹਦੇ ਦੁਆਰ ਨੂੰ ਸੁਰੱਖਿਆ ਅਰਪਣ ਕਰਦੇ ਹਨ। ਇਸੇ ਪ੍ਰਵੇਸ਼ ਦੁਆਰ ਦੇ ਅੰਦਰਲੇ ਸਿਰੇ ਤੇ ਕੰਨ ਦਾ ਪਰਦਾ ਜੜਿਆ ਹੁੰਦਾ ਹੈ ਕੰਨ ਦਾ ਵਿਚਕਾਰਲਾ ਭਾਗ। ਤਿੰਨ ਛੋਟੀਆਂ ਛੋਟੀਆਂ ਅਸਥੀਆਂ, ਮੇਲਿਅਸ, ਇੰਕਸ ਤੇ ਸਟੇਪੀਜ਼ ਕੰਨ ਦੇ ਇਸ ਭਾਗ ਅੰਦਰ ਸਥਿਤ ਹੁੰਦੀਆਂ ਹਨ। ਉਪਰੋਕਤ ਤਰਤੀਬ 'ਚ ਇਕ ਦੂਜੀ ਨਾਲ ਜੁੜੀਆਂ ਇਹਨਾਂ ਅਸਥੀਆਂ ਰਾਹੀਂ, ਆਵਾਜ਼ਾਂ ਵਜੋਂ ਕੰਨ ਦੇ ਪਰਦੇ 'ਚ ਉਤਪੰਨ ਹੋ ਰਹੀਆਂ ਥਰਕਣਾਂ ਦਾ ਸੰਚਾਰਨ, ਕੰਨ ਦੇ ਅੰਦਰਲੇ ਭਾਗ ਤੱਕ ਹੁੰਦਾ ਰਹਿੰਦਾ ਹੈ। ਕੰਨ ਦਾ ਵਿਚਕਾਰਲਾ ਭਾਗ ਕੰਨ ਦੇ ਅੰਦਰਲੇ ਭਾਗ ਨਾਲ ਦੋ ਦੁਆਰਾਂ ਰਾਹੀਂ ਜੁੜਿਆ ਹੁੰਦਾ ਹੈ। ਇਹਨਾਂ 'ਚੋਂ ਇਕ ਦੀ ਬੈਜ਼ਵੀ ਜਾਂ ਅੰਡੇ ਜਿਹੀ ਨੁਹਾਰ ਹੁੰਦੀ ਹੈ ਅਤੇ ਦੂਜੇ ਦੀ ਗੋਲ। ਇਹਨਾਂ ਤੋਂ ਬਿਨਾਂ ਕੰਨ ਦੇ ਵਿਚਕਾਰਲੇ ਭਾਗ ਦਾ ਸੰਬੰਧ, ਯੂਸਟੇਚਿਅਨ ਟਿਊਬ ਨਾਮ ਦੀ ਨਾਲੀ ਰਾਹੀਂ ਗਲੇ ਨਾਲ ਵੀ ਬਣਿਆ ਹੁੰਦਾ ਹੈ। ਕੰਨ ਦਾ ਅੰਦਰਲਾ ਭਾਗ

ਕਪਾਲ ਜਾਂ ਖੋਪੜੀ ਦੇ ਅੰਦਰ ਸੁਰੱਖਿਅਤ ਹੁੰਦਾ ਹੈ। ਕੰਨ ਦੇ ਇਸ ਅੰਦਰਲੇ ਭਾਗ ਨੂੰ ਸੁਣਨ ਨਾਲ ਅਤੇ ਸਰੀਰਕ ਸੰਤੁਲਨ ਨੂੰ ਬਣਾਈ ਰੱਖਣ ਨਾਲ ਸੰਬੰਧਤ ਸੰਵੇਦਨਸ਼ੀਲ ਅੰਗ ਉਸਾਰਦੇ ਹਨ। ਇਹਨਾਂ ਅੰਗਾਂ 'ਚੋਂ ਹਨ, ਤਿੰਨ ਅਰਧ-ਚੱਕਰੀ ਨਾਲੀਆਂ ਅਤੇ ਕੌਂਕਲਿਆਂ ਨਾਲੀ। ਇਹਨਾਂ ਦੀ ਨਾਲੀਆਂ ਨਾਲ ਅਗੋਂ ਆਡੀਟਰੀ ਨਸ ਜੁੜੀ ਹੁੰਦੀ ਹੈ।

ਸ੍ਰਵਣ ਸੋਏ ਸੁਣਿ ਨਿੰਦ ਵੀਚਾਰ।

—ਗਉ ੫, ੮੯, ੧ : ੨ (182)

ਪਰ ਨਿੰਦਾ ਨਹ ਸ੍ਰੋਤਿ **ਸ੍ਰਵਣੰ** ਆਪੁ ਤਿਆਗਿ ਗਗਲ ਰੇਣੁਕਹ।

—ਸਸ ੫, ੪੦ : ੬ (1357)

ਸ੍ਵਾਸਾ

ਸੁਆਸ, ਸਾਹ (Breathing)

ਗਨੰਤ **ਸ੍ਵਾਸਾ** ਭੈਯਾਨ ਧਰਮੰ।

—ਸਸ ੫, ੩ : ੪ (1354)

ਹਸਤ

ਹੱਥ (Hand), ਦਸਤ, ਸਰੀਰ ਦਾ ਇਕ ਅੰਗ, ਕਰ, ਬਾਂਹ ਦੇ ਗੁਟ ਤੋਂ ਅੱਗੇ ਦਾ ਹਿੱਸਾ, ਦਸਤ ਪੰਜਾ।

ਹਸਤ ਪੁਨੀਤ ਹੋਹਿ ਤਤਕਾਲ।

—ਗਉ ੫, ੯੭, ੧ : ੧ (185)

ਹਸਤ ਚਰਨ ਸੰਤ ਟਹਲ ਕਮਾਈਐ।

—ਗਉ ੫, ਥਿਤੀ ੧੦ : ੭ (299)

ਹਡ

ਵੇਖੋ : 'ਅਸਤ'

ਤਨੁ ਤਪੈ ਤਨੂਰ ਜਿਉ ਬਾਲਣੁ **ਹਡ** ਬਲੰਨਿ।

—ਸਲੋ ਫਰ, ੧੧੯ : ੧ (1384)

ਜਿੰਦੁ ਨਿਮਾਣੀ ਕਢੀਐ **ਹਡਾ** ਕੂ ਕੜਕਾਇ।

—ਸਲੋ ਫਰ, ੧ : ੩ (1377)

ਜੀਉ ਪਾਇ ਮਾਸੁ ਮੁਹਿ ਮਿਲਿਆ **ਹਡੁ** ਚੰਮੁ ਤਨੁ ਮਾਸੁ।

—ਮਲਾ ੧, ਵਾਰ ੨੫ਸ, ੧, ੧ : ੨ (1289)

ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ **ਹਡੇ**।

—ਗਉ ੪, ਵਾਰ ੩੩ : ੪ (317)

ਹਥ

ਵੇਖੋ 'ਹਸਤ'

ਜਿਸੁ ਤੂੰ ਰਖਹਿ **ਹਥ** ਦੇ ਤਿਸੁ ਮਾਰਿ ਨ ਸਕੈ ਕੋਇ।

—ਸਿਰੀ ੫, ੭੫, ੨ : ੩ (43)

ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ।

—ਮਾਝ ੫, ਬਾਰਾ ੭ : ੬ (134)

ਪੈਰਾ ਬਾਝਹੁ ਚਲਣਾ ਵਿਣੁ **ਹਥਾ** ਕਰਣਾ।

—ਮਾਝ ੧, ਵਾਰ ੩ਸ, ੨, ੧ : ੨ (139)

ਰਖੁ ਜਗਤੁ ਸਗਲ ਦੇ **ਹਥਾ ਰਾਮ।**

—ਵਡ ੫, ਛੰਤ ੩, ੧ : ੨ (578)

ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ **ਹਥਾ**।

—ਮਾਰੂ ੫, ਵਾਰ ੨੦ : ੨ (1101)

ਮਹਾ ਅਗਨਿ ਤੇ **ਹਾਥ** ਦੇ ਰਾਖਾ।

—ਗਉ ੫, ਅਸ ੯, ੩ : ੨ (239)

ਬ੍ਰਹਮ ਗਿਆਨੀ ਕਾ ਸਭ ਊਪਰਿ **ਹਾਥੁ**।

—ਗਉ ੫, ਸੁਖ ੮, ੮ : ੬ (273)

ਈਤ ਊਤ ਪ੍ਰਭੁ ਤੁਮ ਸਮਰਥਾ ਸਭੁ ਕਿਛੁ ਤੁਮਰੈ **ਹਾਥੇ**।

—ਗਉ ੫, ੧੩੫, ੩ : ੧ (209)

ਹਿਰਦਾ

ਵੇਖੋ 'ਉਰ'

ਜਿਨ ਗੁਰਮੁਖਿ **ਹਿਰਦਾ** ਸੁਧੁ ਹੈ ਸੇਵ ਪਈ ਤਿਨ ਥਾਇ।

—ਸਿਰੀ ੩, ੩੭, ੫ : ੨ (28)

ਬ੍ਰਹਮੇ ਇੰਦ੍ਰ ਧਿਆਇਨਿ **ਹਿਰਦੇ**।

—ਮਾਝ ੫, ਅਸ ੩੫, ੨ : ੨ (130)

ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।

—ਆਸਾ ਧੰਨਾ, ੨, ੩ : ੨ (488)

ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ **ਹਿਰਦੈ** ਰਹਿਆ ਸਮਾਇ।

—ਸਿਰੀ ੧, ੪, ੪ : ੨ (15)

ਹੀਉ

ਦਿਲ (Heart), ਹਿਰਦਾ

ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ **ਹੀਉ** ਡਿਵੈ ਮਨ ਐਸੀ ਪ੍ਰੀਤਿ ਕੀਜੈ।

—ਆਸਾ ੫, ਛੰਤ ੪, ੪ : ੧ (455)

ਹੀਅਰਾ

ਵੇਖੋ 'ਹੀਉ'

ਮਨਮੁਖ **ਹੀਅਰਾ** ਅਤਿ ਕਠੋਰੁ ਹੈ ਤਿੰਨ ਅੰਤਰਿ ਕਾਰ ਕਰੀਠਾ।

—ਗਉ ੪, ੬੧, ੩ : ੧ (171)

ਕਨ

ਵੇਖੋ 'ਸ੍ਰਵਣ'

ਜਿਨਿ **ਕਨ** ਕੀਤੇ ਅਖੀ ਨਾਕੁ।

—ਧਨਾ ੧, ੫, ੨ : ੧ (662)

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ **ਕੰਨ**।

—ਮਾਝ ੧, ਵਾਰ ੧੯ਸ, ੨, ੨ : ੧ (147)

ਕਪਾਲਾ

ਮਥਾ (Forehead), ਮੂੰਹ ਅਤੇ ਸਿਰ ਦਾ ਵਿਚਕਾਰਲਾ ਹਿੱਸਾ,

ਕਰ ਊਜਲ ਤਿਲਕੁ **ਕਪਾਲਾ**।

—ਪ੍ਰਭਾ ਬੇਣੀ, ੧, ੪ : ੨ (1351)

ਕਪਾਲੁ

ਖੋਪੜੀ (Skull)

ਕਰਮ ਕਰਿ **ਕਪਾਲੁ** ਮਫੀਟਸਿ ਰੀ।

—ਧਨਾ ਤ੍ਰਿਲੋ, ੧, ੩ : ੨ (695)

ਕਮਰ

(ਫ਼ਾ : ਕਮਰ), ਲਕ

ਮੂਡ ਪਲੋਸਿ **ਕਮਰ** ਬਧਿ ਪੋਥੀ।

—ਗੋਂਡ ਕਬ, ੬, ੩ : ੩ (871)

ਕਰੰਗ

ਪਿੰਜਰ, ਮੁਰਦਾਰ, ਮੋਏ ਪਸ਼ੂਆਂ ਦਾ ਪਿੰਜਰ, ਪਿੰਜਰ (Skeleton) ਇਕ ਯੂਨਾਨੀ ਸ਼ਬਦ ਸਕੈਲੇਟਸ (Skeletos) ਤੋਂ ਬਣਿਆ ਹੈ ਜਿਸ ਦੇ ਅਰਥ ਹਨ 'ਸੁਕੇ ਤੇ ਸਖਤ' ਦੇ। ਪ੍ਰਾਣੀ ਜੀਵਾਂ ਦੇ ਅੰਦਰਲੇ ਜਾਂ ਬਾਹਰਲੇ ਸੁਕੇ ਹੋਏ ਅਤੇ ਸਖਤ ਸੁਭਾਓ ਵਾਲੇ ਪਿੰਜਰ ਲਈ ਇਸ ਉਪਰੋਕਤ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਹੜਾ ਕਿ ਭਾਵੇਂ ਹੱਡੀਆਂ ਦਾ ਬਣਿਆ ਹੋਵੇ ਤੇ ਭਾਵੇਂ ਕਿਸੇ ਹੋਰ ਕਰੜੇ ਪਦਾਰਥ ਦਾ। ਰੀੜ ਸਾਹਿਤ ਪ੍ਰਾਣੀਆਂ ਦੇ ਹੱਡੀ ਪਿੰਜਰ ਚੂਨੇ (Calcium Carbonate) ਜਾਂ ਕਾਇਟਿਨ (Chitin) ਰਾਹੀਂ ਉਸਰੇ ਹੁੰਦੇ ਹਨ। ਪਿੰਜਰ ਭਾਵੇਂ ਸਰੀਰ ਦੇ ਬਾਹਰ ਹੋਵੇ ਅਤੇ ਭਾਵੇਂ ਇਸ ਦੇ ਅੰਦਰ, ਇਸਦਾ ਕੰਮ ਹੁੰਦਾ ਹੈ ਇਕ ਤਾਂ ਸਰੀਰ ਨੂੰ ਨੁਹਾਰ ਅਰਪਣ ਕਰਨਾ ਅਤੇ ਦੂਜੇ, ਇਸ ਨੂੰ ਸਹਾਰਾ ਦੇਣਾ। ਤਕਰੀਬਨ 206 ਨਾਮ ਵਾਲੀਆਂ ਹੱਡੀਆਂ ਦਾ ਹੀ ਪਿੰਜਰ ਵਜੂਦ ਵਿਚ ਆਉਂਦਾ ਹੈ।

ਬਗੁਲਾ ਕਾਗ ਨੀਚ ਕੀ ਸੰਗਤਿ ਜਾਇ **ਕਰੰਗ** ਬਿਖੁ ਮੁਖਿ ਲਾਈਐ।

—ਰਾਮ ੪, ੪, ੪ : ੧ (881)

ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਆਇਆ **ਕਰੰਗਿ** ਲਗਾਵੈਗੋ।

—ਕਾਨ ੪, ਅਸ ੬, ੭ : ੨ (1312)

ਕਰਤਲ

ਹੱਥ ਦੀ ਤਲੀ (Palm)

ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ **ਕਰਤਲ** ਧਰਿਆ।

—ਗੂਜ ੫, ਸੋਦ ੫, ੪ : ੧ (10)

ਕਰਨ

ਵੇਖੋ 'ਕਨ'

ਦੀਨੇ ਹਸਤ ਪਾਵ **ਕਰਨ** ਨੇਤ੍ਰ ਰਸਨਾ।

—ਗਉ ੫, ਸੁਖ ੪, ੨ : ੭ (267)

ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।

—ਰਾਮ ੫, ੭, ੧ : ੨ (884)

ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ।

—ਕਾਨ ੫, ੨੯, ੧ : ੧ (1303)

ਕਰਨੀ ਸੁਨੀਐ ਜਸੁ ਗੋਪਾਲਾ।

—ਗਉ ੫, ਥਿਤੀ ੧੦ : ੩ (298)

ਪੋਥੀ ਗੀਤ ਕਵਿਤ ਕਿਛੁ ਕਦੇ ਨ **ਕਰਨਿ** ਧਰਿਆ।

—ਸਿਰੀ ੫, ਅਸ ੨੬, ੪ : ੩ (70)

ਕਾਨਾ

ਵੇਖੋ 'ਕਰਨ'

ਦੂਜੀ ਬਾਤ ਨ ਧਰਈ **ਕਾਨਾ**।

—ਗਉ ਕਬ, ਬਾਅ ੯ : ੨ (340)

ਇਕਿ ਬਹਿ ਸੁਨਹਿ ਸੁਨਾਵਹਿ **ਕਾਨਾ**।

—ਮਾਰੂ ੧, ਸੋਲਾ, ੨੨, ੧੧ : ੨ (1043)

ਮੁੰਦ੍ਰਾ ਫਟਕ ਬਨਾਈ **ਕਾਨਿ**।

—ਰਾਮ ੧, ਅਸ ੨, ੬ : ੧ (903)

ਜਬ ਤੇ ਸੁਣਿਆ ਹਰਿ ਜਸੁ **ਕਾਨੀ**।

—ਗਉ ੫, ੯੨, ੧ : ੨ (183)

ਦੀਖਿਆ ਗੁਰ ਦੀ ਮੁੰਦ੍ਰਾ **ਕਾਨੀ** ਦ੍ਰਿੜਿਓ ਏਕੁ ਨਿਰੰਕਾਰਾ।

—ਗਉ ੫, ੧੩੨, ੧ : ੧ (208)

ਕੋੜ

ਕੋਹੜ, ਕੁਸ਼ਟ ਰੋਗ (Leprosy),

ਫਿਟਕ ਫਿਟਕਾ **ਕੋੜ੍ਹ** ਬਦੀਆ ਸਦਾ ਸਦਾ ਅਭਿਮਾਨ।

—ਸੋਲ ੩, ੪ : ੨ (1413)

ਜੋ ਬਿਨ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ **ਕੋੜ੍ਹੇ**।

—ਗਉ ੪, ਵਾਰ ੧੧ : ੪ (306)

ਖਾਟੰਗਾ

ਛੇ ਅੰਗਾਂ ਤੋਂ; ਇਹ ਛੇ ਅੰਗ ਹਨ ਦੋ ਲੱਤਾਂ, ਦੋ ਬਾਹਾਂ, ਇਕ ਸਿਰ ਤੇ ਇਕ ਦੇਹ ਦਾ ਵਿਚਲਾ ਹਿੱਸਾ।

ਚਕ੍ਰ ਕਰਮ ਤਿਲਕ **ਖਾਟੰਗਾ**।

—ਕਾਨ ੫, ੩੬, ੧ : ੪ (1305)

ਖਾਣੀ

ਜੀਵਾਂ ਦੀ ਉਤਪਤੀ ਦੇ ਆਧਾਰ ਉੱਤੇ ਉਨ੍ਹਾਂ ਦੇ ਪ੍ਰਕਾਰ, ਇਹ ਹਨ ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ), ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ), ਸੇਤਜ (ਪਸੀਨੇ ਤੋਂ ਪੈਦਾ ਹੋਣ ਵਾਲੇ) ਅਥਵਾ ਉਤਭੁਜ (ਧਰਤੀ ਤੋਂ ਪੈਦਾ ਹੋਣ ਵਾਲੇ)

ਜਾਵਹਿ ਜੋਧ ਮਹਾਬਲ ਸੂਰਾ ਗਾਵਹਿ **ਖਾਣੀ** ਚਾਰੇ।

—ਜਪੁ ੧, ੨੭ : ੧੩ (6)

ਖ਼ੂਨ

(ਫ਼ਾ : ਖ਼ੂਨ), ਲਹੂ, ਰਤ (Blood)

ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੰਗੂ ਪਾਇ ਵੇ ਲਾਲੋ।

—ਤਿਲੰ ੧, ੫, ੧ : ੭ (722)

ਗੰਧ

ਨੱਕ (Nose), ਨਾਸਕਾ ਨੱਕ ਸਰੀਰ ਦਾ ਉਹ ਹਿੱਸਾ ਹੈ ਜੋ ਮੂੰਹ ਦੇ ਉੱਪਰ ਹੁੰਦਾ ਹੈ। ਨੱਕ ਦੇ ਬਾਹਰ ਨੂੰ ਖੁੱਲ੍ਹਦੇ ਦੁਆਰ ਦਾ ਨਾਮ ਨਾਸਟ੍ਰਿਲ (Nostril) ਜਾਂ 'ਨਾਸ' ਸਾਧਾਰਣ ਬੋਲੀ ਵਿਚ ਸੱਦਿਆ ਜਾਂਦਾ ਹੈ। ਇਹਨਾਂ ਦੇ ਜੋੜੇ ਰਾਹੀਂ ਹਵਾ ਦਾ ਸਰੀਰ ਅੰਦਰ ਪ੍ਰਵੇਸ਼ ਹੁੰਦਾ ਹੈ, ਜਿਸ ਦੀ ਕਿ ਮੰਜ਼ਿਲ ਹੁੰਦੇ ਹਨ, ਫੇਫੜੇ। ਨਾਸਾਂ ਜਾਂ ਨਾਸਟ੍ਰਿਲਾਂ 'ਚੋਂ ਦੀ ਪ੍ਰਵੇਸ਼ ਕਰ ਰਹੀ ਹਵਾ 'ਚ ਰਚੀ ਸੁਗੰਧ ਜਾਂ ਦੁਰਗੰਧ ਦਾ ਅਹਿਸਾਸ ਵੀ ਸੁੰਘਣ ਨਸਾਂ ਰਾਹੀਂ ਦਿਮਾਗ਼ ਨੂੰ ਹੁੰਦਾ ਰਹਿੰਦਾ ਹੈ, ਜਿਹਨਾਂ ਦੇ ਸਿਰੇ ਤੋੜ ਨਾਸਾਂ ਦੇ ਅੰਦਰ ਤੱਕ ਪਸਰੇ ਹੋਏ ਹੁੰਦੇ ਹਨ।

ਸਹਸ ਪਦ ਬਿਮਲ ਨਨ ਏਕ ਪਦ **ਗੰਧ** ਬਿਨੁ ਤਵ **ਗੰਧ** ਇਵ ਚਲਤਮੋਹੀ।

—ਧਨਾ ੧, ਮੋਹ ੩, ੨ : ੨ (13)

ਗਰਭਾਸਿ

ਕੁੱਖ ਵਿਚ ਵਾਸਾ

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ **ਗਰਭਾਸਿ**।

—ਸਿਰੀ ੧, ੫, ੧, ੧ : ੧ (74)

ਗਰਭਿ

ਮਾਂ ਦੇ ਪੇਟ ਵਿਚ, ਜੂਨ ਵਿਚ, ਹਮਲ, ਕੁੱਖ ਵਿਚ, ਕੁੱਖ (Womb),

ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ।

—ਗਉ ੪, ੫੯, ੩ : ੨ (171)

ਪਾਇਆ ਨਿਹਚੁਲ ਥਾਨੁ ਫਿਰਿ ਗਰਭਿ ਨ ਲੇਟਿਆ।

—ਗੂਜ ੫, ਵਾਰ ੧੦ : ੩ (520)

ਅਨਿਕ ਸਜਾਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ।

—ਸਾਰ ੫, ੧੧੧, ੧ : ੨ (1225)

ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ।

—ਗਉ ੪, ੪੬, ੧ : ੧ (165)

ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।

—ਗਉ ੩, ੩੭, ੩ : ੩ (163)

ਵਿਚਹੁ ਗਰਭੈ ਨਿਕਲਿ ਆਇਆ।

—ਮਾਰੂ ੫, ੩੧, ੩ : ੧ (1007)

ਅਨਿਕ ਸਜਾਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਹਿ।

—ਸਾਰ ੫, ੧੧੧, ੧ : ੨ (1225)

ਗਜਾ

(ਫ਼ਾ : ਗਰਦਨ) ਗੀਚੀ, ਗਰਦਨ (Neck), ਸਿਰ ਅਤੇ ਧੜ ਦਾ ਵਿਚਲਾ ਹਿੱਸਾ, ਗਲਾ, ਧੌਣ,

ਗਲਾ ਬਾਧਿ ਦੁਹਿ ਲੇਇ ਅਹੀਰੁ।

—ਸਾਰ ਨਾਮ, ੧, ੨ : ੪ (1252)

ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ।

—ਸਲੋ ਕਬ, ੧੮੮ : ੨ (1374)

ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।

—ਸਲੋ ਫਰ, ੭੬ : ੧ (1381)

ਗੋਸ

(ਫ਼ਾ : ਗੋਸ਼), ਕੰਨ (Ear), ਹੋਰ ਵੇਖੋ 'ਸ੍ਰਵਣ'

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।

—ਤਿਲੰ ੧, ੧, ੧ : ੧ (721)

ਚਸਮ

(ਫ਼ਾ : ਚਸ਼ਮ), ਅੱਖ (Eye), ਨੇਤ੍ਰ, ਵੇਖੋ 'ਅਖੀ'

ਬੰਦੇ ਚਸਮ ਦੀਦੰ ਫਨਾਇ।

—ਤਿਲੰ ੫, ੧, ੧ : ੧ (723)

ਚਰਣ

ਪੈਰ (Foot),

ਮਨ ਚਿੰਦੇ ਸੋਈ ਫਲ ਪਾਵਹਿ **ਚਰਣ** ਕਮਲ ਚਿਤੁ ਲਾਏ।

—ਸਿਰੀ ੫, ਛੰਤ ੨, ੧ : ੪ (79)

ਭ੍ਰਿਤਿਆ ਪ੍ਰਿਅੰ ਬਿਸ੍ਰਾਮ **ਚਰਣੰ**।

—ਸਸ ੫, ੫ : ੩ (1354)

ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ **ਚਰਨ** ਗਏ।

—ਸਿਰੀ ੫, ੭੬, ੨ : ੩ (44)

ਚਾਮ

ਚੰਮ, ਚਮੜੀ (Skin)

ਕਿਆ ਨਾਗੇ ਕਿਆ ਬਾਧੇ **ਚਾਮ**।

—ਗਉ ਕਬ, ੪, ੧ : ੧ (324)

ਬਿਸਤਾ ਅਸਤ ਰਕਤੁ ਪਰੇਟੇ **ਚਾਮ**।

—ਆਸਾ ੫, ੧੪, ੩ : ੧ (374)

ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ **ਚਾਮੁ**।

—ਸਲੋ ਕਬ, ੬੩ : ੨ (1367)

ਛਉੜ

ਅੱਖਾਂ ਵਿਚ ਪੈਦਾ ਹੁੰਦਾ ਪੜਦਾ, ਪੜਦਾ (Cataraot) ਮੋਤੀਆ ਬਿੰਦ ਜੋ ਨਜ਼ਰ ਵਿਚ ਰੁਕਾਵਟ ਬਣਦਾ ਹੈ।

ਸਾਹਿਬ ਸਦਾ ਹਜੂਰਿ ਹੈ ਭਰਮੈ ਕਾ **ਛਉੜ** ਕਟਿ ਕੈ ਅੰਤਰਿ ਜੋਤਿ ਧਰਹੁ।

—ਬਿਲ ੪, ਵਾਰ ੧੫ਸ, ੩, ੨ : ੩ (554)

ਛਾਤੀ

ਸੀਨਾ (Chest),

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ।

—ਗਉ ੫, ਬਾਅ ੨੩ਸ : ੧ (254)

ਜਜਮਾਲਿਆ

(ਫ਼ਾ : ਜੁਜਾਮੁਵਾਲਾ) ਛੂਤ ਦੇ ਰੋਗ ਵਾਲਾ, ਕੋਹੜੀ, ਕੁਸ਼ਟ ਰੋਗੀ, ਖ਼ੂਨ ਵਿਗੜਨ ਦੀ ਬਿਮਾਰੀ ਵਾਲੇ, ਆਮਤੌਰ 'ਤੇ ਕੋੜ੍ਹੀ ਨੂੰ ਕੋਈ ਨੇੜੇ ਨਹੀਂ ਲਿਆਉਂਦਾ ਕਿਉਂਕਿ ਉਸ ਤੋਂ ਛੂਤ ਕਾਰਣ ਰੋਗ ਲਗਣ ਦਾ ਡਰ ਹੁੰਦਾ ਹੈ।

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ **ਜਜਮਾਲਿਆ**।

—ਗਉ ੪, ਵਾਰ ੩ਸ, ੪, ੧ : ੧ (315)

ਓਥੈ ਸਚੇ ਹੀ ਸਚਿ ਨਿਬੜੈ ਚੁਣ ਵਖਿ ਕਢੇ **ਜਜਮਾਲਿਆ**।

—ਆਸਾ ੧, ਵਾਰ ੨ : ੨ (463)

ਜਠਰ

ਪੇਟ, ਢਿੱਡ (Abdomen), ਹੋਰ ਵੇਖੋ 'ਪੇਟਿ'

ਤਉ ਜਠਰ ਅਗਨਿ ਮਹਿ ਰਹਤਾ।

—ਗਉ ਕਬ, ੬੨, ੨ : ੨ (337)

ਜਨਮ

ਪੈਦਾਇਸ਼ (Birth)

ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ।

—ਗਉ ੪, ਗੋਹ ੪, ੩ : ੧ (13)

ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ।

—ਸਸ ੫, ੧੨ : ੧ (1355)

ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ।

—ਸਸ ੫, ੬੩ : ੩ (1359)

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।

—ਮਾਰੂ ੫, ਵਾਰ ੭ਸ, ੫, ੧ : ੨ (1096)

ਜਿਹਬਾ

ਜ਼ੁਬਾਨ, ਜੀਭ (Tongue), ਸਰੀਰ ਦਾ ਉਹ ਅੰਗ ਜਿਸ ਨਾਲ ਖਾਣ ਪੀਣ ਦਾ ਸੁਆਦ ਆਉਂਦਾ ਹੈ ਅਤੇ ਜਿਸ ਨਾਲ ਬੋਲਦੇ ਹਨ, ਰਸਨਾ,

ਬੋਲਹੁ ਜਸੁ ਜਿਹਬਾ ਦਿਨੁ ਰਾਤਿ।

—ਗਉ ੫, ਸੁਖ ੧੭, ੭ : ੧ (286)

ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਆ ਤੁਯੰ।

—ਸਸ ੫, ੬੨ : ੧ (1359)

ਚਾਰਿ ਬੇਦ ਜਿਹਵ ਭਨੇ।

—ਸਾਰ ੫, ੧੩੧, ੧ : ੧ (1229)

ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ।

—ਸਿਰੀ ੧, ੧੫, ੨ : ੨ (19)

ਹੇ ਜਿਹਵੇ ਤੂੰ ਰਾਮ ਗੁਣ ਗਾਉ।

—ਗਉ ੫, ੮੪, ੨ : ੧ (180)

ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ।

—ਆਸਾ ੫, ੧੨੪, ੪ : ੧ (402)

ਜੇਰਜ

ਝਿੱਲੀ ਵਿਚੋਂ ਪੈਦਾ ਹੋਏ, ਜੇਰ ਤੋਂ ਪੈਦਾ ਹੋਣ ਵਾਲੇ ਜੰਤੂ, ਜੀਵਾਂ ਦੀ ਉਤਪਤੀ ਦੀ ਇਕ ਪ੍ਰਾਚੀਨ ਖਾਣੀ (Sweat),

ਅੰਡਜ ਜੇਰਜ ਉਤਭੁਜਾਂ ਖਾਣੀ ਸੇਤ ਜਾਂਹ।

—ਆਸਾ ੧, ਵਾਰ ੮ਸ, ੧, ੧ : ੩ (467)

ਟੰਗ

ਲੱਤ, ਟਗਰੀ (Foot), ਜੰਘ

ਹਰਿ ਭਗਤਾਂ ਕਾ ਮੇਲੀ ਸਰਬਤ ਸਉ ਨਿਸੁਲ ਜਲ ਟੰਗ ਧਰਿ।

—ਬਿਲਾ ੪, ਵਾਰ ੨ : ੩ (849)

ਲੈ ਕਰਿ ਠੇਗਾ ਟਗਰੀ ਤੋਰੀ ਲਾਗਤ ਲਾਗਤ ਜਾਤੀ ਥੀ।

—ਗੌਂਡ ਨਾਮ, ੭, ੧ : ੨ (875)

ਟੁੰਡਾ

ਲੁੰਜਾ, ਜਿਸ ਦਾ ਹੱਥ ਨਹੀਂ (Handicapped).

ਰੁਹਲਾ **ਟੁੰਡਾ** ਅੰਧੁਲਾ ਕਿਉ ਗਲਿ ਲਗੈ ਧਾਇ।

—ਮਾਝ ੧, ਵਾਰ ੩ਸ, ੨, ੨ : ੨ (139)

ਤਨ

ਸਰੀਰ

ਮਧੁਸੂਦਨ ਮੇਰੇ ਮਨ **ਤਨ** ਪ੍ਰਾਨਾ।

—ਮਾਝ ੪, ੨, ੧ : ੧ (94)

ਤਾਪੁ

ਬੀਮਾਰੀ, ਬੁਖਾਰ (Fever).

ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ **ਤਾਪੁ**।

—ਗਉ ੪, ੪੪, ੧ : ੩ (165)

ਤੁਚਾ

ਚਮੜੀ (Skin), ਖਲੜੀ, ਖੱਲ

ਭੂੰਡੀ ਚਾਲ ਚਰਣ ਕਰ ਖਿਸਰੇ **ਤੁਚਾ** ਦੇਹ ਕੁਮਲਾਨੀ।

—ਭੈਰ ੧, ੪, ੧ : ੧ (1126)

ਥਣ

ਮੰਮਾ (Breast), ਸਰੀਰ ਦਾ ਉਹ ਅੰਗ ਜਿਥੋਂ ਬੱਚਾ ਮਾਂ ਦਾ ਦੁੱਧ ਚੁੰਘਦਾ ਹੈ।

ਪਹਿਲੈ ਪਿਆਰਿ ਲਗਾ **ਥਣ** ਦੁਧਿ।

—ਮਾਝ ੧, ਵਾਰ ੧ਸ, ੪, ੨ : ੧ (137)

ਮੈ ਮਤ ਜੋਬਨਿ ਗਰਬਿ ਗਾਲੀ ਦੁਧਾ **ਥਣੀ** ਨ ਆਵਏ।

—ਗਉ ੧, ਛੰਤ ੧, ੧ : ੫ (242)

ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ **ਥਣੀ**।

—ਸਲੋ ੧, ੧ : ੨ (1410)

ਥਨ ਚੋਖਤਾ ਮਾਖਨੁ ਘੂਟਲਾ।

—ਗੋਂਡ ਨਾਮ, ੪, ੨ : ੨ (874)

ਦੂਧੁ ਤ ਬਛਰੈ **ਥਨਹੁ** ਬਿਟਾਰਿਓ।

—ਗੂਜ ਰਵਿ ੧, ੧ : ੧ (525)

ਥੁਕ

ਜੀਭ ਦੀਆਂ ਗਿਲਟੀਆਂ ਤੋਂ ਨਿਕਲਿਆ ਲੇਸਦਾਰ ਰਸ, ਜੋ ਅਪਵਿੱਤਰ ਮੰਨਿਆ ਜਾਂਦਾ ਹੈ,

ਕੋਈ ਜਾਇ ਮਿਲੈ ਤਿਨ ਨਿੰਦਕਾਂ ਮੁਹ ਫਿਕੇ **ਥੁਕ** ਥੁਕ ਮੁਹਿ ਪਾਈ।

—ਗਉ ੪, ਵਾਰ ੧੫ਸ, ੪, ੨ : ੨ (308)

ਨਾਨਕ ਏਵੈ ਜਾਣੀਐ ਤਿਤੁ ਮੁਖਿ **ਥੁਕਾ** ਪਾਹਿ।

—ਆਸਾ ੧, ਵਾਰ ੧੯ਸ, ੧, ੧ : ੬ (473)

ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ **ਥੂਕ** ਮੁਖਿ ਪਈਆ।

—ਬਿਲਾ ੪, ਅਸ ੫, ੭ : ੨ (836)

ਦਸਮ ਦੁਆਰਾ

ਦਿਮਾਗ (Brain), ਯੋਗ ਮਤਿ ਅਨੁਸਾਰ ਸਿਰੀ ਦੀ ਚੋਟੀ ਦੇ ਅੰਦਰਲਾ ਉਹ ਤਿਕੋਨੀ ਥਾਂ ਪ੍ਰਾਣਾਂ ਨੂੰ ਲੈ ਜਾ ਕੇ ਸੁਰਤ ਟਿਕਾਈ ਜਾਂਦੀ ਹੈ ਤੇ ਪਰਮ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ।

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ।

—ਰਾਮ ਬੇਣੀ, ੧, ੪ : ੧ (974)

ਅਨਹਦ ਸਬਦੁ **ਦਸਮ ਦੁਆਰਿ** ਵਜਿਓ ਤਹ ਅੰਮ੍ਰਿਤ ਨਾਮ ਚੁਆਇਆ ਥਾ

—ਮਾਰੂ ੫, ੧੨, ੨ : ੨ (1002)

ਚੰਦਨੁ ਚੀਤਿ ਵਸਾਇਆ ਮੰਦਰੁ **ਦਸਵਾ ਦੁਆਰੁ**।

—ਸਿਰੀ ੧, ੨, ੫ : ੨ (54)

ਧਾਵਤੁ ਥੰਮਿਆ ਸਤਿਗੁਰਿ ਮਿਲਿਐ **ਦਸਵਾ ਦੁਆਰੁ** ਪਾਇਆ।

—ਆਸਾ ੩, ਛੰਤ ੭, ੪ : ੩ (441)

ਦਸਤ

(ਫ਼ਾ : ਦਸਤ), ਹੱਥ (Hand)

ਨ ਰਿਜਕੁ **ਦਸਤ** ਆ ਕਸੇ।

—ਮਾਝ ੧, ਵਾਰ ੧੩ਸ, ੧, ੫ : ੧ (144)

ਦੰਤ

ਦੰਦ (Teeth), ਦੰਦਾਂ ਨੂੰ ਦੰਦ ਪ੍ਰਾਣੀ ਜੀਵਾਂ ਦੇ ਇਕ ਪ੍ਰਕਾਰ ਦੇ ਹਥਿਆਰ ਹੁੰਦੇ ਹਨ ਜਿਹਨਾਂ ਨੂੰ, ਆਪਣੇ ਬਚਾਓ ਲਈ ਅਤੇ ਹੋਰਨਾਂ ਪ੍ਰਾਣੀਆਂ ਦਾ ਸ਼ਿਕਾਰ ਕਰਨ ਲਈ ਆਮ ਵਰਤਿਆ ਜਾਂਦਾ ਹੈ। ਰੀੜ ਸਹਿਤ ਪ੍ਰਾਣੀ ਜੀਵਾਂ ਦੇ ਮੂੰਹ ਵਿਚਲੇ ਦੋਵਾਂ ਜਬਾੜ੍ਹਿਆਂ ਨਾਲ, ਉੱਪਰ ਥੱਲੇ ਦੋ ਕਿਤਾਰਾਂ ਵਿਚ ਜੜੇ ਹੋਏ ਹੱਡੀ ਜਿਹੇ ਸਖ਼ਤ ਦੰਦਾਂ 'ਚੋਂ ਹਰ ਇਕ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ। ਚੱਕ ਮਾਰਨ ਲਈ ਅਤੇ

ਮੂੰਹ ਅੰਦਰਲੀ ਖੁਰਾਕ ਨੂੰ ਚਿੱਥਣ ਲਈ ਦੰਦ ਵਰਤੋਂ 'ਚ ਆਉਂਦੇ ਹਨ। ਦੰਦਾਂ ਦਾ ਵਰਗੀਕਰਨ ਵੀ ਕੀਤਾ ਹੈ ਜਿਵੇਂ ਕੈਨਨ, ਮੋਲਿਰ, ਪ੍ਰੀਮੋਲਿਰ ਆਦਿ।

ਤੇਰੇ ਬੰਕੇ ਲੋਇਣ ਦੰਤ ਰੀਸਾਲਾ।

—ਵਡ ੧, ਛੰਤ ੨, ੭ : ੧ (567)

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।

—ਸੋਰ ੪, ਵਾਰ ੪ਸ, ੩, ੧ : ੧ (643)

ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ।

—ਸੋਰ ੪, ਵਾਰ ੧ਸ, ੪, ੧ : ੨ (642)

ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ।

—ਆਸਾ ੧, ੩੫, ੧ : ੨ (359)

ਦੰਦ ਖੰਡ

ਦੰਦ, ਹਾਥੀ ਦੰਦ ਦਾ ਟੁਕੜਾ,

ਹੀਡੋਲੀ ਚੜਿ ਆਇਆ **ਦੰਦਖੰਡ** ਕੀਤੇ ਰਾਸਿ।

—ਆਸਾ ੧, ਅਸ ੧੧, ੨ : ੨ (417)

ਦਾਰੂ

(ਫ਼ਾ : ਦਾਰੂ), ਔਖਦੀ, ਦਵਾ (Medicine),

ਰੋਗੁ **ਦਾਰੂ** ਦੋਵੈ ਬੁਝੈ ਤਾ ਵੈਦੁ ਸੁਜਾਣੁ।

—ਮਾਝ ੧, ਵਾਰ ੨੨ਸ, ੨, ੨ : ੨ (148)

ਨਾਮੁ ਨਿਧਾਨੁ ਅਖੁਟੁ ਗੁਰੁ ਦੇਇ **ਦਾਰੂਓ**।

—ਗੂਜ ੫, ਵਾਰ ੧੬ : 3 (522)

ਦਾੜਾ

ਸੂਰ ਦੇ ਬਾਹਰ ਨਿਕਲੇ ਦੰਦ, ਹੁੱਡ

ਦਾੜਾ ਅਗ੍ਰੇ ਪ੍ਰਿਥਮਿ ਧਰਾਇਣ।

—ਮਾਰੂ ੫, ਸੋਲਾ ੧੧, ੩ : ੨ (1082)

ਦਿਲ

ਮਨ, ਚਿਤ (Heart), ਅੰਤਹ ਕਰਣ

ਘੜੀ ਮੁਹਤਿ ਕਿ ਚਲਣਾ **ਦਿਲ** ਸਮਝੁ ਤੂੰ ਭਿ ਪਹੁਚੁ।

—ਸਿਰੀ ੧, ਅਸ ੧੭, ੪ : ੨ (64)

ਖਸਮ ਕੀ ਨਦਰਿ **ਦਿਲਹਿ** ਪਸਿੰਦੇ ਜਿਨੀ ਕਰਿ ਏਕੁ ਧਿਆਇਆ।

—ਸਿਰੀ ੧, ੨੭, ੩ : ੨ (24)

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ।

—ਆਸਾ ਫਰ, ੧, ੧ : ੧ (488)

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ।

—ਤਿਲ ੫, ੩, ੨ : ੨ (724)

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।

—ਮਾਝ ੧, ਵਾਰ ੬ਸ, ੧, ੧ : ੩ (140)

ਦਾਨਸਬੰਦੁ ਸੋਈ ਦਿਲਿ ਧੋਵੈ।

—ਧਨਾ ੧, ੭, ੪ : ੧ (662)

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ।

—ਤਿਲੰ ੧, ਅਸ ੧, ੭ : ੧ (725)

ਜੋ ਦਿਲੁ ਸੋਧੇ ਸੋਈ ਹਾਜੀ।

—ਮਾਰੂ ੫, ਸੋਲ ੧੨, ੬ : ੨ (1084)

ਖਾਲਕੁ ਯਾਦਿ ਦਿਲੈ ਮਹਿ ਮਉਲਾ।

—ਮਾਰੂ ੫, ਸੋਲ ੧੨, ੭ : ੨ (1084)

ਧੁੰਧਿ

ਅੱਖਾਂ ਦਾ ਇਕ ਨੇਤ੍ਰ ਰੋਗ ਜਿਸ ਕਾਰਨ ਧੁੰਧਲਾ ਨਜ਼ਰ ਆਉਂਦਾ ਹੈ।

ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ।

—ਭੈਰ ੧, ੪, ੧ : ੨ (1126)

ਨਕੁ

ਨਾਸਿਕਾ, ਸਰੀਰ ਦਾ ਇਕ ਅੰਗ (Nose), ਨੱਕ ਵਿਚ, ਹੋਰ ਵੇਖੋ 'ਗੰਧ'

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ।

—ਵਡ ੪, ਵਾਰ ੧੩ਸ, ੩, ੧ : ੧ (591)

ਲੰਮਾ ਨਕੁ ਕਾਲੇ ਤੇਰੇ ਨੈਣ।

—ਮਲਾ ੧, ੯, ੧ : ੨ (1257)

ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।

—ਮਲਾ ੧, ਵਾਰ ੨੫ਸ, ੧, ੨ : ੪ (1289)

ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ।

—ਵਡ ੪, ਵਾਰ ੧੧ਸ, ੩, ੧ : ੬ (590)

ਨਖ

ਨਹੁੰ (Nails)

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ।

—ਬਿਲਾ ਕਬ, ੪, ੩ : ੨ (856)

ਜਬ ਨਖ ਸਿਖ ਇਹੁ ਮਨੁ ਚੀਨਾ।

—ਰਾਮ ਕਬ, ੧੦, ੧ : ੩ (971)

ਹਰਨਾਖਸ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ।

—ਭੈਰ ਨਾਮ, ੯, ੫ : ੧ (1165)

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ।

—ਸੋਰ ੩, ੫, ੨ : ੨ (601)

ਹਰਣਾਖਸੁ ਲੇ ਨਖਹੁ ਬਿਧਾਸਾ।

—ਗਉ ੧, ਅਸ ੯, ੬ : ੨ (224)

ਨਯਣ

ਅੱਖਾਂ (Eyes), ਨੇਤਰ

ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ **ਨਯਣ**।

—ਸਵ ੫, ਮਥੁ ੧ : ੬ (1408)

ਨੈਣ ਤ ਪਰ ਸਕਯਥ **ਨਯਣਿ** ਗੁਰੁ ਅਮਰੁ ਪਿਖਿਜੈ।

—ਸਵ ੩, ੧੦ : ੪ (1394)

ਜਿਹ ਸਤਿਗੁਰ ਸਿਮਰੰਤ **ਨਯਨ** ਕੇ ਤਿਮਰ ਮਿਟਹਿ ਖਿਨੁ।

—ਸਵ ੪, ਪਲ ੫ : ੧ (1405)

ਨਾਕ

ਨਕ (Nose), ਸਰੀਰ ਦਾ ਇਕ ਅੰਗ, ਹੋਰ ਵੇਖੋ 'ਗੰਧ'

ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ **ਨਾਕ** ਵਢੀਝੈ।

—ਕਲਿ ੪, ਅਸ ੪, ੭ : ੨ (1325)

ਪ੍ਰਣਵਤਿ ਨਾਮਦੇਉ **ਨਾਕਹਿ** ਬਿਨਾ।

—ਭੈਰ ਨਾਮ, ੨, ੩ : ੧ (1163)

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।

—ਆਸਾ ਕਬ, ੪, ੪ : ੧ (476)

ਫਾਟੇ **ਨਾਕ** ਨ ਟੂਟੇ ਕਾਧਨ ਕੋਦਉ ਕੋ ਭੁ ਸੁ ਖਈ ਹੈ।

—ਗੂਜ ਕਬ, ੧, ੧ : ੨ (524)

ਜਿਨਿ ਕਨ ਕੀਤੇ ਅਖੀ ਨਾਕੁ।

—ਧਨਾ ੧, ੫, ੨ : ੧ (662)

ਨਾਦਸਤ

ਦੇਖੋ 'ਸੁਖਮਨ'

ਚੰਦ ਸਤ ਭੇਦਿਆ **ਨਾਦਸਤ** ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।

—ਮਾਰੂ ਜੈਦੇ, ੧, ੧ : ੧ (1106)

ਨਾੜੀ

ਨਾੜੀ (Artery ਜਾਂ Vein) ਲਈ ਵਰਤਿਆ ਜਾਂਦਾ ਸ਼ਬਦ ਹੈ। ਆਰਟੀਰਿਆ

ਲਾਤੀਨੀ ਸ਼ਬਦ ਹੈ ਜਿਸ ਦੇ ਅਰਥ ਲਹੂ ਨਾਲੀ ਦੇ, ਜਿਸ ਰਾਹੀਂ ਲਹੂ ਦਿਲ ਵੱਲੋਂ ਸਰੀਰਕ ਅੰਗਾਂ ਵੱਲ ਜਾਂਦਾ ਹੈ। ਉਪਰੋਕਤ ਨਾਮ ਵੀ ਇਸੇ ਪ੍ਰਕਾਰ ਦੀ ਲਹੂ ਨਾਲੀ ਜਾਂ ਲਹੂ ਵਹਿਣੀ ਦਾ ਹੈ। ਸਰੀਰ ਅੰਦਰਲੀਆਂ ਇਹਨਾਂ ਨਾਲੀਆਂ ਜਾਂ ਨਾੜਾਂ ਵਿਚ, ਸਭਨਾਂ ਵਿਚ ਹੀ, ਆਕਸੀਜਨ ਰਚਕੇ ਸਾਫ ਹੋਇਆ ਲਹੂ ਵਗਦਾ ਹੈ ਪਰ ਸਿਵਾਏ ਇਕ ਨਾੜੀ ਦੇ, ਜਿਸ ਅੰਦਰ ਸ਼ੁੱਧੀ ਲਈ, ਦਿਲ ਵੱਲੋਂ ਫੇਫੜਿਆਂ ਨੂੰ ਜਾਂਦਾ ਅਸ਼ੁੱਧ ਲਹੂ ਵਗਦਾ ਹੈ।

ਇਸੇ ਤਰਾਂ ਵੇਨ (Vein) ਸ਼ਬਦ ਹੈ ਜੋ ਲਾਤੀਨੀ ਭਾਸ਼ਾ ਦੇ Vena ਤੋਂ ਬਣਿਆ ਹੈ। ਇਸ ਦੇ ਅਰਥ ਵੀ ਰਗ ਜਾਂ ਨਾੜੀ ਹਨ। ਲਹੂ ਵਹਿਣੀਆਂ ਦੇ ਸਰੀਰ ਅੰਦਰ ਪਸਰੇ ਹੋਏ ਜਾਲ 'ਚੋਂ ਕੁਝ ਵਹਿਣੀਆਂ ਉਹ ਹੁੰਦੀਆਂ ਹਨ ਜਿਹੜੀਆਂ ਲਹੂ ਨੂੰ ਸਰੀਰਕ ਬੁਣਤਾਂ 'ਚੋਂ ਇਕੱਤ੍ਰਤ ਕਰਕੇ, ਇਸ ਨੂੰ ਦਿਲ ਤੱਕ ਪਹੁੰਚਾਉਂਦੀਆਂ ਰਹਿੰਦੀਆਂ ਹਨ। ਇਹਨਾਂ ਵਹਿਣੀਆਂ 'ਚੋਂ ਹਰ ਇਕ ਨੂੰ ਵੇਨ ਜਾਂ ਰਗ ਸਦਿਆ ਜਾਂਦਾ ਹੈ। ਰਗਾਂ, ਨਾੜਾਂ (arteries) ਦੇ ਟਾਕਰੇ ਮੋਕਲੀਆਂ ਹੁੰਦੀਆਂ ਹਨ ਅਤੇ ਮਹੀਨ ਪਰਤ ਇਹਨਾਂ ਦੁਆਲੇ ਵਲੀ ਹੋਈ ਹੁੰਦੀ ਹੈ। ਲਹੂ ਦੇ ਬਹਾਓ ਨੂੰ ਦਿਲ ਦੀ ਦਿਸ਼ਾ ਵੱਲ ਬਣਾਈ ਰੱਖਣ ਲਈ ਇਹਨਾਂ ਅੰਦਰ, ਥਾਂ-ਪਰ-ਥਾਂ ਤੇ ਵਾਲਵ ਸਥਿਤ ਹੁੰਦੇ ਹਨ। ਫੇਫੜੇ ਵਲੋਂ ਆਉਂਦੀ ਰਗ ਤੋਂ ਸਿਵਾ, ਬਾਕੀ ਸਭਨਾਂ ਰਗਾਂ 'ਚ ਅਸ਼ੁੱਧ ਲਹੂ ਵਗਦਾ ਹੈ।

ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।

—ਸੋਰ ਭਵਿ, ੬, ੧ : ੨ (659)

ਨਿੰਮਿਆ

ਗਰਭ ਵਿਚ ਟਿਕਣਾ, ਬੀਜ ਦਾ ਸਫੁਟਿਤ ਹੋਣਾ, ਉਪਜੇ (Concieve).

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ।

—ਸੋਰ ੧, ਅਸ ੩, ੪ : ੧ (636)

ਭੰਡਿ ਜੰਮੀਐ-ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।

—ਆਸਾ ੧, ਵਾਰ ੧੯ਸ, ੧, ੨ : ੧ (473)

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।

—ਮਲਾ ੧, ਵਾਰ ੨੫, ੧, ੨, ੮੦ (1290)

ਨੇਤ੍ਰ

ਅੱਖਾਂ (Eyes)

ਦੁਖੁ ਨਾਹੀ ਸਭੁ ਸੁਖੁ ਹੀ ਹੈਰੇ ਏਕੈ ਏਕੀ ਨੇਤੈ।

—ਕਾਨ ੫, ੨੨, ੧ : ੧ (1302)

ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ।

—ਮਾਝ ੫, ੧੭, ੧ : ੧ (99)

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ।

—ਰਾਮ ੩, ਅਨੰ ੩੬ : ੧ (922)

ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ।

—ਗਉ ੫, ਸੁਖ ੨੦, ੬ : ੩ (290)

ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ।

—ਗਉ ੫, ਬਾਅ ੨੨ : ੮ (254)

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ।

—ਮਾਝ ੩, ਅਸ ੨੫, ੩ : ੧ (124)

ਨਾ ਮੈ ਰੂਪੁ ਨ ਬੰਕੇ ਨੈਣਾ।

—ਸੂਹੀ ੧, ਅਸ ੧, ੧ : ੧ (750)

ਨੈਨ ਨਿਹਾਲੀ ਤਿਸੁ ਪੁਰਖ ਦਇਆਲੈ।

—ਮਾਝ ੫, ੨੭, ੨ : ੨ (102)

ਨੈਨਹੁ ਪੇਖੁ ਠਾਕੁਰ ਕਾ ਰੰਗੁ।

—ਗਉ ੫, ਸੁਖ ੧੪, ੨ : ੫ (281)

ਨੈਨਿ ਦਰਸੁ ਪੇਖਉ ਨਿਸਿ ਭੋਰ।

—ਮਾਲੀ ੫, ੪, ੧ : ੨ (887)

ਪਗ

ਪੈਰ, ਚਰਨ

ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ।

—ਗਉ ੪, ੪੩, ੩ : ੧ (165)

ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ **ਪਗਾ** ਵਰਸਤ ਫਿਰਾਹੀ।

—ਗਉ ੩, ੩੫, ੧ : ੨ (162)

ਪਰਾਣ

ਸੁਾਸ, ਦਮ, ਜਾਨ

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ **ਪਰਾਣ**।

—ਸਿਰੀ ੧, ੫, ੪ : ੧ (16)

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ **ਪਰਾਣਾ**।

—ਸੂਹੀ ੫, ਛੰਤ ੧, ੨ : ੧ (777)

ਅਗਨਿ ਮਾਹਿ ਹੋਮਤ **ਪਰਾਨ**।

—ਗਉ ੫, ਸੁਖ ੩, ੨ : ੩ (265)

ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ।

—ਗਉ ੩, ੨੭, ੧ : ੧ (159)

ਪਾਉ

ਦੇਖੋ 'ਪਗ'

ਤਿਸੁ ਜਨ ਕੇ ਹਉ ਮਲਿ ਮਲਿ ਧੋਵਾ **ਪਾਉ**।

—ਮਾਰ ੪, ੧੦, ੧ : ੩ (1201)

ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ **ਪਾਇ**।

—ਸਿਰੀ ੩, ੫੪, ੪ : ੩ (35)

ਪਾਸੇ

ਸਰੀਰ ਦੇ ਅੰਗ

ਕੰਚਨ ਵੰਨੇ **ਪਾਸੇ** ਕਲਵਤਿ ਚੀਰਿਆ।

—ਆਸਾ ਫਰ, ੨, ੪ : ੨ (488)

ਪਿੰਗਲਾ

ਹਠਯੋਗ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ ਜੋ ਸਰੀਰ ਦੇ ਸਜੇ ਪਾਸੇ ਹੈ, ਸੂਰਯ ਨਾੜੀ

ਇੜਾ **ਪਿੰਗਲਾ** ਸੁਖਮਨ ਬੰਦੇ ਏ ਅਵਗਨ ਕਤ ਜਾਹੀ।

—ਗਉ ਕਬ, ੫੨, ੧ : ੨ (334)

ਸੁਖਮਨਾ ਇੜਾ **ਪਿੰਗੁਲਾ** ਬੂਝੈ ਜਾ ਆਪੇ ਅਲਖ ਲਖਾਏ।

—ਰਾਮ ੨, ਸਿਗੋ ੬੦ : ੫ (944)

ਪਿੰਗੁਰੀਆ

ਲੂਲਾ, ਪਿੰਗਲਾ, ਜਿਸ ਦੇ ਪੈਰ ਨਾ ਹੋਣ।

ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ **ਪਿੰਗੁਰੀਆ**।

—ਗਉ ੫, ੧੧੫, ੧ : ੧ (203)

ਕਹਾ **ਪਿੰਗੁਲ** ਪਰਬਤ ਪਰ ਭਵਨ।

—ਗਉ ੫, ਸੁਖ ੪, ੬ : ੭ (267)

ਕਰਮ ਕਰਿ ਅਰੁਣ **ਪਿੰਗੁਲਾ** ਰੀ।

—ਧਨਾ ਤ੍ਰਿਲੋ, ੧, ੨ : ੨ (695)

ਪਿੰਜਰ

ਸਰੀਰ ਰੂਪੀ ਪਿੰਜਰਾ, ਸੁਕਾ ਸਰੀਰ (Skelton)

ਨਾਨਕ ਜਿਸੁ **ਪਿੰਜਰ** ਮਹਿ ਬਿਰਹਾ ਨਹੀ ਸੋ **ਪਿੰਜਰੁ** ਲੈ ਜਾਰਿ।

—ਸਿਰੀ ੪, ਵਾਰ ੧੫ਸ, ੨, ੧ : ੨ (89)

ਜਤੁ ਸਤੁ ਸੰਜਮੁ ਸੀਲ ਨ ਰਾਖਿਆ ਪ੍ਰੇਤ **ਪਿੰਜਰ** ਮਹਿ ਕਾਸਟੁ ਭਇਆ।

—ਰਾਮ ੧, ਅਸ ੭, ੨ : ੧ (906)

ਕਾਗਾ ਚੂੰਡਿ ਨ **ਪਿੰਜਰਾ** ਬਸੈ ਤ ਉਡਰਿ ਜਾਹਿ।

—ਸਲੋ ਫਰ, ੯੨ : ੧ (1382)

ਪਿੰਜਰਿ ਪੰਖੀ ਬੰਧਿਆ ਕੋਇ।

—ਬਿਲਾ ੧, ਥਿਤੀ ੭ : ੩ (839)

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।

—ਸਿਰੀ ੪, ਵਾਰ ੧੫ਸ, ੨, ੧ : ੨ (89)

ਤੂੰ ਪਿੰਜਰੁ ਹਉ ਸੂਅਟਾ ਤੋਰ।

—ਗਉ ਕਬ, ੨, ੨ : ੧ (323)

ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।

—ਸੋਰ ਰਵਿ, ੬, ੧ : ੨ (659)

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ।

—ਸਲੋ ਫਰ, ੯੦ : ੧ (1382)

ਪਿੰਡਾ

ਸਰੀਰ

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।

—ਆਸਾ ੧, ਵਾਰ ੧੭ਸ, ੧, ੨ : ੩ (472)

ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ।

—ਸਿਰੀ ੧, ੧੬, ੫ : ੩ (20)

ਪੂਤਰੀ

ਪੁਤਲੀ, ਅੱਖ ਦੀ ਧੀਰੀ

ਸੋ ਹਰਿ ਨੈਨਹੁ ਕੀ ਪੂਤਰੀ।

—ਗੋਂਡ ਨਾਮ, ੫, ੨ : ੪ (874)

ਪੇਟਿ

ਢਿੱਡ ਵਿਚ, ਉਦਰ ਮਾਹਿ ਢਿੱਡ (Abdomen) ਲਾਤੀਨੀ ਭਾਸ਼ਾ ਦਾ ਸ਼ਬਦ ਹੈ। ਇਸ ਨੂੰ 'ਪੇਟ' ਵੀ ਆਖਿਆ ਜਾਂਦਾ ਹੈ। ਰੀੜ ਰਚੇ ਜੀਵਾਂ ਦੇ, ਪਰ ਵਿਸ਼ੇਸ਼ ਪਸ਼ੂਆਂ ਦੇ ਧੜ ਦੇ ਛਾਤੀ ਤੋਂ ਹੇਠਲੇ ਜਾਂ ਪਿਛਲੇ ਭਾਗ ਨੂੰ ਇਸ ਨਾਮ ਨਾਲ ਸੱਦਿਆ ਜਾਂਦਾ ਹੈ। ਇਸ ਅੰਦਰ ਵਧੇਰੇ ਪਾਚਨ ਅੰਗ, ਕੁਝ ਉਪਜਾਊ ਅਤੇ ਮਨ-ਤਿਆਗ ਅੰਕ ਸਥਿਤ ਹੁੰਦੇ ਹਨ। ਜੋੜਾਂ ਜੜੀਆਂ ਟੰਗਾਂ ਵਾਲੇ ਜੀਵਾਂ 'ਚ, ਜਿਹਨਾਂ 'ਚ ਕੀਟ ਵੀ ਸ਼ਾਮਲ ਹਨ, ਇਹ ਨਾਮ ਸਰੀਰ ਤੇ ਤੀਜੇ ਅਤੇ ਪਿਛਲੇ ਭਾਗ ਦਾ ਹੈ।

ਗਰਧਪ ਵਾਂਗੂ ਲਾਹੇ ਪੇਟਿ।

—ਗਉ ੫, ੧੦੭, ੧ : ੨ (201)

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ।

—ਸੂਹੀ ੩, ਵਾਰ ੧੬ ਸ, ੧, ੨ : ੩ (790)

ਬਹਰਾ

ਬੋਲਾ, ਜੋ ਕੰਨਾਂ ਤੋਂ ਨ ਸੁਣੇ (Dumb).

ਕਬੀਰ ਮੁਲਾ ਮੁਨਾਰੇ ਕਿਆ ਚਢਹਿ ਸਾਈ ਨ ਬਹਰਾ ਹੋਇ।

—ਸਲੋ ਕਬ, ੧੮੪ : ੧ (1374)

ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੁਝਿਆ।
—ਭੈਰ ੧, ੩, ੩ : ੧ (1126)

ਬਦਨ

ਮੂੰਹ, ਮੁਖ

ਜਿਨਿ ਧਨ ਪਿਰ ਕਾ ਸਾਦੁ ਨ ਜਨਿਆ ਸਾ ਬਿਲਖ **ਬਦਨ** ਕੁਮਲਾਨੀ।
—ਮਝਾ ੧, ੪, ੧ : ੧ (1255)

ਜੈਸੇ ਦਰਪਨ ਮਾਹਿ **ਬਦਨ** ਪਰਵਾਨੀ।
—ਕਾਨ ਨਾਮ, ੧, ੧ : ੨ (1318)

ਬਦਨੈ ਬਿਨੁ ਖਿਰ ਖਿਰ ਹਾਸਤਾ।
—ਬਸੰ ਕਬ, ੩, ੨ : ੨ (1194)

ਬਾਹ

ਬਾਜੂ, ਬਾਂਹ (Arm)

ਕਹੁ ਨਾਨਕ **ਬਾਹ** ਲੁਡਾਈਐ।
—ਸਿਰੀ ੧, ੩੩, ੪ : ੩ (26)

ਪ੍ਰਭਿ **ਬਾਂਹ** ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ।
—ਆਸਾ ੪, ਛੰਤ ੧੨, ੪ : ੩ (447)

ਬਿਆਧਿ

ਬਿਮਾਰੀ (Disease), ਰੋਗਾਂ ਦਾ

ਗਈ **ਬਿਆਧਿ** ਉਬਰੇ ਜਨ ਮੀਤ।
—ਗਉ ੫, ੧੭੧, ੩ : ੨ (200)

ਲਾਲਚ ਝੂਠ ਬਿਖੈ **ਬਿਆਧਿਇਆ** ਦੇਹੀ ਮਹਿ ਬਾਸ।
—ਗਉ ੫, ਬਾਅ ੪੫ਸ : ੧ (259)

ਸਗਲ **ਬਿਆਧਿ** ਮਨ ਤੇ ਖੈ ਨਸੈ।
—ਗਉ ੫, ਸੁਖ ੧੮, ੭ : ੬ (287)

ਬਿੰਦੁ

ਬੂੰਦ (ਵੀਰਜ ਦੀ) Sperm

ਰਕਤੁ **ਬਿੰਦੁ** ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।
—ਸਿਰੀ ੧, ਅਸ ੧੫, ੫ : ੨ (63)

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ **ਬੁੰਦ** ਕਾ ਗਾਰਾ।
—ਸੋਰ ਰਵਿ, ੬, ੨ : ੧ (659)

ਮਾ ਕੀ ਰਕਤੁ ਪਿਤਾ **ਬਿਦੁ** ਧਾਰਾ।
—ਮਾਰੂ ੧, ਸੋਲਾ ੩, ੪ : ੧ (1022)

ਬ੍ਰਹਮ **ਬਿੰਦੁ** ਤੇ ਸਭ ਉਤਪਤੀ।
—ਗਉ ਕਬ, ੭, ੧ : ੨ (324)

ਬੁਢਾ

ਬਿਰਧ, ਵਡੀ ਉਮਰ ਦਾ (Old Age)

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ।

—ਸਲੋ ਫਰ, ੪੧ : ੧ (1380)

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾਂ ਅੰਤਰਿ ਸੁਰਤਿ ਗਿਆਨੁ।

—ਸਲੋ ੩, ੪੪ : ੧ (1418)

ਬੈਦ

ਹਕੀਮ, ਵੈਦ

ਰਾਮ ਰਾਇ ਹੋਇ ਬੈਦ ਬਨਵਾਰੀ।

—ਸੋਰ ਭੀਖ, ੧, ੯ : ੧ (659)

ਮੇਰਾ ਬੈਦੁ ਗੁਰੂ ਗੋਵਿੰਦਾ।

—ਸੋਰ ੫, ੩੪, ੧ : ੧ (618)

ਬ੍ਯਾਧਿ

ਰੋਗਿ

ਬ੍ਯਾਧਿ ਉਪਾੜਣ ਸੰਤੰ।

—ਗਾਥਾ ੫, ੧੬ : ੨ (1361)

ਮਸਤਕ

ਮਥਾ, ਸਿਰ

ਧਨਿ ਮਸਤਕ ਚਰਨ ਕਮਲ ਹੀ ਪਰਸ।

—ਗਉ ੫, ੧੧੦, ੨ : ੨ (20)

ਧਨੁ ਓਹੁ ਮਸਤਕੁ ਧਨੁ ਤੇਰੇ ਨੇਤ।

—ਗਉ ੫, ੧੭੩, ੧ : ੧ (200)

ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ।

—ਮਾਲੀ ੪, ੩, ੨ : ੧ (985)

ਹਰਿ ਦਰਗਾ ਨਾਨਕ ਊਜਲ ਮਥਾ।

—ਗਉ ੫, ਸੁਖ ੧੪, ੨ : ੧੦ (281)

ਮਜਾ

ਮਿੱਝ

ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾ ਨਣੋ।

—ਗਾਥਾ ੫, ੧ : ੨ (1360)

ਮਨ

(ਫ਼ਾ : ਦਿਲ) ਕਲੇਜਾ, ਹਿਰਦਾ, ਖੱਬੇ ਫੇਫੜੇ ਦੇ ਥੱਲੇ ਸਰੀਰ ਦਾ ਇਕ ਅੰਗ ਜੋ ਹਰ

ਵਕਤ ਹਰਕਤ ਕਰਦਾ ਰਹਿੰਦਾ ਹੈ ਅਤੇ ਸਰੀਰ ਦੇ ਗੰਦੇ ਖ਼ੂਨ ਨੂੰ ਸਾਫ਼ ਕਰਕੇ ਸਾਰੇ ਅੰਗਾਂ ਨੂੰ ਭੇਜਦਾ ਹੈ।

ਜਿਨ ਕੈ ਰਾਮੁ ਵਸੈ ਮਨ ਮਾਹਿ।

—ਜਪੁ ੧, ੩੭ : ੮ (8)

ਮਨੁ ਰਾਜਾ ਮਨੁ ਮਨ ਤੇ ਮਾਨਿਆ।

—ਭੈਰ ੧, ੨, ੩ : ੧ (1125)

ਮਾਸ

ਮਾਸ, ਪ੍ਰਾਣੀ ਦੇ ਸਰੀਰ ਦੇ ਚਮੜੀ ਦੇ ਥਲੇ ਦਾ ਨਰਮ ਪਦਾਰਥ, ਗੋਸ਼ਤ (Meat)

ਜੈਤੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੇ ਰਸਨਾ **ਮਾਸ** ਰਤੁ ਕੇਰੀ।

—ਗਉ ੪, ੫੧, ੩ : ੧ (168)

ਸਿੰਘ ਰੁਚੈ ਸਦ ਭੋਜਨੁ **ਮਾਸ**।

—ਬਸੰ ੫, ੨, ੩ : ੧ (1180)

ਮੁਹ

ਮੂੰਹ (Mouth)

ਅਸੰਖ ਸੂਰ **ਮੁਹ** ਭਖ ਸਾਰ।

—ਜਪੁ ੧, ੧੭ : ੭ (4)

ਕਹਾ ਸੁ ਆਰਸੀਆ **ਮੁਹ** ਬੰਕੇ ਐਥੈ ਦਿਸਹਿ ਨਾਹੀ।

—ਆਸਾ ੧, ੧੨, ੧ : ੩ (417)

ਮੁਹਡੜਾ

ਮੋਢਾ

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ **ਮੁਹਡੜਾ**।

—ਮਾਰੂ ੫, ਵਾਰ ੭ਸ, ੫, ੧ : ੧ (1096)

ਮੁਛਾਂ

ਉਪਰਲੇ ਬੁੱਲ ਤੇ ਉਗਨ ਵਾਲੇ ਰੋਮ/ਵਾਲ।

ਫਰੀਦਾ ਸਿਰੁ ਪਲਿਆ ਦਾੜੀ ਪਲੀ **ਮੁਛਾਂ** ਭੀ ਪਲੀਆਂ।

—ਸਲੋ ਫਰ, ੫੫ : ੧ (1380)

ਮੁੰਡੀ

ਗਰਦਨ, ਧੌਣ (Neck)

ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ **ਮੁੰਡੀ** ਕਟਿ ਜਾਵਹਿ।

—ਮਾਝ ੧, ਵਾਰ ੧੫ਸ, ੧, ੧ : ੫ (145)

ਮੂਇ

(ਫਾ : ਮੂਏ), ਕੇਸ, ਵਾਲ (Hair)

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।
—ਤਿਲੰ ੧, ੧, ੧ : ੨ (721)

ਮੂੰਡ

ਸਿਰ (Head)

ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ।
—ਆਸਾ ਕਬ, ੧੬, ੩ : ੨ (479)

ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।
—ਆਸਾ ੧, ੭, ੧ : ੨ (350)

ਮੂਤ

ਪਿਸ਼ਾਬ, ਮੂਤਰ (Urine)

ਮੂਤ ਪਲੀਤੀ ਕਪੜੁ ਹੋਇ।
—ਜਪੁ ੧, ੨੦ : ੩ (4)

ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ।
—ਮਾਰੂ ੫, ਅਸ ੩, ੩ : ੨ (1018)

ਰਸਨਾ

ਜੀਭ, ਜ਼ੁਬਾਨ (Tongue)

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ।
—ਸਿਰੀ ੩, ੪੦, ੧ : ੩ (29)

ਸੰਤ ਰਸਨ ਹਰਿ ਨਾਮੁ ਵਖਾਨਾ।
—ਮਾਝ ੫, ੩੦, ੨ : ੨ (103)

ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ।
—ਮਾਝ ੫, ੨੭, ੧ : ੨ (102)

ਰਕਤ

ਖ਼ੂਨ (Blood), ਲਹੂ

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।
—ਸੋਰ ਰਵਿ, ੬, ੧ : ੧ (659)

ਸਾਜਨੁ ਮੀਤੁ ਬਿੰਦ ਨਹੀ ਰਕਤੀ।
—ਮਾਰੂ ੧, ਸੋਲ ੧੫, ੧੨ : ੨ (1036)

ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।
—ਸਿਰੀ ੧, ਅਸ ੧੫, ੫ : ੨ (63)

ਨਾ ਇਸੁ ਪਿੰਡੁ ਨ ਰਕਤੂ ਰਾਤੀ।
—ਗੋਂਡ ਕਬ, ੫, ੩ : ੩ (871)

ਰਤੰਨ

ਅੱਖਾਂ, ਨੇਤਰ

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।

—ਸਲੋ ਫਰ, ੭੭ : ੧ (1381)

ਰਿਦੇ

ਹਿਰਦੇ, ਦਿਲ

ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ।

—ਸਿਰੀ ੫, ੯੫, ੧ : ੨ (51)

ਰੇਤ

ਵੀਰਜ, ਧਾਤੂ

ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।

—ਸਮੁ ੫, ੩ : ੧ (1387)

ਰੋਗ

ਬਿਮਾਰੀ, ਦੁਖ (Disease)

ਜਨਮ ਮਰਣ **ਰੋਗ** ਸਭ ਨਿਵਾਰੇ।

—ਮਾਝ ੫, ੪੨, ੪ : ੨ (106)

ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ **ਰੋਗੰ**।

—ਸਸ ੫, ੧੨ : ੧ (1355)

ਬਾਹ ਪਕੜਿ **ਰੋਗਹ** ਕਢਿ ਲਇਆ।

—ਭੈਰ ੫, ੨੦ : ੪ : ੨ (1141)

ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ **ਰੋਗਣਹ**।

—ਸਸ ੫, ੪੯ : ੪ (1358)

ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ **ਰੋਗਾ** ਜੀਉ।

—ਮਾਝ ੫, ੧੭, ੨ : ੩ (99)

ਜੋ ਜਨਮੇ ਸੇ **ਰੋਗਿ** ਵਿਆਪੇ।

—ਆਸਾ ੧, ੧੩, ੩ : ੧ (352)

ਮਨਮੁਖ **ਰੋਗੀ** ਹੈ ਸੰਸਾਰਾ।

—ਮਾਝ ੩, ਅਸ ੧੫, ੬ : ੧ (118)

ਰੋਗੇ ਮਰਤਾ ਰੋਗੇ ਜਨਮੈ।

—ਭੈਰ ੫, ੨੦, ੩ : ੧ (1141)

ਲਕੀ

ਕਮਰ, ਲਕ, ਲਕ ਨਾਲ

ਲਕੀ ਕਾਸੇ ਹਥੀ ਫੁੰਮਣ ਅਗੋਪਿਛੀ ਕਾਹੀ।

—ਮਾਝ ੧, ਵਾਰ ੨੬ਸ, ੧, ੧ : ੯ (140)

ਜੋ ਉਬਰੇ ਸੇ ਬੰਧਿ **ਲਕੁ** ਧਰੇ।

—ਗਉ ੫, ੭੮, ੧ : ੨ (178)

ਲਲਤਾ

ਜੀਭ, ਜ਼ੁਬਾਨ (Tongue)

ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ।

—ਸੋਰ ੧, ਅਸ ੩, ੮ : ੨ (636)

ਕੁੰਗੂ ਕੀ ਕਾਂਇਆ ਰਤਨਾ ਕੀ **ਲਲਿਤਾ** ਅਗਰਿ ਵਾਸੁ ਤਨਿ ਸਾਸੁ।

—ਗਿਰੀ ੧, ੮, ੧ : ੧ (17)

ਲੀਗੁ

ਲਿੰਗ, ਸ਼ਿਵ-ਲਿੰਗ

ਦੇਵਲ ਮਧੇ **ਲੀਗੁ** ਆਛੈ ਲੀਗੁ ਸੀਗੁ ਹੀਗੁ ਗੋ।

—ਟੋਡੀ ਨਾਮ, ੩, ੨ : ੨ (718)

ਲੋਇਣ

ਨੇਤਰ, ਅੱਖਾਂ (Eyes)

ਭੈ ਕੇ ਚਰਣ ਕਰ ਭਾਵ ਕੇ **ਲੋਇਣ** ਸੁਰਤਿ ਕਰੇਇ।

—ਮਾਝ ੧, ਵਾਰ ੩ਸ, ੨, ੨ : ੩ (139)

ਗਿਆਨ ਅੰਜਨੁ ਜਿਹ ਪਾਇਆ ਤੇ **ਲੋਇਨ** ਪਰਵਾਨੁ।

—ਮਾਰੂ ਕਬ, ੨, ੩ : ੨ (1103)

ਗੁਰਹਿ ਦਿਖਾਇਓ **ਲੋਇਨਾ**।

—ਆਸਾ ੫, ੧੪੪, ੧ : ੧ (407)

ਲੋਹੂ

ਦੇਖੋ 'ਖ਼ੂਨ'

ਹਮ ਕਤ **ਲੋਹੂ** ਤੁਮ ਕਤ ਦੂਧ।

—ਗਉ ਕਬ, ੭, ੩ : ੨ (324)

ਲੋਚਨ

ਅਖਾਂ (Eyes)

ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।

—ਸਿਰੀ ਬੇਣੀ, ੧, ੪ : ੨ (93)

ਲੋਚਾ ਸਮਸਰਿ ਇਹੁ ਬਿਉਹਾਰਾ।

—ਗਉ ਕਬ, ੧੮, ੩ : ੩ (327)

ਵਡਰੋਗੁ

ਵਡੀ ਬਿਮਾਰੀ

ਦੂਖੁ ਦਰਦੁ **ਵਡਰੋਗੁ** ਨ ਪੋਹੇ ਤਿਸੁ ਮਾਇ।

—ਗੂਜ ੫, ਵਾਰ ੧੪ : ੫ (522)

ਵਾਤਿ

ਮੂੰਹ ਵਿਚ,

ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ।

—ਸੂਹੀ ੩, ਵਾਰ ੧੫ਸ, ੧, ੪ : ੧ (790)

ਜਿਨ ਕਉ ਪੋਤੈ ਪੁੰਨੁ ਹੈ ਤਿਨ੍ ਵਾਤਿ ਸਿ ਪੀਤੀ।

—ਰਾਮ ੩, ਵਾਰ ੧੦ : ੪ (951)

ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ।

—ਪ੍ਰਭਾ ੧, ਅਸ ੩, ੩ : ੪ (1343)

ਵਾਲਿ

ਕੇਸ, ਵਾਲ (Hair) ਕੇਸ ਨਾਮ ਜੀਵਾਂ ਦੀ ਚਮੜੀ 'ਚੋਂ ਉਭਰੇ ਹੋਏ ਮਹੀਨ ਅਤੇ ਲੰਮੇ ਰੇਸ਼ੇਈ ਵਧਾਆਂ ਦਾ ਹੈ, ਜਿਹਨਾਂ ਦੀ ਬਣਤਰ ਦਾ ਅਧਾਰ ਅਜਿਹੇ ਨਿਰਜੀਵ ਸੈੱਲ ਹੁੰਦੇ ਹਨ ਜਿਹਨਾਂ ਅੰਦਰ ਕਰੜੀ ਕੈਰਾਟਿਨ (Keratin) ਕਾਫ਼ੀ ਮਾਤਰਾ 'ਚ ਇਕੱਤ੍ਰਤ ਹੋਈ ਹੁੰਦੀ ਹੈ। ਇਹਨਾਂ ਲਈ ਸਾਧਾਰਣ ਵਰਤਿਆ ਜਾਣ ਵਾਲਾ ਸ਼ਬਦ ਹੈ 'ਵਾਲ', ਜਿਹੜੇ ਸਰੀਰ ਦੇ ਬਚਾਓ ਦਾ ਸਾਧਨ ਬਣਨ ਤੋਂ ਬਿਨਾਂ, ਸਰੀਰਕ ਗਰਮੀ ਦੇ ਖੁੱਲ੍ਹੇ ਨਿਸਤਾਰੇ ਦੇ ਰਾਹ 'ਚ ਰੋਕ ਵੀ ਬਣਦੇ ਰਹਿੰਦੇ ਹਨ।

ਸੋਹਣੇ ਨਕ ਜਿਨ ਲੰਮੜੇ ਵਾਲਾ।

—ਵਡ ੧, ਛੰਤ ੨, ੭ : ੨ (567)

ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ।

—ਗੂਜ ੫, ਵਾਰ ੨੦ : ੩ (524)

ਵਾਲੁ ਨ ਵਿੰਗਾ ਹੋਆ।

—ਸੋਰ ੫, ੫੭, ੧ : ੨ (623)

ਵੈਦ

ਹਕੀਮ, ਡਾਕਟਰ, ਰੋਗਾਂ ਦਾ ਇਲਾਜ ਕਰਨ ਵਾਲਾ (Doctor)

ਏਹਿ ਵੈਦ ਜੀਅ ਕਾ ਦੁਖੁ ਲਾਇਣ।

—ਰਾਮ ੫, ਵਾਰ ੧੧ਸ, ੫, ੧ : ੨ (962)

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।

—ਮਲਾ ੧, ਵਾਰ ੩ਸ, ੧, ੧ : ੧ (1279)

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।

—ਮਾਝ ੧, ਵਾਰ ੨੨ਸ, ੨, ੨ : ੨ (148)

ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।

—ਮਾਰੂ ੫, ੩੨, ੧ : ੧ (1008)

ਪਸ਼ੂ-ਵਿਗਿਆਨ
(Animal Science)

ਊਂਠ

(ਅ. ਕਰਹਲ); ਊਂਠ,

ਊਂਠ (Camel) ਇਕ ਉੱਚੇ ਕੱਦ ਵਾਲਾ, ਲੰਮੀ ਧੌਣ ਵਾਲਾ, ਲੰਮੀਆਂ ਟੰਗਾਂ ਵਾਲਾ, ਪਿੱਠ ਤੇ ਘੁਆਂਟ, ਗੋਲ ਚਪਟੇ ਪੈਰਾਂ ਵਾਲਾ ਪਾਲਤੂ ਪਸ਼ੂ ਹੈ ਜੋ ਥਲਾਂ ਵਿਚ ਭਾਰ ਢੋਣ, ਸਵਾਰੀਆਂ ਅਤੇ ਖੇਤੀ ਦੇ ਕੰਮਾਂ ਵਿਚ ਕੰਮ ਆਉਂਦਾ ਹੈ। ਇਸ ਨੂੰ ਮਾਰੂਥਲ ਦਾ ਜਹਾਜ਼ ਵੀ ਆਖਿਆ ਜਾਂਦਾ ਹੈ। ਊਂਠ ਦੀ ਉਮਰ ਬੜੀ ਲੰਮੇਰੀ ਹੁੰਦੀ ਹੈ ਅੰਦਾਜ਼ਨ 40/50 ਸਾਲ। ਇਹ ਇਕ ਵਾਰ 100/150 ਲਿਟਰ ਤੱਕ ਪਾਣੀ ਪੀ ਜਾਂਦਾ ਹੈ। ਮੁਸਲਮਾਨ ਊਂਠ ਨੂੰ ਪਵਿੱਤਰ ਮੰਨਦੇ ਹਨ।

ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ **ਊਠਿ**॥

—ਮਾਰੂ ਕਬ, ੧, ੧ : ੨ (1105)

ਕੁੰਭਾਰ ਕੇ ਘਰ ਹਾਡੀ ਆਛੈ ਰਾਜਾ ਕੇ ਘਰ **ਸਾਂਡੀ** ਗੋ॥

—ਟੋਡੀ ਨਾਮ, ੩, ੧ : ੧ (718)

ਮਾਰਵਾੜਿ ਜੈਸੇ ਨੀਰੁ ਬਾਲਗ ਬੇਲਿ ਬਾਲਹਾ **ਕਰਹਲਾ**॥

—ਧਨਾ ਨਾਮ, ੩, ੧ : ੧ (693)

ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ **ਕਰਹਲੁ** ਬੇਲਿ ਰੀਝਾਈ।

—ਆਸਾ ੪, ੬੭, ੧ : ੨ (369)

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥

—ਗਉ ੪, ੧, ੧ : ੧ (234)

ਮਨ **ਕਰਹਲਾ** ਸਤਿਗੁਰੁ ਪੁਰਖੁ ਧਿਆਇ।

—ਗਉ ੪, ੧, ੧ : ੧ (234)

ਅਜ

(ਸੰ. ਅੱਜ), ਇਕ ਜੰਗਲੀ ਬਕਰੀ,

ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਜਗਾਈ ਰੇ।

—ਆਸਾ ੫, ੪੪, ੧ : ੨ (381)

ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।

—ਸਸ ੫, ੪੧ : ੧ (1357)

ਸੂਰ

ਸੂਰ (Pig), ਇਕ ਚਾਰ ਟੰਗਾਂ ਵਾਲਾ ਜਾਨਵਰ ਹੈ ਜੋ ਗੰਦਗੀ ਵੀ ਖਾ ਲੈਂਦਾ ਹੈ। ਕੁਰਾਨ ਵਿਚ ਸੂਰ ਦਾ ਮਾਸ ਹਰਾਮ ਲਿਖਿਆ ਹੈ। ਇਹ ਪਸ਼ੂ ਆਮ ਤੌਰ ਤੇ ਜੰਗਲ ਵਿਚ ਰਹਿੰਦਾ ਹੈ ਪਰ ਹੁਣ ਪਾਲਤੂ ਵੀ ਲੋਕੀ ਰੱਖਦੇ ਹਨ। ਇਸ ਦੀਆਂ ਅੱਠ ਕੁ ਜਾਤੀਆਂ ਹਨ। ਇਹ ਜੜ੍ਹਾਂ, ਮੇਵੇ, ਛੋਟੇ ਜਾਨਵਰ ਆਦਿ ਵੀ ਖਾ ਲੈਂਦਾ ਹੈ। ਗੁਰਬਾਣੀ ਵਿਚ ਸੂਰ ਲਈ ਸ਼ਬਦ ਸੂਕਰ, ਸੂਕਰਹ ਆਇਆ ਹੈ। ਇਸ ਦਾ ਨਾਂ ਸੂੰਕਾਰ ਕਰਨ ਵਾਲਾ ਹੋਣ ਤੋਂ ਇਹ ਨਾਉਂ ਪ੍ਰਚਲਿਤ ਹੋਇਆ ਹੈ, ਸੂਰ, ਸੂਕਰ। ਮਦੀਨ ਨੂੰ ਸੂਕਰੀ ਸੂਕਰ ਆਖਦੇ ਹਨ। ਮਦੀਨ ਆਮਤੌਰ ਤੇ ਛੇ ਤੋਂ ਅੱਠ ਤੱਕ ਬੱਚੇ ਦਿੰਦੀ ਹੈ। ਸੂਰ ਹਮੇਸ਼ਾਂ ਗੰਦੇ ਪਾਣੀ ਵਿਚ ਹੀ ਲਿਬੜੇ ਦੇਖੇ ਜਾਂਦੇ ਹਨ। ਵਪਾਰਕ ਤੌਰ 'ਤੇ ਸੂਰਾਂ ਦੀਆਂ ਅਨੇਕਾਂ ਕਿਸਮਾਂ ਪਾਲੀਆਂ ਜਾਂਦੀਆਂ ਹਨ। ਇਸ ਦਾ ਮੀਟ (ਮਾਸ) ਸੁਆਦੀ ਹੈ। ਸਰੀਰ ਤੇ ਚਰਬੀ ਦੀ ਮੋਟੀ ਤਹਿ ਹੁੰਦੀ ਹੈ। ਇਸ ਦੀ ਬਹੁਤਾਤ ਚੀਨ ਅਤੇ ਅਮਰੀਕਾ ਵਿਚ ਹੈ। ਇਸ ਦੀ ਸੁੰਘਣ-ਸ਼ਕਤੀ ਬੜੀ ਪ੍ਰਬਲ ਹੁੰਦੀ ਹੈ।

ਹਕੁ ਪਰਾਇਆ ਨਾਨਕਾ ਉਸੁ **ਸੂਅਰੁ** ਉਸੁ ਗਾਇ॥

—ਮਾਝ ੧, ਵਾਰ ੭ਸ, ੧, ੨ : ੧ (141)

ਕਈ ਕੋਟਿ ਭੂਤ ਪ੍ਰੇਤ **ਸੂਕਰ** ਮ੍ਰਿਗਾਚ॥

—ਗਉ ੫, ਸੁਖ ੧੦, ੪ : ੮ (276)

ਸੂਕਰਹ **ਸੂਕਰਹ** ਗਰਧਭਹ ਕਾਕਹ ਸਰਪਨਹ ਤੁਲਿ ਖਲਹ॥

—ਸਸ ੫, ੩੩ : ੨ (1357)

ਹਾਥੀ

ਹਾਥੀ (Elephant) ਇਕ ਵੱਡੇ ਕੱਦ ਦਾ ਜੰਗਲੀ ਜਾਨਵਰ ਹੈ, ਜਿਸ ਦੇ ਅੱਗੇ ਸੁੰਡ ਹੁੰਦੀ ਹੈ। ਇਹ ਪੁਰਾਣੇ ਸਮਿਆਂ ਤੋਂ ਪਾਲਿਆ ਜਾਂਦਾ ਰਿਹਾ ਹੈ। ਰਾਜੇ ਮਹਾਰਾਜੇ ਇਸ ਨੂੰ ਸਵਾਰੀ ਅਤੇ ਲੜਾਈ ਵੇਲੇ ਵਰਤਦੇ ਸਨ। ਰਾਜਪੂਤਾਨੇ ਦੀ ਡਿੰਗਲ ਭਾਸ਼ਾ ਵਿਚ ਉਮਰ ਦੇ ਲਿਹਾਜ਼ ਨਾਲ ਹਾਥੀ ਦੇ ਇਹ ਨਾਮ ਹਨ—ਪੰਜ ਵਰ੍ਹੇ ਦਾ 'ਬਾਲ', ਦਸ ਵਰ੍ਹੇ ਦਾ 'ਬੋਤ', ਵੀਹ ਵਰ੍ਹੇ ਦਾ 'ਬਿੱਕ' ਅਤੇ ਤੀਹ ਵਰ੍ਹੇ ਦਾ 'ਕਲਭ'। ਨਰ ਹਾਥੀ ਦਾ ਵਜ਼ਨ 7000 ਕਿਲੋ ਤੱਕ ਹੁੰਦਾ ਹੈ ਅਤੇ ਚੱਲਣ ਦੀ ਰਫ਼ਤਾਰ 40 ਕਿਲੋਮੀਟਰ ਪ੍ਰਤੀ ਘੰਟਾ। ਇਸ ਦੀ ਆਯੂ 60-70 ਵਰ੍ਹੇ ਤੱਕ ਹੁੰਦੀ ਹੈ। ਗੁਰਬਾਣੀ ਵਿਚ ਇਸ ਨੂੰ ਮੈਗਲ, ਮੈਗਲਹਿ, ਕੁੰਚਰ, ਕੁੰਚਰੀ, ਕੁੰਜਰੀ, ਕੁੰਜਰ, ਗੈਵਰ, ਹਸਤਿ, ਹਸਥੀ, ਹਾਥੀ, ਹਥਨੀ, ਹਸਤਨੀ, ਗਜ, ਸਾਰੰਗ ਆਦਿ ਕਰ ਕੇ ਲਿਖਿਆ ਹੈ।

ਪੁਤ੍ਰ ਕਲਤ੍ਰ ਨ ਸੰਗਿ ਸੋਭਾ **ਹਸਤ** ਘੋਰਿ ਵਿਕਾਰੀ॥

—ਬਿਹਾਗਾ, ਛੰਤ ੯, ੧ : ੫ (547)

ਕੀਟ **ਹਸਤ** ਪੂਰਨ ਸਭ ਸੰਗਾ॥

—ਕਾਨ ੫, ੩੬, ੧ : ੨ (1305)

ਕਾਲਬੂਤ ਦੀ **ਹਸਤਨੀ** ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥

—ਗਉ ਕਬ, ੫੭, ੧ : ੧ (335)

ਅਸੁ ਪਵਨ **ਹਸਤਿ** ਅਸਵਾਰੀ॥

—ਗਉ ੫, ੮੧, ੨ : ੧ (179)

ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ॥

—ਸਿਰੀ ੧, ਅਸ ੧੬, ੩ : ੨ (63)

ਹਰਿ ਭਇਓ ਖਾਡੁ ਰੇਤੁ ਮਹਿ ਬਿਖਰਿਓ **ਹਸੰਤੀ** ਚੁਨਿਓਨ ਜਾਈ॥

—ਰਾਮ ਕਬ, ੧੨, ੨ : ੧ (972)

ਤਾਜੀ ਰਥ ਤੁਖਾਰ **ਹਾਥੀ** ਪਾਖਰੇ॥

—ਮਾਝ ੧, ਵਾਰ ੮ : ੫ (141)

ਸੁਧ ਕਵਨ ਪਰ ਹੋਇਬੋ ਸੁਚ **ਕੁੰਚਰ** ਬਿਧਿ ਬਿਉਹਾਰ॥

—ਗਉ ਰਵਿ, ਅਸ ੨, ੪ : ੨ (346)

ਤਲੈ **ਕੁੰਚਰੀਆ** ਸਿਰਿ ਕਨਿਕ ਛਤਰੀਆ॥

—ਆਸਾ ੫, ੫੫, ੨ : ੧ (385)

ਮਨੁ **ਕੁੰਚਰੁ** ਕਾਇਆ ਉਦਿਆਨੈ॥

—ਗਉ ੧, ਅਸ ੨, ੧ : ੧ (221)

ਕਬੀਰ ਹੈ **ਗਾਇ** ਬਾਹਨ ਸਘਨ ਘਨ ਲਾਖ ਧਜਾ ਠਹਰਾਹਿ॥

—ਸਲੋ ਕਬ, ੧੧੨ : ੧ (1370)

ਕਈ ਜਨਮ **ਗਜ** ਮੀਨ ਕੁਰੰਗਾ॥

—ਗਉ ੫, ੭੨, ੧ : ੨ (176)

ਏਕ ਨਿਮਖ ਮਨ ਮਹਿ ਅਰਾਧਿਓ **ਗਜਪਤਿ** ਪਾਰਿ ਉਤਾਰੇ॥

—ਮਾਰੂ ੫, ੨, ੨ : ੨ (996)

ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ **ਗਜਿ** ਕੀਨਾ॥

—ਰਾਮ ੯, ੧, ੩ : ੧ (902)

ਕਰੈ **ਗਜਿੰਦੁ** ਸੁੰਡ ਕੀ ਚੋਟ॥

—ਭੈਰ ਨਾਮ, ੧੦, ੮ : ੧ (1165)

ਕਬੀਰ ਹੈ **ਗੈ** ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥

—ਸਲੋ ਕਬ, ੧੫੯ : ੧ (1372)

ਆਰੂੜਤੇ ਅਸ੍ਵ ਰਥ **ਨਾਗਹ** ਬੁਝੰਤੇ ਪ੍ਰਭ ਮਾਰਗਹ॥

—ਸਸ ੫, ੨੯ : ੩ (1356)

ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥

—ਆਸਾ ਕਬ, ੬੧ : ੧ (477)

ਮਨ ਕੀ ਮਤਿ **ਮਤਾਗਲ** ਮਤਾ॥

—ਆਸਾ ੧, ੯, ੨ : ੧ (351)

ਗੋਬਿੰਦ ਗੁਪਤ ਹੋਇ ਰਹਿਓ ਨਿਆਰੋ **ਮਾਤੰਗ** ਮਤਿ ਅਹੰਕਾਰ॥

—ਸਾਰ ੫, ੧੨, ੯, ੩ : ੨ (1229)

ਮਨੁ ਮੈ ਮਤੁ **ਮੈਗਲ** ਮਿਕਦਾਰਾ॥

—ਗਉ ੩, ੨੫, ੨ : ੩ (159)

ਮੈਗਲਹਿ ਕਾਮੈ ਬੰਧੁ॥

—ਬਿਲਾ ੫, ਅਸ ੨, ੮ : ੩ (838)

ਮਨੁ **ਮੈਗਲੁ** ਸਾਕਤੁ ਦੇਵਾਨਾ॥

—ਆਸਾ ੧, ਅਸ ੮, ੧ : ੧ (415)

ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ।

—ਵਡ ੧, ਛੰਤ ੨, ੮ : ੪ (567)

ਹਿਰਨ

ਹਿਰਨ (Musk-Deer) ਇਕ ਜੰਗਲੀ ਜਾਨਵਰ ਹੈ ਜਿਸ ਦਾ ਰੰਗ ਭੂਰਾ, ਲੱਤਾਂ ਲੰਮੀਆਂ ਅਤੇ ਜਿਸਮ ਪਤਲਾ ਹੁੰਦਾ ਹੈ। ਇਹ ਬੜਾ ਤੇਜ਼ ਦੌੜਦਾ ਹੈ। ਇਹ ਟੋਲੀਆਂ ਵਿਚ ਰਹਿੰਦੇ ਹਨ। ਇਸ ਦੇ ਸਿਰ ਉੱਪਰ ਸਿੰਗ ਹੁੰਦੇ ਹਨ, ਜੋ ਆਮਤੌਰ ਤੇ ਬਾਰਾਂ ਦਿਸਦੇ ਹਨ, ਜਿਸ ਕਾਰਨ ਆਮਤੌਰ ਤੇ ਇਸ ਨੂੰ 'ਬਾਰਾਂ ਸਿੰਗਾ' ਆਖਿਆ ਜਾਂਦਾ ਹੈ। ਪਵਿੱਤਰ ਮੰਨਿਆ ਜਾਣ ਵਾਲਾ ਇਕ ਕਾਲਾ ਹਿਰਨ ਹੁੰਦਾ ਹੈ ਜਿਸ ਦੀ ਧੁੰਨੀ ਵਿਚ ਕਸਤੂਰੀ (ਸੁਗੰਧਦਾਰ) ਹੁੰਦੀ ਹੈ ਜਿਸ ਕਾਰਨ ਇਸ ਨੂੰ 'ਕਸਤੂਰੀ ਹਿਰਨ' ਆਖਿਆ ਜਾਂਦਾ ਹੈ। ਹਿਰਣ ਆਮਤੌਰ 'ਤੇ ਠੰਢੇ ਅਸਥਾਨਾਂ ਵਿਚ ਰਹਿੰਦਾ ਹੈ ਖ਼ਾਸ ਕਰਕੇ ਉੱਚੇ ਪਹਾੜਾਂ ਤੇ। ਇਸ ਦਾ ਕੱਦ 20-28 ਇੰਚ ਅਤੇ ਵਜ਼ਨ 13 ਕਿਲੋਗ੍ਰਾਮ ਤੱਕ ਨਾਪਿਆ ਗਿਆ ਹੈ।

ਗੁਰਬਾਣੀ ਵਿਚ ਇਸ ਨੂੰ ਅਨੇਕਾਂ ਨਾਵਾਂ ਨਾਲ ਲਿਖਿਆ ਹੋਇਆ ਹੈ ਜਿਵੇਂ ਹਰਨ, ਮ੍ਰਿਗ, ਹਰਿਣ, ਕੁਰੰਕ, ਕੁਰੰਗ, ਕਸਤੂਰਾ, ਕਸਤੂਰਿ, ਕਸਤੂਰਿਕਾ, ਕਸਤੂਰੀ, ਮਿਰਗਸੈ, ਮਿਰਗਾਂ, ਮਿਰਗਾਏ, ਮਿਰਗੁ, ਮਿਰਗੀ, ਕੁਰੰਗਾ, ਕੁਰੰਕਹਿ, ਕੁਰੰਕਾ ਆਦਿ। ਕਸਤੂਰੀ ਹਿਰਣ ਸਿੰਗਾਂ-ਰਹਿਤ ਪਰ ਨਰ-ਹਿਰਣ ਨੂੰ ਤਿੰਨ ਇੰਚ ਉੱਚੇ ਹਾਥੀ ਦੰਦ ਜਿਹੇ ਬਾਹਰ ਨਜ਼ਰੀਂ ਆਉਂਦੇ ਹਨ ਜੋ ਸਿੰਗਾਂ ਦਾ ਕੰਮ ਕਰਦੇ ਹਨ। ਇਹ ਸੁਨਹਿਰੀ ਜਾਂ ਭੂਰੇ ਬਾਦਾਮੀ ਰੰਗੇ, ਜਿਸ ਵਿਚ ਕਾਲੇ ਦਾਗ, ਚਿੱਤੜ ਅਤੇ ਹੇਠਲੇ ਹਿੱਸੇ ਚਿੱਟੇ ਹੁੰਦੇ ਹਨ। ਇਸ ਦੇ ਕੰਨ ਵੱਡੇ ਅਤੇ ਸਿਰੇ ਤੋਂ ਗੋਲ ਆਕਾਰ ਦੇ ਹੁੰਦੇ ਹਨ। ਦੁਮ ਆਰੰਭਕ ਅਤੇ ਪਿਛਲਾ ਹਿੱਸਾ ਵੱਡਾ ਹੁੰਦਾ ਹੈ। ਤਾਜ਼ੀ ਕਸਤੂਰੀ ਅਰਧ-ਤਰਲ ਪਰ ਸੁੱਕਣ ਤੇ ਦਾਣੇਦਾਰ ਪਾਊਡਰ ਵਰਗੀ ਹੋ ਜਾਂਦੀ ਹੈ ਜੋ ਬੇਅੰਤ ਇਤਰਾਂ ਵਿਚ ਵਰਤੀ ਜਾਂਦੀ ਹੈ।

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥

—ਗਉ ੧, ੧੯, ੧ : ੧ (157)

ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥

—ਸਲੋ ਕਬ, ੫੩ : ੧ (1367)

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥

—ਸਿਰੀ ੧, ੧, ੧ : ੨ (14)

ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ॥

—ਸਿਰੀ ੪, ਵਾਰ ੧੫ਸ, ੫, ੨ : ੨ (89)

ਫਰੀਦਾ ਗਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥

—ਸਲੋ ਫਰ, ੮੦ : ੧ (1382)

ਕਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ॥

—ਸਾਰ ੫, ੪, ੧ : ੨ (1203)

ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ।

—ਆਸਾ ੫, ਛੰਤ ੪, ੪ : ੧ (455)

ਜੈਸੇ ਕੁਰੰਕ ਨਹੀ ਪਾਇਓ ਭੇਦੁ॥

—ਬਸੰ ਰਵਿ, ੧, ੨ : ੧ (1196)

ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥

—ਜੈਤ ੫, ਵਾਰ ੧੨ : ੩ (708)

ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ॥

—ਧਨਾ ੫, ੨, ੨ : ੨ (671)

ਕਈ ਜਨਮ ਗਜ ਮੀਨ ਕੁਰੰਗਾ॥

—ਗਉ ੫, ੭੨, ੧ : ੨ (176)

ਜਿਤੁ ਮਿਰਗ ਪੜਤ ਹੈ ਚੋਰੀ॥

—ਸੋਰ ਕਬ, ੧੦, ੧ : ੧ : ੨ (656)

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥

—ਤਿਲੰ ੧, ੨, ੨ : ੧ (721)

ਨਾਗਾ ਮਿਰਗਾ ਮਛੀਆ ਰਸੀਆ ਘਰਿ ਧਨੁ ਹੋਇ॥

—ਮਲਾ ੧, ਵਾਰ ੨ਸ, ੧, ੧ : ੨ (1279)

ਨਾਦ ਭ੍ਰਮੇ ਜੈਸੇ ਮਿਰਗਾਏ॥

—ਗੋਂਡ ਨਾਮ, ੨, ੧ : ੧ (873)

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥

—ਆਸਾ ੧, ਵਾਰ ੧੪ਸ, ੧, ੧ : ੭ (470)

ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ॥

—ਆਸਾ ਕਬ, ੭, ੨ : ੨ (477)

ਦਸ **ਮਿਰਗੀ** ਸਹਜੇ ਬੰਧਿ ਆਨੀ॥

—ਭੈਰ ੫, ੪, ੧ : ੧ (1136)

ਮਿਰਗੁ ਮਰੈ ਸਹਿ ਅਪੁਨਾ ਕੀਨ॥

—ਗਉ ੧, ਅਸ ੧੧, ੩ : ੨ (225)

ਬਨ ਕਾ **ਮਿਰਗੁ** ਮੁਕਤਿ ਸਭੁ ਹੋਗੁ॥

—ਗਉ ਕਬ, ੪, ੧ : ੨ (324)

ਸਕਤਾ ਸੀਹੁ ਮਾਰੇ ਸੈ **ਮਿਰਿਆ** ਸਭ ਪਿਛੈ ਭੈ ਖਾਇ॥

—ਮਲਾ ੧, ਵਾਰ ੧੯ਸ, ੧, ੨ : ੭ (1286)

ਨਾਨਕ **ਮ੍ਰਿਗ** ਅਗਿਆਨਿ ਬਿਨਸੇ ਨਹ ਮਿਟੈ ਆਵਣ ਜਾਇਣ॥

—ਆਸਾ ੫, ਛੰਤ ੧੧, ੨ : ੬ (460)

ਮ੍ਰਿਗਛਾਲਾ ਪਰ ਬੈਠੇ ਕਬੀਰ॥

—ਭੈਰ ਕਬ, ੧੮, ੨ : ੨ (1162)

ਮ੍ਰਿਗੀ ਪੇਖੰਤ ਬਧਿਕ ਪ੍ਰਹਾਰਣੇ ਲਖੁ ਆਵਧਹ॥

—ਸਸ ੫, ੬ : ੧ (1354)

ਕੁੱਤਾ

ਕੁੱਤਾ (Dog) ਬਘਿਆੜ, ਗਿੱਦੜ ਤੇ ਲੂੰਬੜ ਦੀ ਜਾਤੀ ਦਾ ਇਕ ਜਾਨਵਰ ਹੈ ਜਿਸ ਨੂੰ ਸ਼ਿਕਾਰ ਜਾਂ ਰਾਖੀ ਲਈ ਲੋਕੀ ਪਾਲਦੇ ਹਨ। ਕਈ ਵੇਰ ਇਹ ਬੜਾ ਵਫ਼ਾਦਾਰ ਹੁੰਦਾ ਹੈ। ਇਸ ਦੀਆਂ ਕਈ ਉੱਤਮ ਕਿਸਮਾਂ ਵੇਖਣ ਵਿਚ ਆਉਂਦੀਆਂ ਹਨ। ਸੰਸਾਰ ਵਿਚ ਇਸ ਦੀਆਂ 400 ਕਿਸਮਾਂ ਹਨ। ਇਸ ਦੀ ਲੰਬਾਈ 34-135 ਸੈਂਟੀਮੀਟਰ ਅਤੇ ਦੁੱਮ 11-54 ਸੈਂਟੀਮੀਟਰ ਹੁੰਦੀ ਹੈ। ਵਜ਼ਨ : 0.1 ਕਿਲੋ ਤੋਂ 70 ਕਿਲੋ ਤੱਕ ਕੀਤਾ ਗਿਆ ਹੈ। ਜੰਗਲੀ ਕੁੱਤਿਆਂ ਦਾ ਵੀ ਬੜਾ ਮਨ-ਮੋਹ ਲੈਣ ਵਾਲਾ ਇਤਿਹਾਸ ਹੈ। ਗੁਰਬਾਣੀ ਵਿਚ ਇਸ ਜਾਨਵਰ ਲਈ ਸ਼ਬਦ ਕੁੱਤਾ, ਕੁੱਤੇ, ਕੁੱਤੀ, ਕੂਕਰ, ਕੂਕਰੀ, ਕੂਕਰਹ, ਕੂਕਰਿ, ਸੁਆਨ, ਸੁਆਨੀ, ਸ੍ਵਾਨ ਆਦਿ ਵਰਤੇ ਜਾਂਦੇ ਹਨ।

ਜਿਨਿ ਦੀਏ ਤਿਸਹਿ ਨ ਜਾਨਹਿ **ਸੁਆਨ**॥

—ਗਉ ੪, ੧੪੫, ੩ : ੧ (195)

ਸਭ ਬਿਧਿ ਖੋਈ ਲੋਭਿ **ਸੁਆਨ**॥

—ਆਸਾ ੫, ੧੨, ੨ : ੪ (374)

ਏਕੁ ਸੁਆਨੁ ਦੁਇ ਸੁਆਨੀ ਨਾਲਿ॥

—ਸਿਰੀ ੧, ੨੯, ੧ : ੧ (24)

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ **ਸੁਆਨੁ**॥

—ਮਾਝ ੫, ਬਾਰ ੧੨ : ੪ (136)

ਉਦਿਆਨ ਬਸਨੰ ਸੰਸਾਰੰ ਸਨਬੰਧੀ **ਸ੍ਵਾਨ** ਸਿਆਲ ਖਰਹ॥

—ਸਸ ੫, ੫੮ : ੧ (1359)

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰ॥

—ਸਿਰੀ ੧, ੪, ੧ : ੧ (15)

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥

—ਸਲੋ ਫਰ, ੭੦ : ੨ (1381)

ਰਤੁ ਪਿਤੁ ਕੁਤਿਹੋ ਚਟਿ ਜਾਹੁ॥

—ਮਲਾ ੧, ਵਾਰ ੨੨ਸ, ੧, ੨ : ੮ (1288)

ਦੇਖਤ ਕੁਤਰਾ ਕੈ ਗਈ ਬਿਲਾਈ॥

—ਆਸਾ ਕਬ, ੨੨, ੨ : ੨ (481)

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੈ॥

—ਗਉ ੪, ੫੯, ੪ : ੨ (171)

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥

—ਆਸਾ ੧, ੩੯, ੨ : ੨ (360)

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥

—ਸੋਰ ੪, ਵਾਰ ੧੬ਸ, ੩, ੨ : ੧ (648)

ਬਿਨੁ ਸਿਮਰਨ ਕੂਕਰ ਹਰਕਾਇਆ॥

—ਗਉ ੫, ਅਸ ੭, ੬ : ੧ (239)

ਕੂਕਰ ਕੂੜ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥

—ਸਿਰੀ ੧, ੧੯, ੩ : ੧ (21)

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥

—ਸਸ ੫, ੩੩ : ੨ (1357)

ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥

—ਸਲੋ ਕਬ, ੫੨ : ੧ (1367)

ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ॥

—ਗੂਜ ੫, ੩੦, ੨ : ੧ (502)

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥

—ਸਿਰੀ ੫, ੯੧, ੨ : ੧ (50)

ਖੋਤਾ

ਖੋਤਾ (Donkey) ਜਾਨਵਰ, ਘੋੜੇ ਤੋਂ ਛੋਟਾ ਹੁੰਦਾ ਹੈ ਅਤੇ ਭਾਰ ਢੋਣ ਤੇ ਸਵਾਰੀ ਦੇ ਕੰਮ ਆਉਂਦਾ ਹੈ। ਇਹ ਆਮਤੌਰ ਤੇ ਘੁਮਿਆਰਾਂ ਕੋਲ ਹੁੰਦਾ ਹੈ। ਇਸ ਦੇ ਕਈ ਨਾਂ ਹਨ ਜਿਵੇਂ ਗਧਾ, ਗਦੋ, ਗਰੱਧਭ, ਖਰਹ, ਖਰ ਆਦਿ।

ਖਰ ਕਾ ਪੈਖਰੁ ਤਉ ਛੂਟੈ ਜਉ ਊਪਰਿ ਲਾਦਾ॥

—ਬਿਲਾ ੫, ੫੮, ੧ : ੨ (815)

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥

—ਸਸ ੫, ੫੮ : ੧ (1359)

ਪਾਨਾ ਵਾੜੀ ਹੋਇ ਘਰ ਖਰੁ ਸਾਰ ਨ ਜਾਣੈ॥

—ਤਿਲੰ ੧, ਅਸ ੧, ੯ : ੧ (725)

ਹਰੀ ਅੰਗੂਰੀ ਗਦਹਾ ਚਰੈ॥

—ਗਉ ਕਬ, ੧੪, ੧ : ੧ (326)

ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥

—ਸਲੋ ਕਬ, ੧੦੮ : ੨ (1370)

ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥

—ਸੂਹੀ ੩, ਵਾਰ ੧੪ਸ, ੧, ੧ : ੪ (790)

ਗਰਧਪ ਵਾਗੂ ਲਾਹੇ ਪੇਟਿ॥

—ਗਉ ੫, ੧੦੭, ੧ : ੨ (201)

ਗਰਧਬ ਪ੍ਰੀਤਿ ਭਸਮ ਸੰਗਿ ਹੋਇ॥

—ਗਉ ੫, ਸੁਖ ੪, ੪ : ੮ (267)

ਬਿਨੁ ਸਿਮਰਨ ਗਰਧਭ ਕੀ ਨਿਆਈ॥

—ਗਉ ੫, ਅਸ ੭, ੫ : ੧ (239)

ਕੂਕਰਹ ਸੂਕਰਹ ਗਰਧਭਰ ਕਾਕਹ ਸਰਪਨਹ ਤੁਲਿ ਖਲਹ॥

—ਸਸ ੫, ੩੩ : ੨ (1357)

ਗਾਂ

ਗਾਂ (Cow) ਇਕ ਪਾਲਤੂ ਜਾਨਵਰ ਹੈ, ਜੋ ਦੁੱਧ ਦੇਂਦੀ ਹੈ। ਇਹ ਚਾਰ ਟੰਗਾਂ ਵਾਲਾ ਦੁਧਾਰੂ ਪਸ਼ੂ ਹੈ। ਇਸ ਦੀਆਂ ਅਨੇਕਾਂ ਕਿਸਮਾਂ ਪੂਰੇ ਸੰਸਾਰ ਵਿਚ ਵੇਖੀਆਂ ਜਾਂਦੀਆਂ ਹਨ। ਗੁਰਬਾਣੀ ਵਿਚ ਇਸ ਦਾ ਜ਼ਿਕਰ ਗਊ, ਗਊਆ, ਗਾਈ, ਗੋਰੂ (ਗਊਆਂ ਦਾ ਵੱਗ), ਚਉਣੇ, ਧੇਵਣਾ, ਧੇਣੁ, ਧੇਨ ਆਦਿ ਕਰ ਕੇ ਆਇਆ ਹੈ।

ਗਊ ਕਉ ਚਾਰੇ ਸਾਰਦੂਲੁ॥

—ਰਾਮ ੫, ੫੦, ੧ : ੧ (898)

ਬਿਨੁ ਅਸਥਨ ਗਊ ਲਵੇਰੀ॥

—ਬਸੰ ਕਬ, ੩, ੩ : ੧ (1194)

ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥

—ਸਿਰੀ ੧, ਅਸ ੧੪, ੪ : ੨ (62)

ਬ੍ਰਿੰਦਾਬਨ ਮਨ ਹਰਨ ਮਨੋਹਰ ਕ੍ਰਿਸ਼ਨ ਚਰਾਵਤ ਗਾਊ ਰੇ॥

—ਗਉ ਕਬ, ੬੬, ੨ : ੧ (338)

ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ॥

—ਗਉ ੧, ਅਸ ੧੭, ੧ : ੧ (228)

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥

—ਮਾਝ ੧, ਵਾਰ ੧੨ਸ, ੧, ੧ : ੬ (143)

ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ ॥

—ਆਸਾ ਕਬ, ੨੬, ੨ : ੧ (482)

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ ॥

—ਮਾਝ ੧, ਵਾਰ ੯ਸ, ੧, ੧ : ੧ (141)

ਸੰਤ ਸਭਾ ਗੁ ਪਾਈਐ ਮੁਕਤਿ ਪਦਾਰਥੁ ਧੇਣੁ ॥

—ਸਿਰਿ ੧, ੧੨, ੧ : ੨ (18)

ਅੰਮ੍ਰਿਤ ਸਸੀਆ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰਾ ਨਦੀ ਚੇ ਨਾਥੰ।

—ਧਨਾ ਤ੍ਰਿਲੋ ੧, ੪ : ੧ (695)

ਸੁਰਹ ਕੀ ਜੈਸੀ ਤੇਰੀ ਚਾਲ ॥

—ਬਸੰ ਕਬ, ੧, ੧ : ੧ (1196)

ਵੂਛੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ ॥

-ਮਾਝ ੧, ਵਾਰ ੨੬ਸ, ੧, ੧ : ੨੭ (150)

ਗਿਦੜ

ਗਿਦੜ (Jackal) ਕੁਤੇ ਦੀ ਜਾਤੀ ਦਾ ਇਕ ਜਾਨਵਰ ਹੈ, ਜੋ ਬੀਅਬਾਂ ਥਾਵਾਂ ਅਤੇ ਜੰਗਲਾਂ ਵਿਚ ਸ਼ਾਮ ਅਤੇ ਰਾਤਾਂ ਨੂੰ ਨਜ਼ਰੀਂ ਪੈਂਦਾ ਹੈ। ਇਹ ਡਰਪੋਕ ਜਾਨਵਰਾਂ ਵਿਚ ਗਿਣਿਆ ਜਾਂਦਾ ਹੈ। ਇਸ ਦੀ ਸ਼ਕਲ ਸੂਰਤ ਕੁੱਤੇ ਨਾਲ ਆਮਤੌਰ 'ਤੇ ਮਿਲਦੀ ਜੁਲਦੀ ਹੈ। ਇਹ ਮਾਸਾਹਾਰੀ ਤੇ ਸ਼ਾਕਾਹਾਰੀ ਜਾਨਵਰ ਹੈ। ਇਸ ਦੀ ਖੁਰਾਕ ਵਿਚ ਚੂਹੇ, ਨਿੱਕੇ ਜਾਨਵਰ, ਫ਼ਸਲਾਂ, ਹਰਾ ਚਾਰਾ ਆਦਿ ਆਉਂਦੇ ਹਨ। ਗਿਦੜ ਦੀ ਮਾਦਾ ਨੂੰ ਗਿੱਦੜੀ ਆਖਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਨੂੰ ਸਿਆਲ, ਸਿਆਰੁ ਆਦਿ ਕਰ ਕੇ ਲਿਖਿਆ ਹੈ।

ਸੁਆਨ **ਸਿਆਲ** ਮਾਇਆ ਮਹਿ ਰਾਤਾ ॥

—ਭੈਰ ਕਬ, ੧੩, ੪ : ੧ (1160)

ਜਬ ਹੀ **ਸਿਆਰ** ਸਿੰਘ ਕਉ ਖਾਇ ॥

—ਭੈਰ ਕਬ, ੧੪, ੨ : ੩ (1161)

ਕਾਢਿ ਦੇਇ **ਸਿਆਲ** ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ ॥

—ਮਾਰੂ ੫, ੭, ੨ : ੨ (1000)

ਗੈਂਡਾ

ਗੈਂਡਾ (Rhinosore) ਇਕ ਵੱਡ ਆਕਾਰੀ ਜੰਗਲੀ ਜਾਨਵਰ ਹੈ ਜਿਸ ਦੇ ਨੱਕ ਉੱਪਰ ਸਿੰਗ ਹੁੰਦਾ ਹੈ। ਇਸ ਦੀ ਖਲ ਮੋਟੀ ਅਤੇ ਸਖ਼ਤ ਹੁੰਦੀ ਹੈ ਜਿਸ ਕਾਰਨ ਢਾਲਾਂ ਚਮੜੇ ਦੀਆਂ ਬਣਦੀਆਂ ਹਨ।

ਗੈਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ॥

—ਮਲਾ ੧, ਵਾਰ ੨੫ਸ, ੧, ੨ : ੩ (1289)

ਘੋੜਾ

ਘੋੜਾ (Horse) ਇਕ ਪ੍ਰਸਿੱਧ ਪਸ਼ੂ ਹੈ ਜੋ ਸਵਾਰੀ ਆਦਿਕ ਦੇ ਕੰਮ ਆਉਂਦਾ ਹੈ। ਇਹ ਸਮਾਨ ਢੋਣ ਦੇ ਕੰਮ ਵੀ ਆਉਂਦਾ ਹੈ। ਘੋੜੇ ਦੀ ਮਦੀਨ ਨੂੰ ਘੋੜੀ ਆਖਦੇ ਹਨ। ਘੋੜਾ ਤਕਰੀਬਨ 5000 ਸਾਲ ਪਹਿਲਾਂ ਘਰੇਲੂ ਬਣਿਆ ਸੀ। ਇਹ ਬੜਾ ਤਾਕਤਵਰ ਜਾਨਵਰ ਮੰਨਿਆ ਜਾਂਦਾ ਹੈ। ਲੜਾਈ ਦੇ ਮੈਦਾਨ ਵਿਚ ਇਹ ਬਹੁਤ ਕੰਮ ਆਉਂਦਾ ਹੈ। ਰਾਜਪੂਤਾਨੇ ਵਿਚ ਰੰਗ ਅਨੁਸਾਰ ਘੋੜਿਆਂ ਦੇ ਨਾਉਂ ਰੱਖੇ ਜਾਂਦੇ ਹਨ।

ਗੁਰਬਾਣੀ ਵਿਚ ਇਸ ਜਾਨਵਰ ਲਈ ਸ਼ਬਦ ਘੋੜਾ, ਘੋਰੈ, ਘੋੜਤੇ, ਘੋੜੀ, ਘੋੜੇ, ਅਸ੍ਵ, ਹੈਵਰ, ਅਸੁ ਆਦਿ ਆਏ ਹਨ।

ਕਨਿਕ **ਅਸ੍ਵ** ਹੈਵਰ ਭੂਮਿ ਦਾਨ॥

—ਗਉ ੫, ਸੁਖ ੩, ੨ : ੪ (265)

ਮਿਥਿਆ ਰਥ ਹਸਤੀ **ਅਸ੍ਵ** ਬਸਤ੍ਰਾ॥

—ਗਉ ੫, ਸੁਖ ੫, ੪ : ੫ (268)

ਅਸੁ ਪਵਨ ਹਸਤਿ ਅਸਵਾਰੀ॥

—ਗਉ ੫, ੮੧, ੨ : ੧ (179)

ਅਸੁ ਹਸਤੀ ਰਥ ਅਸਵਾਰੀ॥

—ਸੁਖ ੧੯, ੫ : ੭ (288)

ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ॥

—ਸਿਰੀ ੫, ੭੧, ੨ : ੨ (42)

ਕਈ ਜਨਮ **ਹੈਵਰ** ਬ੍ਰਿਖ ਜੋਇਓ॥

—ਗਉ ੫, ੭੨, ੧ : ੪ (176)

ਘੋਰੈ ਚਰਿ ਭੈਸ ਚਰਾਵਨ ਜਾਈ॥

—ਅਸ ਕਬ, ੨੨, ੪ : ੨ (481)

ਘੋਰੈ ਚਰਿ ਭੈਸ ਚਰਾਵਨ ਜਾਈ॥

—ਅਸ ਕਬ, ੨੨, ੪ : ੨ (481)

ਚੜਿ ਕੈ **ਘੋੜਤੈ** ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥

—ਗਉ ੫, ਵਾਰ ੧੯ਸ, ੫, ੨ : ੧ (322)

ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣ॥

—ਰਾਮ, ਵਾਰ ੬ : ੬ (968)

ਚੜਿ ਦੇਹੜਿ **ਘੋੜੀ** ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥

—ਵਡ ੪, ਘੋੜੀ ੧, ੪ : ੪ (575)

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥

—ਸਿਰੀ ੧, ੭, ੩ : ੧ (16)

ਇਕ ਤਾਜਨਿ ਤੁਰੀ ਚੰਗੇਰੀ॥

—ਧਨਾ, ਧੰਨਾ ੧, ੨ : ੨ (695)

ਤਾਜੀ ਰਥ ਤੁਖਾਰ ਹਾਥੀ ਪਾਖਰੇ॥

—ਮਾਝ ੧, ਵਾਰ ੮ : ੫ (141)

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ॥

—ਗਉ ੧, ੧੩, ੪ : ੧ (155)

ਕਬਹੂ ਤੂਰੈ ਤੁਰੰਗ ਨਚਾਵੈ॥

—ਭੈਰ ਨਾਮ, ੫, ੨ : ੧ (1164)

ਮਨ ਅਸਵਾਰ ਜੈਸੇ ਤੁਰੀ ਸੀਗਾਰੀ॥

—ਗਉ ੫, ੧੬੦, ੧ : ੧ (198)

ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ॥

—ਗਉ ੪, ੪੭, ੨ : ੧ (166)

ਘੋੜੀ ਤੇਜਣਿ ਦੇਹ ਰਾਮਿ ਉਪਾਇਆ ਰਾਮ॥

—ਵਡ ੪, ਘੋੜੀ ੧, ੪ : ੨ (575)

ਦੇਹ ਤੇਜਨੜੀ ਹਰਿ ਨਵਰੰਗੀਆ ਰਾਮ॥

—ਵਡ ੪, ਘੋੜੀ ੨, ੧ : ੧ (576)

ਚੀਤਾ

ਚੀਤਾ (Leopard) ਨੂੰ ਚੀਤਰਾ ਵੀ ਆਖਦੇ ਹਨ। ਇਹ ਇਕ ਮਾਸਖੋਰ ਸ਼ੇਰ ਵਰਗਾ ਜਾਨਵਰ ਹੈ ਜੋ ਬਿੱਲੀਆਂ ਦੇ ਪਰਿਵਾਰ ਵਿਚ ਆਉਂਦਾ ਹੈ। ਸੰਸਾਰ ਵਿਚ ਇਸ ਦੀ ਵਸੋਂ 12000 ਤੋਂ 15000 ਤੱਕ ਹੈ। ਇਸ ਦੀ ਔਸਤ ਲੰਬਾਈ ਪੂਛ ਸਮੇਤ 1.12 ਮੀਟਰ ਤੋਂ 1.40 ਮੀਟਰ ਤੱਕ ਨਾਪੀ ਗਈ ਹੈ। ਨਰ ਦਾ ਭਰ 55 ਕਿਲੋ ਤੇ ਮਾਦਵਾਂ ਦਾ 40 ਕਿਲੋ ਹੁੰਦਾ ਹੈ। ਚੀਤਾ 105 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜਦਾ ਹੈ। ਇਹ ਦੌੜਨ ਸਮੇਂ ਲੱਗਦਾ ਹੈ ਜਿਵੇਂ ਹਵਾ ਵਿਚ ਉੱਡਦਾ ਹੈ। ਇਸ ਦਾ ਰਹਿਣ-ਬਸੇਰਾ ਉੱਚੇ ਘਾਹ, ਸੰਘਣੇ ਦਰੱਖਤ ਵਾਲੇ ਜੰਗਲ ਹਨ। ਇਹ ਆਮਤੌਰ ਤੇ ਛੋਟੇ ਜਾਨਵਰਾਂ ਅਤੇ ਪੰਛੀਆਂ ਨੂੰ ਆਪਣੀ ਖੁਰਾਕ ਬਣਾਉਂਦਾ ਹੈ ਪਰ ਕਦੀ ਵੱਡੇ ਸ਼ਿਕਾਰ ਵੀ ਕਰ ਲੈਂਦਾ ਹੈ। ਇਸ ਦੀਆਂ ਹੋਰ ਜਾਤੀਆਂ ਵਿਚ ਬਰਫ਼ਾਨੀ ਚੀਤਾ, ਕਲੋਂਡਿਡ ਚੀਤਾ ਆਦਿ ਵੀ ਆਉਂਦੇ ਹਨ। ਗੁਰਬਾਣੀ ਵਿਚ ਇਸ ਦਾ ਜ਼ਿਕਰ ਇਕੋ ਵਾਰ ਆਇਆ ਹੈ।

ਬੰਤਰ ਚੀਤੇ ਮਾਰੁ ਸਿੰਘਾਤਾ॥

—ਭੈਰ ਕਬ, ੧੩, ੪ : ੨ (1160)

ਪਸ਼ੂ

ਪਸ਼ੂ (Animal) ਦੀ ਪਰਿਭਾਸ਼ਕ ਸ਼ਬਦਾਵਲੀ ਵਿਚ ਡੰਗਰ, ਹੈਵਾਨ, ਚੁਪਾਇਆ, ਢੋਰ ਆਦਿ ਆਉਂਦੇ ਹਨ। ਪਸ਼ੂਆਂ ਦੀ ਪ੍ਰਮੁੱਖ ਵਰਗੀਕਰਨ ਸਭ ਤੋਂ ਪਹਿਲਾਂ ਐਰਿਸਟੋਟੇਲ

ਨੇ ਉਲੀਕੀ। ਜੋ ਵਰਗੀਕਰਨ ਅਜੋਕੀ ਦੇਖਣ ਵਿਚ ਆਉਂਦੀ ਹੈ, ਉਹ ਸਵੀਡਨ ਦੇ ਬਨਸਪਤੀ ਵਿਗਿਆਨੀ ਕਾਰੋਲਸ ਲੇਨਿਯਮ ਨੇ 1750 ਵਿਚ ਦਿੱਤੀ ਸੀ। 'ਗੁਰਮਤਿ ਮਾਰਤੰਡ' ਅਨੁਸਾਰ ਜੋ ਬੰਨ੍ਹਿਆ ਜਾਵੇ, ਚਾਰ ਪੈਰਾਂ ਵਾਲਾ ਜੀਵ, ਪ੍ਰਾਣੀ, ਯਗਸ। ਪਸ਼ੂ—ਜੋ ਬਿਬੇਕ ਬੁੱਧੀ ਤੋਂ ਰਹਿਤ, ਸੁਸਤਿਕਾਰਹੀਨ, ਉਪਕਾਰ ਦੇ ਤਯਾਗੀ, ਕਰਤਾਰ ਤੋਂ ਵਿਮੁੱਖ ਲੋਕ ਹਨ, ਉਹਨਾਂ ਦੀ ਪਸ਼ੂ ਸੰਗਯਾ ਹੈ।' ਗੁਰਬਾਣੀ ਵਿਚ ਪਸ਼ੂ ਲਈ ਸ਼ਬਦ ਪਸੁ, ਪਸੂ, ਪਸੂਆ, ਹੈਵਾਨ, ਢੋਰ ਆਦਿ ਕਰ ਕੇ ਲਿਖਿਆ ਹੈ।

ਕੁਦਮ ਕੇ **ਪਸੁ** ਪੰਖੀਆ ਦਿਸੈ ਨਾਹੀ ਕਾਲੁ॥

—ਸਿਰੀ ੫, ੭੩, ੨ : ੧ (43)

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ **ਪਸੂ** ਉਪਾਏ॥

—ਗਉ ੧, ੧੭, ੨ : ੧ (156)

ਮਨਮੁਖ ਤਤੁ ਨ ਜਾਣਨੀ **ਪਸੂ** ਮਾਹਿ ਸਮਾਨਾ॥

—ਮਾਰੂ ੧, ਅਸ ੧, ੩ : ੩ (1009)

ਅਨਿਕ ਰਸਾ ਖਾਵੈ ਜੈਸੇ **ਢੋਰ**॥

—ਗਉ ੪, ੧੨੪, ੧ : ੧ (190)

ਉਹੁ ਜਨਮਿ ਨ ਮਰੈ ਰੇ ਸਾਕਤ **ਢੋਰ**॥

—ਭੈਰ ੫, ੧, ੨ : ੨ (1136)

ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ **ਢੋਰੈ**॥

—ਮਾਰ ੧, ਅਸ ੭, ੧ : ੪ (1012)

ਗੈਬਾਨ **ਹੈਵਾਨ** ਹਰਾਮ ਕੁਸਤਾਨੀ ਮੁਰਦਾਰ ਬਖੋਰਾਇ॥

—ਤਿਲੰ ੫, ੧, ੨ : ੧ (723)

ਜੀਅ **ਜੰਤ੍ਰ** ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ॥

—ਸੋਰ ੫, ੫੦, ੧ : ੧ (621)

ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ **ਪਸੂਆ**।

—ਗਉ ੫, ੧੨੭, ੧ : ੨ (206)

ਬੱਕਰਾ

ਬੱਕਰਾ (Goat) ਇਕ ਚੌਂ ਟੰਗਾਂ ਵਾਲਾ ਨਰ ਪਸ਼ੂ ਹੈ ਜਿਸ ਦਾ ਮਾਸ ਖਾਧਾ ਜਾਂਦਾ ਹੈ ਅਤੇ ਕਈ ਵੇਰਾਂ ਬਲੀ ਵੀ ਦਿੱਤੀ ਜਾਂਦੀ ਹੈ। ਇਸ ਦਾ ਕੱਦ ਦੋ ਤਿੰਨ ਫੁੱਟ ਉੱਚਾ ਅਤੇ ਠੱਡੀ ਤੇ ਥੋੜੇ ਜਿਹੇ ਵਾਲ ਹੁੰਦੇ ਹਨ। ਇਸ ਦੀ ਮਦੀਨ ਨੂੰ ਬਕਰੀ ਆਖਦੇ ਹਨ। ਗੁਰਬਾਣੀ ਵਿਚ ਇਸ ਲਈ ਬੱਕਰਾ, ਬਕਰੀ, ਅਜ, ਅਜਾ ਆਦਿ ਸ਼ਬਦ ਮਿਲਦੇ ਹਨ।

ਕੁਹਿ **ਬਕਰਾ** ਰਿੰਨਿ੍ ਖਾਇਆ ਸਭੁ ਕੋ ਆਖੈ ਪਾਇ॥

—ਆਸਾ ੧, ਵਾਰ ੧੫ਸ, ੧, ੨ : ੪ (471)

ਆਪੇ ਹੀ ਭਉ ਪਾਇਦਾ ਪਿਆਰਾ ਬੰਨਿ **ਬਕਰੀ** ਸੀਹੁ ਹਢਾਇਆ॥

—ਸੋਰ ੪, ੪, ੨ : ੩ (606)

ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਜਗਾਈ ਰੇ॥

—ਆਸਾ ੫, ੪੪, ੧ : ੨ (381)

ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥

—ਸਸ ੫, ੪੧ : ੧ (1357)

ਬਛਰਾ

ਵੱਛਾ, ਗਊ ਦਾ ਜਾਇਆ (Calf),

ਪਾਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ।

—ਰਾਮ ਨਾਮ, ੧, ੩ : ੨ (972)

ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ **ਬਛਰਾ** ਖੀਰੁ ਪੀਐ।

—ਪ੍ਰਭਾ ੧, ੭, ੪ : ੨ (1329)

ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ **ਬਛਰਾਕ**।

—ਕਾਨ ੪, ੪, ੨ : ੨ (1295)

ਆਪੇ **ਬਛਰੂ** ਗਊ ਖੀਰੁ।

—ਬਸੰ ੪, ਅਸ ੭, ੩ : ੧ (1190)

ਪਹਿਲੇ ਦੂਧ ਬਿਧਰਿਓ **ਬਛਰੈ** ਬੀਠਲੁ ਭੈਲਾ ਕਾਇ ਕਰਉ।

—ਆਸਾ ਨਾਮ, ੨, ੩ : ੨ (485)

ਜਿਉ **ਬਛਰਾ** ਦੇਖਿ ਗਊ ਸੁਖੁ ਮਾਨੈ ਤਉ ਨਾਨਕ ਹਰਿ ਗਲਿ ਲਾਈਐ ਰੇ।

—ਕੇਦਾ ੪, ੧, ੪ : ੨ (1118)

ਗਊ **ਬਾਛ** ਕਉ ਸੰਚੈ ਖੀਰੁ।

—ਸਾਰ ਨਾਮ, ੧, ੨ : ੩ (1252)

ਜੈਸੇ ਗਾਇ ਕਾ **ਬਾਛਾ** ਛੂਟਲਾ।

—ਗੋਂਡ ਨਾਮ, ੪, ੨ : ੧ (847)

ਬਲਦ

ਬਲਦ (Ox) ਨੂੰ ਬੈਲ ਵੀ ਆਖਿਆ ਜਾਂਦਾ ਹੈ। ਇਸ ਨੂੰ ਢੱਗਾ ਵੀ ਕਿਹਾ ਜਾਂਦਾ ਹੈ। ਵਾਹੀ ਕਰਨ, ਫਸਲ ਬੀਜਣ, ਖੂਹ ਚਲਾਉਣ, ਫਲ੍ਹੇ ਚਲਾਉਣ, ਦਾਣੇ ਕੱਢਣ ਅਤੇ ਹੋਰ ਖੇਤੀ ਦੇ ਕੰਮਾਂ ਵਿਚ ਕੰਮ ਆਉਂਦਾ ਹੈ। ਰੰਗਾਂ ਕਾਰਨ ਇਸ ਦੇ ਕਈ ਨਾਮ ਪ੍ਰਚਲਿਤ ਹਨ ਜਿਵੇਂ ਸਾਵਾ ਬਲਦ, ਬੱਗਾ ਬਲਦ, ਲਾਖਾ ਬਲਦ, ਡੱਬਾ ਬਲਦ, ਡੱਬ-ਖੜੱਬਾ, ਗੋਰਾ/ਚਿੱਟਾ ਬਲਦ, ਮਧਰ ਬਲਦ ਅਤੇ ਲੰਮੀ ਵੇਲ ਵਾਲਾ ਬਲਦ। ਕਈ ਵੇਰਾ ਸਿੰਗਾਂ ਦੀ ਬਣਤਰ ਅਨੁਸਾਰ ਇਸ ਨੂੰ ਚੱਪਾ, ਭੋਡਾ, ਨਾਰਾ, ਮੁੱਠੀ, ਭੂੰਗਾ ਬਲਦ ਵੀ ਆਖਿਆ ਜਾਂਦਾ ਹੈ। ਇਸ ਦੀ ਸਰੀਰਕ ਲੰਬਾਈ 39-118 ਇੰਚ, ਦੁੰਮ 20-28 ਇੰਚ ਤੱਕ ਨਾਪੀ ਗਈ ਹੈ। ਇਹ ਅੰਦਾਜ਼ਨ 8000 ਵਰ੍ਹੇ ਤੋਂ ਘਰੇਲੂ ਬਣ ਗਿਆ ਹੈ। ਸੰਸਾਰ ਵਿਚ ਇਸ ਦੀਆਂ ਅਨੇਕਾਂ ਕਿਸਮਾਂ ਮਿਲਦੀਆਂ ਹਨ।

ਗੁਰਬਾਣੀ ਵਿਚ ਇਸ ਜਾਨਵਰ ਲਈ ਬਲਦ, ਧਵਲ ਆਦਿ ਆਏ ਹਨ।

ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ **ਬਲਦ** ਭਵੰਦੇ॥

—ਬਿਲਾ ੪, ੬, ੨ : ੨ (800)

ਬਰਧ ਪਚੀਸਕ ਸੰਗੁ ਕਾਚ॥

—ਬਸੰ ਕਬ, ੬, ੧ : ੨ (1194)

ਬਰਦ ਚਢੇ ਡਉਰੂ ਢਮਕਾਵੈ॥

—ਗੋਂਡ ਨਾਮ, ੬, ੨ : ੨ (874)

ਓਹੁ ਤੇਲੀ ਸੰਦਾ **ਬਲਦੁ** ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥

—ਗਉ ੪, ਵਾਰ ੧੬ਸ, ੪, ੧ : ੫ (309)

ਬਲਦ ਭਉ ਭੁਇ ਪਵਿਤੁ ਪਾਣੀ ਸਤਿ ਸੰਤੋਖ **ਬਲੇਦ**॥

—ਰਾਮ ੩, ਵਾਰ ੧੭ਸ, ੧, ੨ : ੧ (955)

ਬੈਲ ਕਉ ਨੇਤ੍ਰਾ ਪਾਇ ਦੁਹਾਵੈ॥

—ਗਉ ੫, ੧੬੦, ੨ : ੧ (198)

ਕਈ ਜਨਮ ਹੈਵਰ **ਬ੍ਰਿਖ** ਜੋਇਓ॥

—ਗਉ ੫, ੭੨, ੧ : ੪ (176)

ਘਰੁ ਮਹਿ ਧਰਤੀ **ਧਉਲੁ** ਪਾਤਾਲ।

—ਮਾਝ ੩, ਅਸ ੨੮, ੨ : ੧ (126)

ਸੁਣਿਐ ਧਰਤਿ **ਧਵਲ** ਆਕਾਸ।

—ਜਪੁ ੧, ੮ : ੨ (2)

ਧਵਲੈ ਉਪਰਿ ਕੇਤਾ ਭਾਰਿ।

—ਜਪੁ ੧, ੧੬ : ੧੦ (3)

ਧੌਲੁ ਧਰਮੁ ਦਇਆ ਕਾ ਪੂਤੁ।

—ਜਪੁ ੧, ੧੬ : ੭ (3)

ਆਪੇ ਧਰਤੀ **ਧਉਲੁ** ਅਕਾਸੰ।

—ਮਾਰੂ ੧, ਸੋਲਾ ੨, ੧ : ੧ (2010)

ਬਾਂਦਰ

(ਸੰ: ਕਪਿ), ਬਾਂਦਰ

ਬਾਂਦਰ (Monkey) ਦਰੱਖਤਾਂ ਤੇ ਰਹਿਣ ਵਾਲਾ ਇਕ ਪ੍ਰਸਿੱਧ ਜਾਨਵਰ ਹੈ, ਜੋ ਆਦਮੀ ਨਾਲ ਮਿਲਦਾ-ਜੁਲਦਾ ਹੈ। ਬਾਂਦਰ ਦੀਆਂ ਅਨੇਕਾਂ ਜਾਤੀਆਂ ਹਨ, ਜੋ ਵੱਖ-ਵੱਖ ਦੇਸ਼ਾਂ ਵਿਚ ਵਿਚਰਦੀਆਂ ਹਨ। ਸੁੰਘਣ ਸ਼ਕਤੀ ਵਿਚ ਪ੍ਰਬਲ ਹੈ।

ਗੁਰਬਾਣੀ ਵਿਚ ਇਸ ਨੂੰ ਕਪਿ, ਕਪਿਕ, ਬੰਤਰ, ਮਰਕਟ ਆਦਿ ਵੀ ਆਖਿਆ ਗਿਆ ਹੈ।

ਜਿਉ **ਕਪਿ** ਕੇ ਕਰਿ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ॥

—ਗਉ ਕਬ, ੫੯, ੧ : ੧ (336)

ਫਾਕਿਓ ਮੀਨ **ਕਪਿਕ** ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ॥

—ਗੌਂਡ ੫, ੨; ੧ : ੧ (862)

ਬੰਤਰ ਚੀਤੇ ਅਰੁ ਸਿੰਘਾਤਾ॥

—ਭੈਰ ਕਬ, ੧੩, ੪ : ੨ (1160)

ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥

—ਸਲੋ ੧, ੨੫ : ੨ (1412)

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥

—ਗਉ ਕਬ, ੫੭, ੨ : ੧ (336)

ਬਿਖਯੰਤ ਜੀਵੰ ਵਸੁੰ ਕਰੋਤਿ ਨਿਰਤੵੰ ਕਰੋਤਿ ਜਥਾ **ਮਰਕਟਹ**॥

—ਸਸ ੪, ੪੭ : ੨ (1358)

ਬਘਿਆੜ

ਬਘਿਆੜ (Wolf) ਦਾ ਪਰਿਵਾਰ ਉਹੀ ਹੈ ਜੋ ਕੁੱਤੇ ਦਾ ਹੈ। ਇਹ ਜੰਗਲ ਵਿਚ ਰਹਿੰਦਾ ਹੈ ਤੇ ਘੱਟ ਵੇਖਣ ਨੂੰ ਆਉਂਦਾ ਹੈ। ਇਸ ਦੀ ਮਦੀਨ ਨੂੰ ਬਿਘਿਆੜੀ ਆਖਦੇ ਹਨ। ਇਹ ਇਕ ਖੂੰਖਾਰ ਜੰਗਲੀ ਜਾਨਵਰ ਹੈ। ਇਹ ਆਮਤੌਰ ਤੇ ਰਾਤ ਸਮੇਂ ਨਜ਼ਰੀਂ ਪੈਂਦਾ ਹੈ। ਇਹ ਜੰਗਲ ਵਿਚ ਝੁੰਡਾਂ ਵਿਚ ਰਹਿੰਦੇ ਹਨ। ਬਘਿਆੜੀ ਹਰ ਸਾਲ 4-5 ਬੱਚਿਆਂ ਨੂੰ ਜਨਮ ਦਿੰਦੀ ਹੈ। ਸੰਸਾਰ ਵਿਚ ਇਸ ਦੀਆਂ ਅਨੇਕਾਂ ਕਿਸਮਾਂ ਦੇਖਣ ਵਿਚ ਆਈਆਂ ਹਨ।

ਪਾਛੈ **ਬਾਘੁ** ਡਰਾਵਣੋ ਆਗੈ ਟਗਨਿ ਤਲਾਉ॥

—ਸਲੋ ੧, ੭ : ੨ (1410)

ਦਸ **ਬਿਘਿਆੜੀ** ਲਈ ਨਿਵਾਰਿ॥

—ਰਾਮ ੫, ੫੧, ੧ : ੨ (899)

ਬਿਲੀ

ਬਿੱਲੀ (Cat) ਇਕ ਮਾਸਾਹਾਰੀ ਜੀਵ ਹੈ ਜਿਸ ਦੀ ਸੁੰਘਣ ਦੀ ਸ਼ਕਤੀ ਪ੍ਰਬਲ ਹੈ। ਸੰਸਾਰ ਵਿਚ ਇਸ ਦੀਆਂ ਬਹੁਤ ਸਾਰੀਆਂ ਜਾਤੀਆਂ ਹਨ। ਘਰੇਲੂ ਬਣਨ ਵਿਚ ਇਹ ਪਹਿਲਾ ਜਾਨਵਰ ਹੈ। ਇਸ ਦਾ ਜ਼ਿਕਰ ਮਥਿਆਸ ਅਤੇ ਧਰਮਾਂ ਵਿਚ ਵੀ ਆਇਆ ਹੈ।

ਗੁਰਬਾਣੀ ਵਿਚ ਇਸ ਨੂੰ ਬਿਲਕਾ, ਬਿਲਾਈ, ਮੰਜਾਰਾ, ਮਾਂਜਾਰ ਆਦਿ ਨਾਵਾਂ ਨਾਲ ਵੀ ਯਾਦ ਕੀਤਾ ਗਿਆ ਹੈ।

ਅਖੀ ਪ੍ਰੇਮ ਕਸਾਈਆ ਜਿਉ **ਬਿਲਕ** ਮਸਾਈ ਰਾਮ॥

—ਬਿਲਾ ੪, ੪, ੧ : ੧ (845)

ਮਾਨਸ ਬਪੁਰਾ ਮੂਸਾ ਕੀਕੋ ਮੀਚੁ **ਬਿਲਈਆ**॥

—ਬਿਲਾ ਕਬ, ੧, ੧ : ੨ (855)

ਘਰ ਕੀ **ਬਿਲਾਈ** ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥

—ਆਸਾ ੫, ੪੪, ੧ : ੧ (381)

ਸਿੰਘੁ **ਬਿਲਾਈ** ਹੋਇ ਗਇਓ ਤ੍ਰਿਣ ਮੇਰੁ ਦਿਖੀਤਾ॥

—ਬਿਲਾ ੫, ੩੭, ੩ : ੧ (810)

ਮਿਰਤੁ **ਮੰਜਾਰ** ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ॥

—ਸਮੁ ੫, ੪ : ੫ (1388)

ਸੂਕਰ ਸੁਆਨ ਗਰਧਭ **ਮੰਜਾਰਾ**॥

—ਬਿਲਾ ੧, ਅਸ ੨, ੫ : ੧ (832)

ਮਾਜਾਰ ਗਾਡਰ ਅਰੁ ਲੂਬਰਾ॥

—ਭੈਰ ਕਬ, ੧੩, ੪ : ੩ (1160)

ਭੇਡ

ਭੇਡ (Sheep) ਬਕਰੀ ਵਰਗਾ ਇਕ ਮਸ਼ਹੂਰ ਜਾਨਵਰ ਹੈ ਜੋ ਉੱਨ ਖਾਤਰ ਪਾਲਿਆ ਜਾਂਦਾ ਹੈ। ਇਸ ਦ ਕੱਦ ਅੰਦਾਜ਼ਨ ਦੋ ਫੁੱਟ ਹੁੰਦਾ ਹੈ। ਭੇਡ ਦੀ ਨਰ ਜਾਤ 'ਭੇਡੂ' ਅਖਵਾਉਂਦੀ ਹੈ। ਇਸ ਦੇ ਬੱਚੇ ਨੂੰ 'ਲੇਲਾ' ਕਹਿੰਦੇ ਹਨ। ਇਸ ਜਾਨਵਰ ਦੀ ਖ਼ੁਰਾਕ ਵਿਚ ਪੇੜ-ਪੌਦਿਆਂ ਦੇ ਪੱਤੇ, ਮੱਕੀ, ਘਾਹ ਤੇ ਹਰਾ ਚਾਰਾ ਹੀ ਪ੍ਰਮੁੱਖ ਹਨ। ਇਹ ਦੁੱਧ ਅਤੇ ਮੀਟ ਲਈ ਵੀ ਪ੍ਰਸਿੱਧ ਹੈ। ਗੁਰਬਾਣੀ ਵਿਚ ਇਸ ਜਾਨਵਰ ਲਈ ਸ਼ਬਦ ਭੇਡ, ਮੇਘਾ, ਭੇਡਾ, ਭੇਡਾਰੇ, ਗਾਡਰ, ਲੇਲੇ, ਛਤਾਰਾ ਆਉਂਦੇ ਹਨ।

ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ **ਭੇਡਾਰੇ**।

—ਗਉ ੪, ਵਾਰ ੨੧ ਸ, ੪, ੧ : ੫ (312)

ਗਾਡਰ ਲੇ ਕਾਮਧੇਨੁ ਕਰਿ ਪੂਜੀ।

—ਗਉ ੫, ੧੬੦, ੩ : ੧ (198)

ਬਿਲੁ ਸਿਮਰਨ ਜੈਸੇ ਸੀਙ **ਛਤਾਰਾ**।

—ਗਉ ੫, ੭, ੪ : ੧ (239)

ਕੁਦਮ ਕਰੈ **ਗਾਡਰ** ਜਿਉ ਛੇਲ।

—ਰਾਮ ੫, ੫੨, ੧ : ੩ (899)

ਧਨਿ ਧਨਿ **ਮੇਘਾ** ਰੋਮਾਵਲੀ।

—ਮਾਲੀ ਨਾਮ, ੧, ੧ : ੧ (998)

ਮਗਰਮੱਛ

ਮਗਰਮੱਛ (Crocodile) ਮੱਛੀ ਜਾਤੀ ਦਾ ਇਕ ਹੋਰ ਰੂਪ ਜੋ ਆਕਾਰ ਵਿਚ ਬਹੁਤ ਵੱਡਾ ਹੁੰਦਾ ਹੈ। ਇਸ ਦੀ ਉਮਰ ਕਈ ਸੋ ਸਾਲ ਮੰਨੀ ਜਾਂਦੀ ਹੈ।

ਮਾਗਰਮਛੁ ਛਹਾਈਐ ਕੁੰਡੀ ਜਾਲੁ ਵਡਾਇ॥

—ਮਾਰੂ ੧, ਅਸ ੨, ੫ : ੧ (1009)

ਮੱਝ

ਭੈਸਾ (Buffalo) ਨੂੰ ਝੋਟਾ ਅਤੇ ਮੱਝ ਵੀ ਆਖਦੇ ਹਨ। ਮੈਂਹ, ਸੰਢਾ, ਮੈਂਹਾ, ਮਹਿਤੂ ਨਾਂ ਵੀ ਆਮ ਪ੍ਰਚੱਲਿਤ ਹਨ। ਮੱਝ ਅਸਲ ਵਿਚ ਦੁੱਧ ਦੇਣ ਵਾਲਾ ਇਕ ਪਸ਼ੂ ਹੈ ਜਿਸ ਦੀ ਕਾਲੀ ਚਮੜੀ ਅਤੇ ਸਿੰਗ ਵੀ ਹੁੰਦੇ ਹਨ। ਆਕਾਰ ਪੰਜ ਫੁੱਟ ਅਤੇ ਵਜ਼ਨ 800 ਕਿਲੋ ਤਕ ਹੁੰਦਾ ਹੈ।

ਗਊ **ਭੈਸ** ਮਾਗਉ ਲਾਵੇਰੀ॥

—ਧਨਾ, ਧੰਨਾ ੧, ੨ : ੧ (695)

ਬਾਣੀਏ ਕੇ ਘਰ ਹੀਂਗੁ ਆਛੈ **ਭੈਸਰ** ਮਾਥੈ ਸੀਗੁਰੋ॥

—ਟੋਡੀ ਨਾਮ ੩, ੨ : ੧ (718)

ਪਹਿਰਿ ਚੋਲਨਾ ਗਦਹਾ ਨਾਚੈ **ਭੈਸਾ** ਭਗਤਿ ਕਰਾਵੈ॥

—ਆਸਾ ਕਬ, ੬, ੧ : ੨ (477)

ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਓ **ਮਾਝਾ** ਦੁਧ॥

—ਸਲੋ ਫਰ, ੨੭ : ੧ (1379)

ਲੂੰਬੜ

ਲੂੰਬੜ (Fox) ਨੂੰ ਰੋਬਾਹਾ ਵੀ ਆਖਦੇ ਹਨ। ਇਹ ਗਿੱਦੜ ਦੀ ਜਾਤਿ ਦਾ ਇਕ ਜੀਵ ਹੈ, ਜੋ ਕਦ ਵਿਚ ਛੋਟਾ ਤੇ ਦੁੰਮ ਪੁਰ ਲੰਮੇਂ ਰੋਮ ਰੱਖਦਾ ਹੈ। ਗੁਰਬਾਣੀ ਵਿਚ ਇਸ ਨੂੰ 'ਲੂਬਰਾ' ਕਰ ਕੇ ਲਿਖਿਆ ਹੈ। ਇਸ ਦੀ ਲੰਮੀ ਦੁਮ ਅਤੇ ਵੱਡੇ ਕੰਨ ਹੁੰਦੇ ਹਨ। ਮਦੀਨ 4-5 ਬੱਚਿਆਂ ਨੂੰ ਜਨਮ ਦਿੰਦੀ ਹੈ। ਇਸ ਦੀਆਂ ਸੰਸਾਰ ਵਿਚ 21 ਜਾਤੀਆਂ ਹਨ।

ਮਾਂਜਾਰ ਗਾਡਰ ਅਰੁ **ਲੂਬਰਾ**॥

—ਭੈਰ ਕਬ, ੧੩, ੪ : ੩ (1160)

ਸ਼ੇਰ

ਸ਼ੇਰ (Lion) ਇਕ ਮਾਸਾਹਾਰੀ ਜਾਨਵਰ ਹੈ। ਇਹ ਆਮਤੌਰ ਤੇ 4 ਤੋਂ 30 ਦੇ ਝੁੰਡ ਵਿਚ ਰਹਿੰਦਾ ਹੈ ਅਤੇ 48 ਕਿਲੋਮੀਟਰ ਪ੍ਰਤੀ ਘੰਟਾ ਦੌੜਦਾ ਹੈ। ਇਸ ਦਾ ਆਕਾਰ ਦੁਮ ਸਮੇਤ ਅੱਠ ਫੁਟ ਦੋ ਇੰਚ ਨਾਪਿਆ ਗਿਆ ਹੈ। ਇਸ ਦੀ ਚਮੜੀ ਮੁਲਾਇਮ ਅਤੇ ਸਾਫ਼ ਹੁੰਦੀ ਹੈ। ਹਰ ਮੌਸਮ ਵਿਚ ਗੂੜ੍ਹਾ ਸੁਨਹਿਰੀ ਹਲਕਾ ਬਾਦਾਮੀ ਰੰਗ ਹੁੰਦਾ ਹੈ। ਇਹ ਘਣੇ ਜੰਗਲਾਂ, ਚਟਾਨੀ ਪਹਾੜਾਂ, ਝਾੜੀਆਂ, ਗੁਫ਼ਾਂ ਆਦਿ ਵਿਚ ਨਿਵਾਸ ਰੱਖਦਾ ਹੈ। ਇਹ ਦਿਨੇ-ਰਾਤ ਸ਼ਿਕਾਰ ਵਿਚ ਰੁਝਿਆ ਰਹਿੰਦਾ ਹੈ ਖ਼ਾਸਕਰ ਮਾਸੂਮ ਪਸ਼ੂਆਂ, ਬੰਦਰਾਂ, ਛੋਟੇ ਹਿਰਨਾਂ, ਬਕਰੀਆਂ, ਭੇਡਾਂ, ਘੋੜੇ ਆਦਿ ਲਈ ਭਾਰੀ ਖਤਰਾ ਪੈਦਾ ਕਰਦਾ ਹੈ। ਕੁੱਤਿਆਂ ਨੂੰ ਤਾਂ ਸ਼ਰੇਆਮ ਦਬੋਚ ਲੈਂਦਾ ਹੈ। ਕਈ ਵੇਰਾਂ ਆਦਮੀਆਂ ਤੇ ਵੀ ਹਮਲਾ ਕਰਦਾ ਹੈ। ਗੁਰਬਾਣੀ ਵਿਚ ਸ਼ੇਰ ਲਈ ਸ਼ਬਦ ਸਿੰਘ, ਸਿੰਘਾਤਾ, ਸਿੰਘਚ, ਸਿੰਘੁ ਆਦਿ ਆਏ ਹਨ।

ਗਊ ਚਰਿ ਸਿੰਘ ਪਾਛੈ ਪਾਵੈ॥

—ਗਉ ੫, ੧੬੦, ੨ : ੨ (198)

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥

—ਰਾਮ ੫, ੫੧, ੧ : ੧ (899)

ਸਿੰਘਚ ਭੋਜਨੁ ਜੋ ਨਰੁ ਜਾਨੈ॥

—ਆਸਾ ਨਾਮ, ੪, ੨ : ੧ (485)

ਬੰਤਰ ਚੀਤੇ ਅਰੁ ਸਿੰਘਾਤਾ॥

—ਭੈਰ ਕਬ, ੧੩, ੪ : ੨ (1160)

ਰਾਜੇ ਸੀਹ ਮੁਕਦਮ ਕੁਤੇ॥

—ਮਲਾ ੧, ਵਾਰ ੨੨ਸ, ੧, ੨ : ੫ (1288)

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥

—ਮਾਝ ੧, ਵਾਰ ੧੪ਸ, ੧, ੧ : ੧ (144)

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

—ਆਸਾ ੧, ੩੯, ੨ : ੧ (360)

ਪੰਛੀ-ਵਿਗਿਆਨ
(Ornithology)

ਇੱਲ

ਇੱਲ (Vulture) ਇਕ ਸ਼ਿਕਾਰੀ ਪੰਛੀ ਹੈ ਜਿਸ ਨੂੰ ਚੀਲ ਵੀ ਆਖਦੇ ਹਨ। ਇਸ ਨੂੰ 'ਚਾਂਵਡਾ' ਵੀ ਆਖਦੇ ਹਨ। ਇਹ ਪੰਛੀ ਪਹਾੜਾਂ, ਜੰਗਲਾਂ, ਜਲ-ਥਲ ਸਾਰੀਆਂ ਥਾਵਾਂ ਤੇ ਉਡਦੀ ਫਿਰਦੀ ਹੈ ਪਰ ਪਹਾੜਾਂ ਦੀ ਕੁਦਰਤੀ ਸੁੰਦਰਤਾ, ਠੰਡੀ ਛਾਂ, ਬਿਰਛ-ਬੂਟੇ, ਅਨਾਜ ਦੀਆਂ ਫਸਲਾਂ, ਮਿੱਠੇ-ਠੰਡੇ ਪਾਣੀ ਦੀਆਂ ਝੀਲਾਂ ਇਸ ਪੰਛੀ ਨੂੰ ਆਪਣੇ ਵੱਲ ਨਹੀਂ ਆਕ੍ਰਸ਼ਿਤ ਕਰ ਸਕਦੇ ਕਿਉਂਕਿ ਇਸ ਦਾ ਸੁਭਾਅ ਘ੍ਰਿਣਤ ਹੈ ਅਤੇ ਮੁਰਦਾਰ ਕਿੱਥੇ ਵੀ ਨਜ਼ਰੀਂ ਪਵੇ, ਉੱਥੇ ਹੀ ਝਪੱਟਾ ਮਾਰ ਲੈਂਦੀ ਹੈ। ਇੱਲ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ। ਇਸ ਦੀ ਲੰਬਾਈ 24-110 ਇੰਚ ਤੱਕ ਮਾਪੀ ਗਈ ਹੈ। ਪੰਜਾਬ ਵਿਚ ਇਸ ਦੀਆਂ ਦੋ ਕਿਸਮਾਂ ਆਮ ਵੇਖਣ ਵਿਚ ਆਉਂਦੀਆਂ ਹਨ ਜਿਵੇਂ 'ਚਿੱਟੀ ਇੱਲ' ਅਤੇ 'ਬ੍ਰਾਹਮਣੀ ਇੱਲ'। ਕੀੜੇ-ਮਕੌੜੇ ਤੇ ਰੀਂਗਣ ਵਾਲੇ ਜਾਨਵਰ ਇਸ ਦੀ ਖ਼ੁਰਾਕ ਵਿਚ ਸ਼ਾਮਲ ਹਨ। ਮੱਛੀਆਂ, ਡੱਡੂਆਂ ਅਤੇ ਹੋਰ ਜਲ ਜੀਵਾਂ ਨੂੰ ਵੀ ਲੱਭ ਕੇ ਖਾਂਦੀਆਂ ਹਨ।

ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਇੱਲ ਦੇ ਭੇਸ ਵਿਚ ਮਨ ਅਜਿਹਾ ਪ੍ਰਤੀਬਿੰਬਤ ਹੁੰਦਾ ਹੈ, ਜਿਹੜਾ ਭਰਮ-ਭੁਲੇਖਿਆਂ ਕਾਰਨ ਅਕਾਲ ਪੁਰਖ ਦੀ ਭਗਤੀ ਦੀਆਂ ਹੁਸੀਨ ਵਾਦੀਆਂ ਨੂੰ ਤਿਆਗ ਕੇ ਘ੍ਰਿਣਤ ਵਿਕਾਰਾਂ ਦੇ ਮੁਰਦੇ ਵੱਲ ਜਾਣ ਵਿਚ ਹੀ ਅਰਾਮ ਲੱਭਦਾ ਫਿਰਦਾ ਹੈ।

ਇੱਲ ਦੀ ਸ਼੍ਰੇਣੀ ਏਵੀਜ਼, ਉਪ-ਸ਼੍ਰੇਣੀ ਨੀਆੱਗਨਿਥੀਜ਼, ਵਰਗ ਫਾਲਕੋਨੀਫ਼ਾਰਮੀਜ਼ ਅਤੇ ਕੁਲ ਫਾਲਕੋਨਿਡੀ ਹੈ। ਫ਼ਾਰਸੀ ਸਾਹਿਤ ਵਿਚ ਇਸ ਪੰਛੀ ਬਾਰੇ ਪ੍ਰਸਿੱਧ ਹੈ ਕਿ ਉਹ ਇਕ ਸਾਲ ਨਰ ਅਤੇ ਇਕ ਸਾਲ ਮਦੀਨ ਰਹਿੰਦੀ ਹੈ। ਅੰਡੇ ਨੂੰ ਵੈਦਕ ਲੋਕ ਸੁਰਮੇ ਵਿਚ ਪਾਉਂਦੇ ਹਨ ਤਾਂਕਿ ਨਜ਼ਰ ਤੇਜ਼ ਹੋ ਜਾਵੇ।

> ਫਿਰਦੀ ਫਿਰਦੀ ਦਹਦਿਸਾ ਜਲ ਪਰਬਤ ਬਨਰਾਇ॥
> ਜਿਥੈ ਡਿਠਾ ਮਿਰਤਕੋ **ਇਲ** ਬਹਿਠੀ ਆਇ॥

—ਗਉ ੫, ਵਾਰ ੧੭ਸ, ੫, ੨ : ੨ (322)

ਸੀਚਾਨੇ

ਲਾਲ ਰੰਗ ਦੇ ਸਿਰ ਵਾਲਾ ਇਕ ਸ਼ਿਕਾਰੀ ਪੰਛੀ ਜੋ ਬਾਜ਼ ਤੋਂ ਛੋਟਾ ਪਰ ਸ਼ਿਕਰੇ ਤੋਂ ਵੱਡਾ ਹੁੰਦਾ ਹੈ। ਫ਼ਾਰਸੀ ਵਿਚ ਇਸ ਨੂੰ ਸੀਚਰਾਨਾ ਆਖਦੇ ਹਨ।

> **ਸੀਚਾਨੇ** ਜਿਉ ਪੰਖੀਆ ਲਾਲੀ ਬਧਿਕ ਹਾਥਿ॥

—ਸਿਰੀ ੧, ਅਸ ੪, ੩ : ੧ (55)

ਹੰਸ

ਹੰਸ (Bar headed Goose) ਬਤਖ ਦੀ ਜਾਤੀ ਦਾ ਇਕ ਪੰਛੀ ਹੈ ਜੋ ਨਿਰਮਲਤਾ ਤੇ ਬਿਬੇਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦੇ ਪੈਰ ਚਿੱਟੇ ਅਤੇ ਚੁੰਝ ਲਾਲ ਹੁੰਦੀ ਹੈ। ਇਸ ਦੀ ਚੁੰਝ ਵਿਚ ਖਟਾਸ ਹੁੰਦਾ ਹੈ, ਜਿਸ ਨੂੰ ਦੁੱਧ ਵਿਚ ਪਾਇਆਂ ਪਾਣੀ ਅਲੱਗ ਹੋ ਜਾਂਦਾ ਹੈ। ਇਸ ਨੂੰ ਪੁਰਾਣੇ ਕਾਵਿ ਵਿਚ ਮੋਤੀ ਚੁਗਣ ਵਾਲਾ ਪੰਛੀ ਲਿਖਿਆ ਹੈ। ਇਹ ਪੰਛੀ ਝੀਲਾਂ ਅਤੇ ਦਰਿਆਵਾਂ ਦੇ ਆਸ-ਪਾਸ ਦੇਖੇ ਜਾ ਸਕਦੇ ਹਨ। ਇਹ ਕਾਫੀ ਉੱਚਾਈ ਤੱਕ ਉੱਡਦੇ ਰਹਿੰਦੇ ਹਨ। ਇਸ ਨੂੰ 'ਸਾਵਨ ਬਿਰਵਾ' ਵੀ ਆਖਿਆ ਜਾਂਦਾ ਹੈ। ਇਹ ਪੰਛੀ ਵੱਡੀਆਂ ਵੱਡੀਆਂ ਝੀਲਾਂ ਤੇ ਰਹਿੰਦਾ ਹੈ ਅਤੇ ਰੰਗ ਚਿੱਟਾ ਦੁੱਧ ਹੁੰਦਾ ਹੈ। ਗੁਰਬਾਣੀ ਵਿਚ ਜੀਵ-ਆਤਮਾ, ਰੂਹ ਕਰਕੇ ਵੀ ਵਰਨਣ ਕੀਤਾ ਗਿਆ ਹੈ। ਪਰਮ ਹੰਸ ਨੂੰ ਪਾਰਬ੍ਰਹਮ ਅਤੇ ਨਿਰਗੁਣ ਬ੍ਰਹਮ ਸ਼ਬਦ ਵੀ ਵਰਤੇ ਗਏ ਹਨ। ਜੋ ਗੁਰਮੁਖ ਸੰਸਾਰ ਵਿਚ ਨਿਰਲੇਪ ਰਹਿੰਦੇ ਹਨ ਅਤੇ ਸੰਸਾਰ ਨੂੰ ਤਿਆਗ ਕੇ ਸਾਰ ਗ੍ਰਹਿਣ ਕਰਦੇ ਹਨ, ਉਨ੍ਹਾਂ ਨੂੰ ਹੰਸ ਰੂਪ ਕਥਨ ਕੀਤਾ ਹੈ। ਇਸ ਪੰਛੀ ਦੇ ਝੁੰਡ ਸ਼ੋਰ ਮਚਾਉਂਦੇ V-formation ਵਿਚ ਉੱਡਦੇ ਹਨ। ਇਸ ਦੀ ਖੁਰਾਕ ਵਿਚ ਡੱਡੂ, ਮੱਛੀਆਂ, ਪਾਣੀ ਵਿਚ ਕੀੜੇ-ਮਕੌੜੇ ਸ਼ਾਮਲ ਹੁੰਦੇ ਹਨ। ਇਸ ਦੀ ਗਰਦਨ ਬਹੁਤ ਲੰਮੀ ਹੁੰਦੀ ਹੈ।

ਤੂੰ ਸਾਗਰੁ ਹਮ **ਹੰਸ** ਤੁਮਾਰੇ ਤੁਮ ਮਹਿ ਮਾਣਕ ਲਾਲਾ॥

—ਰਾਮ ੫, ੬, ੨ : ੧ (884)

ਸਰਵਰ **ਹੰਸ** ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥

—ਰਾਮ ੩, ਵਾਰ ੨੧ਸ, ੧, ੧ : ੧ (956)

ਗੋਵਿੰਦੁ ਊਜਲੁ ਊਜਲ **ਹੰਸਾ**॥

—ਮਾਝ ੩, ਅਸ ੨੧, ੧ : ੧ (121)

ਨਾਨਕ **ਹੰਸਾ** ਆਦਮੀ ਬਧੇ ਜਮਪੁਰਿ ਜਾਹਿ॥

—ਆਸਾ ੧, ਵਾਰ ੧੮ਸ, ੧, ੨ : ੪ (472)

ਹੰਸਾ ਵੇਖਿ ਤਰੰਦਿਆ ਬਗਾ ਭਿ ਆਯਾ ਚਾਉ॥

—ਵਡ ੪, ਵਾਰ ੧ਸ, ੩, ੩ : ੧ (585)

ਸਰਵਰੁ **ਹੰਸਿ** ਨ ਜਾਣਿਆ ਕਾਗ ਕੁਪੰਖੀ ਸੰਗਿ॥

—ਸਲੋ ੧, ੧੦ : ੩ (1411)

ਕਾਇਆ **ਹੰਸਿ** ਸੰਜੋਗੁ ਮੇਲਿ ਮਿਲਾਇਆ॥

—ਮਾਝ ੧, ਵਾਰ ੪ : ੧ (139)

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ **ਹੰਸੁ**॥

—ਸਿਰੀ ੧, ੨੫, ੪ : ੧ (23)

ਕਿਆ **ਹੰਸੁ** ਕਿਆ ਬਗੁਲਾ ਜਾ ਕਉ ਨਦਰਿ ਕਰੇਇ॥

—ਸਿਰੀ ੪, ਵਾਰ ੨੦ਸ, ੧, ੨ : ੧ (91)

ਜੇ ਤਿਸੁ ਭਾਵੈ ਨਾਨਕਾ ਕਾਗਹੁ **ਹੰਸੁ** ਕਰੇਇ॥

—ਸਿਰੀ ੪, ਵਾਰ ੨੦ਸ, ੧, ੨ : ੨ (91)

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ **ਹੰਸੁਲਾ**॥

—ਧਨਾ ਨਾਮ, ੩, ੩ : ੧ (693)

ਬਗੁਲਾ ਤੇ ਫੁਨਿ **ਹੰਸੁਲਾ** ਹੋਵੈ ਜੇ ਤੂ ਕਰਹਿ ਦਇਆਲਾ॥

—ਬਸੰ ੧, ੯, ੪ : ੨ (1171)

ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ **ਹੰਸੁਲਾ** ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ॥

—ਮਲਾ ੪, ੫, ੨ : ੨ (1264)

ਸੇਵਕ ਗੁਰਮੁਖਿ ਖੋਜਿਆ ਸੇ **ਹੰਸੁਲੇ** ਨਾਮੁ ਲਹੰਨਿ॥

—ਸੂਹੀ ੩, ਅਸ ੪, ੨ : ੨ (757)

ਕਲਰ ਕੇਰੀ ਛਪੜੀ ਆਇ ਉਲਥੇ **ਹੰਝ**॥

—ਸਲੋ ਫਰ, ੬੪ : ੨ (1381)

ਕਾਂ

ਕਾਂ (Crow) ਨੂੰ ਕਾਗ, ਕਊਆ, ਕਾਕ ਆਦਿ ਵੀ ਆਖਿਆ ਜਾਂਦਾ ਹੈ। ਕਾਲੇ ਰੰਗ ਦੇ ਇਸ ਪੰਛੀ ਦੀਆਂ ਕਈ ਕਿਸਮਾਂ ਦੇਖਣ ਵਿਚ ਆਉਂਦੀਆਂ ਹਨ। ਭੂਗੋਲਿਕ ਤੌਰ 'ਤੇ ਇਹ ਸਾਰੀਆਂ ਕਿਸਮਾਂ ਚੁੰਝਾਂ ਅਤੇ ਖੰਭਾਂ ਕਾਰਨ ਵੱਖ-ਵੱਖ ਹਨ। ਇਸ ਨੂੰ ਲੋਕੀ ਸਫ਼ਾਈ ਕਰਮਚਾਰੀ ਵੀ ਆਖਦੇ ਹਨ ਕਿਉਂਕਿ ਇਹ ਗਲੀਆਂ, ਸੜਕਾਂ ਤੋਂ ਜਮਾਂਦਾਰੀ ਜਾਂ ਝਾੜੂ ਫੇਰਨ ਦਾ ਕੰਮ ਵੀ ਕਰਦਾ ਹੈ। ਮੌਸਮ ਅਨੁਕੂਲ ਗਰਮੀਆਂ ਵਿਚ ਉਚਾਈ ਵੱਲ ਅਤੇ ਸਰਦੀਆਂ ਵਿਚ ਨਿਵਾਣ ਦਾ ਰੁੱਖ ਕਰਦੇ ਹਨ। ਆਕਾਰ ਪੱਖੋਂ ਇਹ 50-70 ਸੈਂਟੀਮੀਟਰ ਤੱਕ ਹੁੰਦਾ ਹੈ। ਇਹ ਪੰਛੀ ਸਰਬ ਆਹਾਰੀ ਹੈ ਅਤੇ ਆਪਣੇ ਗੁਜ਼ਾਰੇ ਲਈ ਹਰ ਥਾਂ ਜਾ ਕੇ ਨਿਡਰ ਹੋ ਕੇ ਜੋ ਵੀ ਮਿਲਦਾ ਹੈ, ਖਾਂਦਾ ਹੈ। ਕਈ ਵਾਰ ਦੂਜੇ ਪੰਛੀਆਂ ਦੇ ਬੱਚਿਆਂ ਤੇ ਅੰਡਿਆਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਗੁਰਬਾਣੀ ਵਿਚ ਇਸ ਪੰਛੀ ਲਈ ਜੋ ਸ਼ਬਦ ਰੂਪ ਵਰਤੇ ਜਾਂਦੇ ਹਨ, ਉਹ ਹਨ ਕਊਆ, ਕਾਕ, ਕਾਉ, ਕਾਓ, ਕਾਗ, ਕਾਗਾ, ਕਾਗੁ, ਕਾਗਹੁ, ਆਦਿ। ਕਾਂ ਦੀ ਮਦੀਨ ਨੂੰ ਕਾਉਣੀ ਆਖਦੇ ਹਨ ਜੋ ਸਾਲ ਵਿਚ ਦੋ ਵਾਰ 3-5 ਤੱਕ ਅੰਡੇ ਦਿੰਦੀ ਹੈ ਜਿਸ ਦਾ ਰੰਗ ਹਰੇ-ਨੀਲਾ ਹੁੰਦਾ ਹੈ। ਪੰਜਾਬੀ ਸਾਹਿਤ ਵਿਚ ਇਸ ਪੰਛੀ ਦਾ ਜ਼ਿਕਰ ਆਮ ਆਇਆ ਹੈ।

ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ **ਕਊਆ** ਕੂਕਰ ਖਾਹੀ॥

—ਗਉ ਕਬ, ੪੫, ੧ : ੨ (332)

ਤੇਰੀ ਗਰਦਨਿ ਊਪਰਿ ਲਵੈ **ਕਾਓ**॥

—ਬਸੰ ਰਵਿ, ੧, ੧ : ੪ (1196)

ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ **ਕਾਓ**॥

—ਸਿਰੀ ੩, ੪੩, ੨ : ੨ (30)

ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਉ॥

—ਵਡ ੧, ੧ : ੪ (581)

ਪ੍ਰਭੁ ਭਗਤਿ ਵਛਲੁ ਨਾ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ॥

—ਬਿਲ ੫, ਛੰਤ ੪, ੩ : ੨ (848)

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥

—ਸਸ ੫, ੩੩ : ੨ (1357)

ਕਾਗ ਰਤਨ ਬਿਸਟਾ ਮਹਿ ਵਾਸ॥

—ਗਉ ੫, ਅਸ ੭, ੨ : ੨ (239)

ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ॥

—ਮਾਰੂ ੩, ਵਾਰ ੧੦ ਸ, ੩, ੧ : ੧ (1089)

ਜੋ ਤਿਸੁ ਭਾਵੈ ਨਾਨਕ ਕਾਗਹੁ ਹੰਸੁ ਕਰੇ॥

—ਸਲੋ ਫਰ, ੧੨੪ : ੨ (1384)

ਉਡਹੁ ਨ ਕਾਗਾ ਕਾਰੇ॥

—ਗਉ ਕਬ, ੬੫, ੧ : ੧ (338)

ਕੂੜਿਆਰੀ ਰਚੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥

—ਸੋਰ ੪, ਵਾਰ ੧੦ : ੩ (646)

ਕੋਇਲ

ਕੋਇਲ (Koel) ਦਾ ਪਰਿਵਾਰ ਉਹੀ ਹੈ ਜੋ ਪਪੀਹਾ ਦਾ ਹੈ। ਕੋਇਲ ਦੀ ਆਵਾਜ਼ ਬੜੀ ਮਿੱਠੀ ਹੁੰਦੀ ਹੈ। ਕਾਲੇ ਰੰਗ ਦਾ ਇਹ ਸੁਰੀਲੀ ਆਵਾਜ਼ ਵਾਲਾ ਪੰਛੀ, ਕਾਂ ਦਾ ਸ਼ਿਕਾਰ ਵੀ ਕਰ ਲੈਂਦਾ ਹੈ। ਇਸ ਦਾ ਆਕਾਰ 42 ਸੈਂਟੀਮੀਟਰ ਤੱਕ ਹੁੰਦਾ ਹੈ। ਮਾਦਾ ਪੰਛੀ ਕੇਵਲ ਕਿੱਕ-ਕਿੱਕ-ਕਿੱਕ ਕਰਦੀ ਹੈ ਤੇ ਨਰ-ਪੰਛੀ ਕੂ-ਕੂ-ਕੂ ਕਰਦਾ ਹੈ। ਇਸ ਪੰਛੀ ਦੀ ਦੁਮ ਲੰਮੀ ਹੁੰਦੀ ਹੈ। ਨਰ-ਪੰਛੀ ਪੂਰਾ ਕਾਲਾ ਹੁੰਦਾ ਹੈ ਤੇ ਚੁੰਝ ਪੀਲੀ-ਹਰੀ ਤੇ ਅੱਖਾਂ ਲਾਲ ਹੁੰਦੀਆਂ ਹਨ। ਇਹ ਪੰਛੀ ਛੋਟੇ ਪੰਛੀਆਂ ਦੇ ਅੰਡਿਆਂ ਅਤੇ ਆਲ੍ਹਣਿਆਂ ਨੂੰ ਤੋੜਦਾ ਰਹਿੰਦਾ ਹੈ। ਇਹ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਆਪ ਕਰਦਾ ਹੈ। ਆਲ੍ਹਣਾ ਵੱਡਾ ਤੇ ਦਰੱਖਤ ਦੇ ਵਿਚਕਾਰ ਹੁੰਦਾ ਹੈ।

ਕਾਲੀ **ਕੋਇਲ** ਤੂ ਕਿਤੁ ਗੁਨ ਕਾਲੀ॥

—ਸੂਹੀ ਫਰ, ੧, ੨ : ੧ (794)

ਕੋਕਿਲਾ

ਕੋਕਿਲਾ (Coucal) ਵੀ 47 ਸੈਂਟੀਮੀਟਰ ਲੰਮਾ ਹੁੰਦਾ ਹੈ। ਇਹ ਪੰਛੀ ਵੀ ਕਾਲੇ ਰੰਗ ਦਾ ਹੁੰਦਾ ਹੈ। ਇਹ ਪਾਣੀ ਦੇ ਲਾਗੇ ਹੀ ਬਹੁਤ ਵਿਚਰਦਾ ਹੈ। ਇਹ ਛੋਟੇ ਕੀੜੇ-ਮਕੌੜੇ ਅਤੇ ਪੰਛੀਆਂ ਦੇ ਅੰਡੇ ਅਤੇ ਬੱਚੇ ਖਾਣ ਦਾ ਸ਼ੌਕੀਨ ਹੈ। ਇਹ ਆਪਣਾ ਆਲ੍ਹਣਾ ਆਪ ਬਣਾਉਂਦਾ ਹੈ, ਜੋ ਘਣੇ ਪੌਂਤਿਆਂ/ਦਰੱਖਤਾਂ ਵਿਚ ਸੁਰੱਖਿਅਤ ਰੱਖਿਆ ਹੁੰਦਾ ਹੈ। ਇਸ ਦੇ ਪੰਜੇ ਸਿੱਧੇ ਹੁੰਦੇ ਹਨ।

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥

—ਗਉ ੧, ੧੯, ੨ : ੧ (159)

ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਭੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ॥

—ਮਲਾ ੫, ੨੩, ੧ : ੨ (1272)

ਕੂੰਜ

ਕੂੰਜ (Domoiselle Crane) ਇਕ ਕਿਸਮ ਦਾ ਸਾਰਸ ਹੈ, ਪਾਣੀ ਦਾ ਪੰਛੀ ਜਿਸ ਦੀ ਧੌਣ ਤੇ ਟੰਗਾਂ ਲੰਮੀਆਂ ਹੁੰਦੀਆਂ ਹਨ। ਆਮਤੌਰ 'ਤੇ ਇਸ ਦਾ ਰੰਗ ਕਾਸ਼ਨੀ ਹੁੰਦਾ ਹੈ। ਖੇਤਾਂ ਦਾ ਬਹੁਤ ਨੁਕਸਾਨ ਕਰਦੀ ਹੈ। ਸਰਦੀਆਂ ਦੇ ਸ਼ੁਰੂ ਵਿਚ ਗਰਮ ਦੇਸ਼ਾਂ ਵਿਚ ਆਉਂਦੀ ਅਤੇ ਗਰਮੀਆਂ ਵਿਚ ਠੰਢੇ ਦੇਸ਼ਾਂ ਨੂੰ ਚਲੀ ਜਾਂਦੀ ਹੈ। ਹਿੰਦੀ ਵਿਚ ਇਸ ਲਈ ਨਾਂ ਕਰਕਾਰਾ ਵੀ ਪ੍ਰਸਿੱਧ ਹੈ। ਇਹ 3-4 ਫੁੱਟ ਉੱਚੀ ਹੁੰਦੀ ਹੈ। ਕੱਤਕ ਦੇ ਮਹੀਨੇ ਕੂੰਜਾਂ ਦੀਆਂ ਬੇਅੰਤ ਡਾਰਾਂ ਸਾਇਬੇਰੀਆ ਦੇ ਇਲਾਕੇ ਵਿਚ ਉੱਡ ਕੇ ਭਾਰਤ ਵਿਚ ਆਉਂਦੀਆਂ ਹਨ। ਇਨ੍ਹਾਂ ਦੀ ਖੁਰਾਕ ਵਿਚ ਜੀਵ-ਜੰਤੂ ਅਤੇ ਫ਼ਸਲਾਂ ਦੇ ਦਾਣੇ ਹਨ। ਪੰਜਾਬੀ ਸਾਹਿਤ ਵਿਚ ਇਸ ਪੰਛੀ ਦਾ ਵਰਨਣ ਆਮ ਮਿਲਦਾ ਹੈ। ਉੱਡਦੇ ਸਮੇਂ ਇਹ ਸੰਗੀਤਮਈ ਆਵਾਜ਼ਾਂ ਕੱਢਦੀਆਂ ਹਨ। ਚੇਤ ਦੇ ਮਹੀਨੇ ਤੱਕ ਪੰਜਾਬ ਰਹਿ ਕੇ ਬਾਅਦ ਵਿਚ ਸਾਇਬੇਰੀਆ ਵਾਪਸ ਚਲੀਆਂ ਜਾਂਦੀਆਂ ਹਨ।

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥

—ਸਿਰੀ ੩, ੫੪, ੧ : ੨ (34)

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥

—ਆਸਾ ਫਰ, ੨, ੧ : ੧ (488)

ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਲੀਉ॥

—ਸੂਹੀ ੧, ਕੁਚ ੧ : ੧੧ (762)

ਕਤਕਿ ਕੂੰਜਾ ਚੇਤਿ ਡਉ ਸਾਵਣਿ ਬਿਜੁਲੀਆ॥

—ਆਸਾ ਫਰ, ੨, ੬ : ੧ (488)

ਕਬੂਤਰ

ਕਬੂਤਰ (Peogen) ਇਕ ਅਜਿਹਾ ਪੰਛੀ ਹੈ ਜਿਸ ਦੇ ਕਈ ਰੰਗ ਹੁੰਦੇ ਹਨ। ਇਹ ਜਿੱਥੇ ਜੰਗਲੀ ਹੈ ਉੱਥੇ ਪਾਲਤੂ ਪੰਛੀ ਵੀ ਹੈ। ਜੰਗਲੀ ਕਬੂਤਰ ਨੂੰ 'ਗੋਲਾ ਕਬੂਤਰ' ਆਖਦੇ ਹਨ। ਰੰਗ ਸੁਰਮਈ ਹੁੰਦਾ ਹੈ। ਪਾਲਤੂ ਕਬੂਤਰਾਂ ਦੀਆਂ ਵਿਭਿੰਨ ਕਿਸਮਾਂ ਹਨ। 'ਮਮੋਲਾ ਕਬੂਤਰ' ਦੇ ਖੰਭ ਰੰਗਦਾਰ ਹੁੰਦੇ ਹਨ। ਕਾਲੇ ਰੰਗ ਦੇ ਕਬੂਤਰ ਨੂੰ 'ਕਾਕ ਕਬੂਤਰ' ਆਖਦੇ ਹਨ। ਖੇਡਣਾ/ਲੋਟਣ ਅਤੇ ਜੋਗੀਆ ਕਬੂਤਰ ਵੀ ਦੇਖੇ ਜਾਂਦੇ ਹਨ। ਕਬੂਤਰੀ 2-3 ਅੰਡੇ ਦਿੰਦੀ ਹੈ। ਦੋਵੇਂ ਰਲ ਕੇ 15-20 ਦਿਨਾਂ ਵਿਚ ਬੱਚੇ ਕੱਢ ਲੈਂਦੇ ਹਨ। ਪਹਿਲਾਂ ਪਹਿਲ ਲੋਕ ਕਬੂਤਰਾਂ ਨੂੰ ਚਿੱਠੀਆਂ ਭੇਜਣ ਲਈ ਪਾਲਦੇ ਸਨ। ਕਬੂਤਰ ਫਲਾਂ ਦਾ ਨੁਕਸਾਨ ਵੀ ਕਰਦੇ ਹਨ।

ਜਿਉ ਪੰਖੀ ਕਪੋਤਿ ਆਪੁ ਬਨਾਇਆ ਮੇਰੀ ਜਿੰਦੁੜੀਏ ਤਿਉ
ਮਨਮੁਖ ਸਭਿ ਵਸਿ ਬਾਲੇ ਰਾਮ॥

—ਬਿਹਾ ੪, ਛੰਤ ੨, ੩ : ੨ (538)

ਕੁੱਕੜ

ਕੁੱਕੜ (Cock) ਨੂੰ ਮੁਰਗਾ, ਕੁੱਕੁਟ ਭੀ ਆਖਦੇ ਹਨ। ਇਹ ਇਕ ਪ੍ਰਸਿੱਧ ਪੰਖੇਰੂ ਹੈ ਜਿਸ ਨੂੰ ਘਰਾਂ ਵਿਚ ਪਾਲਿਆ ਜਾਂਦਾ ਹੈ। 18 ਮਹੀਨੇ ਦੇ ਵਧੀਕ ਪੰਖੇਰੂ ਨੂੰ ਹੀ ਕੁੱਕੜ ਆਖਦੇ ਹਨ।

ਹੰਸਾ ਸੇਤੀ ਚਿਤੁ ਉਲਾਸਹਿ ਕੁਕਰ ਦੀ ਉਡਾਰੀ॥

—ਗਉ ਕਬ, ੧੯, ੫ : ੪ (322)

ਚਿੜੀ

ਚਿੜੀ (Sparrow) ਇਕ ਘਰੇਲੂ ਪੰਛੀ ਹੈ। ਇਸ ਦਾ ਆਕਾਰ 15 ਸੈਂਟੀਮੀਟਰ ਤੱਕ ਹੁੰਦਾ ਹੈ। ਰੰਗ ਭੂਰਾ-ਬਾਦਾਮੀ ਜਿਸ ਤੇ ਕਾਲੀ ਧਾਰੀਆਂ ਉੱਪਰ ਪਈਆਂ ਹੁੰਦੀਆਂ ਹਨ। ਪਹਾੜਾਂ ਅਤੇ ਮੈਦਾਨਾਂ ਵਿਚ ਇਹ ਪੰਛੀ ਆਮ ਹੁੰਦਾ ਹੈ। ਚਿੜੀ ਅਤੇ ਚਿੜੇ ਦੇ ਆਕਾਰ ਵਿਚ ਫਰਕ ਦੂਰੋਂ ਪਤਾ ਲੱਗ ਜਾਂਦਾ ਹੈ। ਇਸ ਦੀ ਖ਼ੁਰਾਕ ਵਿਚ ਦਾਣਾ, ਛੋਟੇ ਛੋਟੇ ਬੀਜ ਅਤੇ ਕੀੜੇ-ਪਤੰਗੇ ਸ਼ਾਮਲ ਹਨ। ਫਸਲਾਂ, ਸਬਜ਼ੀਆਂ ਤੇ ਫੁੱਲਾਂ ਨੂੰ ਵੀ ਕਈ ਵਾਰ ਤਬਾਹ ਕਰਦੀ ਹੈ। ਨਰ-ਪੰਛੀ ਦੀ ਆਵਾਜ਼ ਉੱਚੀ ਤਸੀ-ਤਸੀ-ਤਸੀ ਜਾਂ ਚੀਰ-ਚੀਰ-ਚੀਰ ਹੁੰਦੀ ਹੈ। ਇਸ ਪੰਛੀ ਦੇ ਵੱਡੇ ਝੁਰਮਟ ਰਾਤ ਸਮੇਂ ਇਕੱਠੇ ਹੋ ਕੇ ਸੌਣ ਤੋਂ ਪਹਿਲਾਂ ਬੜਾ ਸ਼ੋਰ ਮਚਾਉਂਦੇ ਹਨ। ਇਸ ਦੇ ਆਲ੍ਹਣੇ ਪਿਆਲੇ ਵਰਗੇ, ਸੁੱਕੇ ਘਾਹ-ਪੱਤਿਆਂ, ਛੋਟੇ ਵਾਲਾਂ ਤੇ ਪੰਖਾਂ ਦੇ ਬਣੇ ਹੁੰਦੇ ਹਨ। ਇਹ ਆਲ੍ਹਣੇ ਝਾੜੀਆਂ ਦੇ ਹੇਠਾਂ ਜਾਂ ਪੱਤਿਆਂ ਵਿਚਕਾਰ ਦਰੱਖਤਾਂ, ਘਰਾਂ ਦੀਆਂ ਛੱਤਾਂ ਹੇਠ ਹੁੰਦੇ ਹਨ। ਅੰਡਿਆਂ ਦਾ ਝੁਰਮਟ 3-5 ਤੱਕ, ਖੂਬਸੂਰਤ ਨੀਲੇ ਰੰਗ ਦੇ ਹੁੰਦੇ ਹਨ। ਦੋਵੇਂ ਲਿੰਗ ਅੰਡਿਆਂ ਉੱਪਰ ਬੈਠਣ ਦਾ ਕੰਮ ਕਰਦੇ ਅਤੇ ਅੰਡਿਆਂ ਵਿਚੋਂ ਬੱਚੇ ਕੱਢਦੇ ਹਨ।

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥

—ਗਉ ੫, ਵਾਰ ੬ਸ, ੫, ੧ : ੧ (319)

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜ੍ਹੀ ਬਿਲ ਲਾਇ॥

—ਮਲਾ ੧, ੧੯ : ੫ (1286)

ਚਕੋਰ

ਚਕੋਰ (Chakaur) ਇਕ ਪ੍ਰਸਿੱਧ ਪੰਖੇਰੂ ਹੈ ਜਿਸ ਨੂੰ ਪਹਾੜੀ ਤਿੱਤਰ ਵੀ ਆਖਦੇ ਹਨ। ਚਕੋਰ ਦੀ ਮਦੀਨ ਨੂੰ ਚਕੋਰੀ ਆਖਦੇ ਹਨ। ਇਸ ਦੀਆਂ ਟੰਗਾਂ ਲਾਲ ਹੁੰਦੀਆਂ ਹਨ। ਇਸ ਦੀ ਕਵੀਆਂ ਨੇ ਚੰਦ੍ਰਮਾ ਨਾਲ ਪ੍ਰੀਤ ਦੱਸੀ ਹੈ। ਪੁਰਾਣੇ ਸਮੇਂ ਰਾਜੇ ਪ੍ਰੇਮ ਨਾਲ ਚਕੋਰ ਪਾਲਦੇ ਸਨ ਤੇ ਖਾਣ ਯੋਗ ਪਦਾਰਥ ਚਕੋਰ ਅੱਗੇ ਰੱਖਦੇ ਸਨ। ਚਕੋਰ ਤੇ ਉਹਨਾਂ ਨੂੰ ਵੇਖ ਕੇ, ਬੁਰਾ ਅਸਰ ਨਾ ਹੋਵੇ, ਤਦ ਖਾਂਦੇ ਸਨ, ਵਿਸ਼ਵਾਸ ਇਹ ਸੀ ਕਿ ਜੇ ਖਾਣੇ ਵਿਚ ਜ਼ਹਿਰ ਹੋਵੇ, ਤਦ ਚਕੋਰ ਦੇ ਦੇਖਣਸਾਰ ਨੇਤ੍ਰ ਲਾਲ ਹੋ ਜਾਂਦੇ ਸਨ ਅਤੇ ਤੁਰੰਤ

ਮਰ ਜਾਂਦਾ ਸੀ। ਇਸੇ ਲਈ ਚਕੋਰ ਦਾ ਨਾਮ 'ਵਿਸਦੰਸ਼ਨ ਮ੍ਰਿਤਯਕ' ਹੈ। ਕਈ ਕਵੀਆਂ ਨੇ ਚਕੋਰ ਨੂੰ ਅੰਗਾਰ ਖਾਣ ਵਾਲਾ ਲਿਖਿਆ ਹੈ। ਚਕੋਰ ਦਾ ਆਕਾਰ 37 ਸੈਂਟੀਮੀਟਰ ਤੱਕ ਹੁੰਦਾ ਹੈ। ਇਹ ਲੜਾਕੂ ਪੰਛੀਆਂ ਵਿਚ ਮੰਨਿਆ ਜਾਂਦਾ ਹੈ।

ਮਨਿ ਪ੍ਰੀਤਿ ਚੰਦ **ਚਕੋਰ**॥

—ਬਿਲ ੫, ਅਸ ੨, ੬ : ੨ (838)

ਜਉ ਤੁਮ ਚੰਦ ਤਉ ਹਮ ਭਏ ਹੈ **ਚਕੋਰਾ**॥

—ਸੋਰ ਰਵਿ, ੫, ੧ : ੨ (658)

ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ **ਚਕੋਰੀ**॥

—ਗਉ ੫, ੧੩੪, ੨ : ੨ (208)

ਚਕਵੀ

ਚਕਵੀ (Ruddy Gosse or Brahminy Duck) ਨੂੰ ਸੁਰਖਾਬਣੀ ਵੀ ਆਖਦੇ ਹਨ। ਇਸ ਦਾ ਸੂਰਜ ਨਾਲ ਪ੍ਰੇਮ ਪ੍ਰਸਿੱਧ ਹੈ। ਪੁਰਾਤਨ ਗ੍ਰੰਥਾਂ ਅਨੁਸਾਰ ਇਹ ਆਪੇ ਵਿੱਚੀ ਵਿਛੜ ਜਾਂਦੇ ਹਨ। ਆਮਤੌਰ ਤੇ ਇਹ ਰਾਤ ਨੂੰ ਚਕਵੀ ਤੋਂ ਵਿਛੜ ਜਾਂਦਾ ਹੈ। ਇਸ ਦੇ ਪਰ ਕਲਗੀ ਵਿਚ ਲਾਏ ਜਾਂਦੇ ਹਨ। ਇਸ ਨੂੰ ਸੂਰਜ ਚੜ੍ਹਣ ਦੀ ਤਾਂਘ ਹੁੰਦੀ ਹੈ। ਚਕਵੀ ਬਾਰੇ ਪ੍ਰਸਿੱਧ ਹੈ ਕਿ ਜੋੜੇ ਵਿਚੋਂ ਇਕ ਮਰ ਜਾਏ ਤਾਂ ਦੂਜਾ ਜਿੰਦਾ ਨਹੀਂ ਰਹਿੰਦਾ।

ਕਬੀਰ **ਚਕਈ** ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥

—ਸਲੋ ਕਬ, ੧੨੫ : ੧ (1371)

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ **ਚਕਵੀ** ਸੂਰ॥

—ਸਿਰੀ ੧, ਅਸ ੧੧, ੫ : ੧ (60)

ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ॥

—ਆਸਾ ੫, ੩ : ੧ (455)

ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥

—ਗਉ ੧, ੪ : ੨ (164)

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸਲਾ॥

—ਧਨ ਨਮ, ੩ : ੧ (693)

ਅਨਿਕ ਸੂਖ **ਚਕਵੀ** ਨਹੀ ਚਾਹਤ ਅਨਦ ਪੂਰਨ ਪੇਖਿ ਦੇਹ॥

—ਜੈਤ ੫, ੧੦, ੧ : ੧ (702)

ਜਿਉ **ਚਕਵੀ** ਸੂਰਜ ਆਸ॥ —ਬਿਲ ੫, ੪ : ੫ (838)

ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ **ਚਕਵੀ** ਦਿਨੁ ਚਰੈ॥

ਬਿਲ ੫, ੪ : ੫ (847)

ਕਬ ਰੈਨਿ ਬਿਹਾਵੈ **ਚਕਵੀ** ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ॥

ਕੇਦ ੫, ੨ : ੪ (1122)

ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ॥

ਮਲਾ ੧, ੧ : ੨ (1273)

ਜਨ ਕਉ ਪ੍ਰੀਤਿ ਜਗੀ ਗੁਰ ਸੇਤੀ ਜਿਉ **ਚਕਵੀ** ਦੇਖਿ ਸੂਰੀਜੈ॥

ਮਲਾ ੧, ੩ : ੨ (1274)

ਤੋਤਾ

ਤੋਤਾ (Parrot) ਹਰੇ ਰੰਗ ਦਾ ਇਕ ਛੋਟਾ ਪੰਛੀ ਹੈ ਜਿਸ ਦੀ ਚੁੰਝ ਛੋਟੀ, ਖੜੀ ਅਤੇ ਤਾਕਤਵਰ ਹੁੰਦੀ ਹੈ। ਚੁੰਝ ਅੱਗੋ ਕੁੰਡੀ ਜਿਹੀ ਬਣੀ ਹੁੰਦੀ ਹੈ। ਫਸਲਾਂ ਅਤੇ ਫਲਾਂ ਦਾ ਬੜਾ ਨੁਕਸਾਨ ਕਰਦਾ ਹੈ। ਰਾਏ-ਤੋਤਾ (ਹੀਰਾਮਨ ਤੋਤਾ) ਨੂੰ ਪਿੰਜਰੇ 'ਚ ਬੰਦ ਕਰਕੇ ਕਈ ਗੱਲਾਂ ਰਟਾਈਆਂ ਜਾਂਦੀਆਂ ਹਨ। ਇਸ ਦੀ ਚੁੰਝ ਲਾਲ ਅਤੇ ਪੂਛ ਲੰਮੀ ਹੁੰਦੀ ਹੈ। ਤੋਤੇ ਦੀ ਮਦੀਨ ਤੋਤੀ ਚਾਰ ਤੋਂ ਛੇ ਤੱਕ ਅੰਡੇ ਦਿੰਦੀ ਹੈ। ਤਕਰੀਬਨ ਤਿੰਨ ਹਫ਼ਤਿਆਂ ਬਾਅਦ ਦੋਵੇਂ ਰਲ ਕੇ ਬੱਚੇ ਕੱਢ ਲੈਂਦੇ ਹਨ। ਤੋਤੇ ਦੀ ਉਮਰ ਤਕਰੀਬਨ ਪੰਜਾਹ ਸਾਲ ਤੱਕ ਮੰਨੀ ਗਈ ਹੈ। ਇਹ ਝੁੰਡਾਂ ਦੇ ਝੁੰਡ ਇਕ ਥਾਂ ਤੋਂ ਦੂਜੀ ਥਾਂ ਅਸਾਨੀ ਨਾਲ ਸੈਂਕੜੇ ਮੀਲਾਂ ਦਾ ਫ਼ਾਸਲਾ ਤੈਹ ਕਰਕੇ ਜਾਂਦੇ ਹਨ। ਇਨ੍ਹਾਂ ਦੀ ਆਵਾਜ਼ 'ਕੀਕ-ਕੀਕ-ਕੀਕ' ਹੁੰਦੀ ਹੈ। ਭਾਰਤ ਅਤੇ ਵਿਦੇਸ਼ ਵਿਚ ਅਨੇਕ ਪ੍ਰਕਾਰ ਦੀਆਂ ਕਿਸਮਾਂ ਨਜ਼ਰ ਆਉਂਦੀਆਂ ਹਨ। ਗੁਰਬਾਣੀ ਵਿਚ ਤੋਤੇ ਦਾ ਜ਼ਿਕਰ ਪਿੰਜਰੇ ਦੇ ਸੰਦਰਭ ਵਿਚ ਆਇਆ ਹੈ। ਇਸ ਨੂੰ ਸੂਅਟਾ, ਸੂਹਟੁ, ਮੈਜਨ ਕਰਕੇ ਲਿਖਿਆ ਹੈ।

ਤੂੰ ਪਿੰਜਰ ਹਉ **ਸੂਅਟਾ** ਤੋਰ॥

—ਗਉ ਕਬ, ੨, ੨ : ੧ (323)

ਜਿਉ ਨਲਨੀ **ਸੂਅਟਾ** ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾ॥

—ਗਉ ਕਬ, ੨, ੨ : ੧ (336)

ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ॥

—ਮਾਰੂ ੧, ਅਸ ੨, ੮ : ੧ (1010)

ਬਾਧਓ ਜਿਉ ਨਲਿਨੀ ਭ੍ਰਮਿ **ਸੂਆ**॥

—ਗਉ ੫, ਬਾਰ ੨੪ : ੨ (225)

ਗਨਿਕਾ ਉਧਰੀ ਹਰਿ ਕਹੈ **ਤੋਤ**॥

—ਬਸੰ ੫, ਅਸ ੧, ੨ : ੧ (1192)

ਸਿੰਮਲੁ ਰੁਖੁ ਸਰੀਰੁ ਮੈ **ਮੈਜਨ** ਦੇਖਿ ਭੁਲੰਨਿ੍॥

—ਸੂਹੀ ੧, ੩, ੪ : ੧ (729)

ਪੰਛੀ

ਪੰਛੀ (Bird) ਇਕ ਪਰਾਂ ਵਾਲਾ ਜਨੌਰ ਹੈ। ਗੁਰਬਾਣੀ ਵਿਚ ਇਸ ਲਈ ਜੋ ਸ਼ਬਦ ਆਏ ਹਨ, ਉਹ ਪੰਖੀ, ਪੰਖੀਅਲੋ, ਪੰਖੀਆ, ਪੰਖੇਰੂ, ਪਰੰਦਏ, ਪਸੂਆਮ (ਪੰਛੀ)। ਪੰਜਾਬੀ ਵਿਚ ਪੰਛੀ ਝਾਤ ਪਾਉਣਾ, ਉਡਦੇ ਪੰਛੀ ਫਾਹੁਣਾ, ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼ ਆਦਿ ਸ਼ਬਦਾਂ ਦੀ ਆਮ ਵਰਤੋਂ ਮਿਲਦੀ ਹੈ।

ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥

—ਗਉ ੧, ੧੭, ੨ : ੨ (156)

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥

—ਸਲੋ ਫਰ, ੭੯ : ੧ (1382)

ਖੇਲਿ ਗਏ ਸੇ ਪੰਖਣੂ ਜੋ ਚੁਗ ਦੇ ਸਰ ਤਲਿ॥

—ਸਿਰੀ ੧, ਅਸ ੧੧, ੮ : ੧ (60)

ਨਾਰਿ ਨ ਪੁਰਖੁ ਨ ਪੰਖਣੂੰ ਸਾਚਉ ਚਤੁਰੁ ਸਰੂਪ॥

—ਮਾਰੂ ੧, ਅਸ ੩, ੭ : ੨ (1010)

ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥

—ਗਉ ਕਬ, ੬੪, ੧ : ੨ (337)

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥

—ਸਿਰੀ ੧, ੨, ੩ : ੧ (14)

ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ॥

—ਗੂਜ ਨਾਮ, ੨, ੨ : ੧ (525)

ਫਰੀਦਾ ਹਉ ਬਲਿਹਾਰੀ ਤਿਨੁ ਪੰਖੀਆ ਜੰਗਲਿ ਜਿੰਨ੍ਾ ਵਾਸੁ॥

—ਸਲੋ ਫਰ, ੧੦੧ : ੧ (1383)

ਚਲਿ ਚਲਿ ਗਈਆਂ ਪੰਖੀਆ ਜਿਨ੍ਹੀ ਵਸਾਏ ਤਲ॥

—ਸਲੋ ਫਰ, ੬੬ : ੧ (1381)

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ॥

—ਮਾਝ ੧, ਵਾਰ ੨੧ਸ, ੧, ੨ : ੧ (147)

ਪਰੰਦਏ ਨ ਗਿਰਾਹ ਜਰ॥

—ਮਾਝ ੧, ਵਾਰ ੧੩ਸ, ੧, ੬ : ੧ (144)

ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ॥

—ਸਾਰ ੧, ੨, ੨ : ੨ (1197)

ਰਹੈ ਬਿਹੰਗਮ ਕਤਹਿ ਨ ਜਾਈ॥

—ਗਉ ਕਬ, ਬਾਅ ੯ : ੩ (340)

ਪਪੀਹਾ

ਪਪੀਹਾ (Sparrow Hawk) ਪੰਛੀ ਨੂੰ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ ਬੰਬੀਹਾ, ਸਾਰੰਗ, ਚਾਤ੍ਰਿਕ, ਚਾਤਕ ਆਦਿ। ਇਸ ਪੰਛੀ ਬਾਬਤ ਰਵਾਇਤ ਹੈ ਕਿ ਇਹ ਬੱਦਲਾਂ ਵੱਲ ਮੂੰਹ ਕਰਕੇ ਇਕ ਖ਼ਾਸ ਬੂੰਦ ਲਈ (ਜਿਸ ਨੂੰ ਸ੍ਵਾਤੀ ਬੂੰਦ ਕਹਿੰਦੇ ਹਨ) ਲਿਉਂ-ਲਿਉਂ ਕਰਦਾ ਰਹਿੰਦਾ ਹੈ। ਇਸ ਨੂੰ ਸ਼ਾਂਤੀ ਤਦ ਆਉਂਦੀ ਹੈ ਜਦ ਉਹ ਬੂੰਦ ਇਸ ਦੇ ਮੂੰਹ ਵਿਚ ਪੈਂਦੀ ਹੈ। ਇਸ ਪੰਛੀ ਦਾ ਪਰਿਵਾਰ ਕੁਕੂਲਿਡੀ ਹੈ, ਜਿਸ ਵਿਚ ਕੋਕਿਲ, ਮਾਲਕੋਸ, ਕੁੱਕੂ ਆਦਿ ਆਉਂਦੇ ਹਨ। ਇਸ ਪਰਿਵਾਰ ਦੇ ਪੰਛੀਆਂ ਦਾ

ਆਕਾਰ 25-38 ਸੈਂਟੀਮੀਟਰ ਵਿਚਕਾਰ ਹੁੰਦਾ ਹੈ। ਬਬੀਹਾ ਦੀ ਡੀਲ-ਡੋਲ, ਨੋਕਦਾਰ ਪਰ ਅਤੇ ਪ੍ਰਵਾਜ਼ ਤੇ ਰਫ਼ਤਾਰ ਬਾਜ ਵਰਗੀ ਹੀ ਹੁੰਦੀ ਹੈ। ਇਸ ਦਾ ਰੰਗ ਸੁਆਹ-ਭੂਰਾ, ਪਰ ਠੁੱਡੀ, ਉੱਪਰਲੀ ਗਰਦਨ ਅਤੇ ਛਾਤੀ ਫਿੱਕੀ ਸੁਆਹ ਵਰਗੀ ਹੁੰਦੀ ਹੈ ਸਾਰੇ ਅੰਗ ਹੇਠੋਂ ਚਿੱਟੇ ਅਤੇ ਕਾਲੀਆਂ ਧਾਰੀਆਂ ਵਰਗੇ ਹੁੰਦੇ ਹਨ। ਬਬੀਹਾ ਦੀਆਂ ਕਾਫ਼ੀ ਕਿਸਮਾਂ ਹਨ ਜੋ ਹਿਮਾਲਿਆ ਤੇ ਟਾਪੂਨੁਮਾਂ ਪਹਾੜਾਂ ਤੇ ਆਪ ਦਿਖਾਈ ਦਿੰਦੇ ਹਨ। ਇਨ੍ਹਾਂ ਦੀ ਅਵਾਜ਼ ਬਹੁਤੀ ਸੁਣਾਈ ਦਿੰਦੀ ਹੈ ਜੋ ਪ੍ਰਜਨਨ ਦਾ ਸਮਾਂ ਆਉਂਦਾ ਹੈ। ਬਬੀਹਾ ਆਮਤੌਰ 'ਤੇ ਕੀੜੇ-ਪਤੰਗੇ ਹੀ ਖਾਂਦਾ ਹੈ। ਇਹ ਕੋਈ ਆਪਣਾ ਆਲ੍ਹਣਾ ਨਹੀਂ ਬਣਾਉਂਦਾ ਪਰ ਅੰਡੇ ਦੂਜਿਆਂ ਦੇ ਆਲ੍ਹਣਿਆਂ ਵਿਚ ਹੀ ਪਾਉਂਦਾ ਹੈ, ਖ਼ਾਸ ਕਰ ਉਨ੍ਹਾਂ ਪੰਛੀਆਂ ਦੇ ਆਲ੍ਹਣਿਆਂ ਵਿਚ ਜੋ ਉਨ੍ਹਾਂ ਤੋਂ ਬਹੁਤ ਛੋਟੇ ਹੁੰਦੇ ਹਨ। ਇਸ ਦੇ ਅੰਡਿਆਂ ਦਾ ਰੰਗ ਅਤੇ ਨਿਸ਼ਾਨ ਵੀ ਬਹੁਤੇ ਦੂਜੇ ਪੰਛੀਆਂ ਵਰਗੇ ਹੀ ਹੁੰਦੇ ਹਨ। ਨਵੇਂ ਬੋਟ ਆਲ੍ਹਣੇ ਦੇ ਸਿਰੇ ਤੇ ਖੜ੍ਹ ਕੇ ਆਪਣੇ ਮਾਤਾ-ਪਿਤਾ ਨੂੰ ਪਛਾਣਦੇ ਹਨ। ਹਰ ਮਾਦਾ-ਲਿੰਗ ਇਕ ਮੌਸਮ ਵਿਚ 18-20 ਅੰਡੇ ਦਿੰਦੀ ਹੈ, ਉਹ ਵੀ ਵੱਖੋ-ਵੱਖਰੇ ਆਲ੍ਹਣਿਆਂ ਵਿਚ। ਇਹ ਪੰਛੀ ਬੱਚੇ ਕੱਢਣ ਦੀ ਜ਼ਿੰਮੇਵਾਰੀ ਦੂਜੇ ਪੰਛੀਆਂ ਨੂੰ ਦੇ ਕੇ ਆਪ ਸੁਰਖਰੂ ਹੋ ਜਾਂਦੇ ਹਨ।

ਗੁਰਬਾਣੀ ਵਿਚ ਬਬੀਹਾ ਦੀ ਪ੍ਰੀਤ ਮੀਂਹ ਦੀ ਕਣੀ ਨਾਲ ਅਜਿਹੀ ਦਰਸਾਈ ਹੈ ਕਿ ਮਨੁੱਖ ਨੂੰ ਤਾਕੀਦ ਕੀਤੀ ਹੋਈ ਹੈ ਕਿ ਤੂੰ ਵੀ ਅਜਿਹੀ ਪ੍ਰੀਤ ਰੱਬ ਨਾਲ ਕਰ ਜਿਵੇਂ ਬਬੀਹਾ ਸ੍ਵਾਂਤਿ ਬੂੰਦ ਲਈ ਕਰਦਾ ਹੈ।

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ **ਜੈਸੀ ਚਾਤ੍ਰਿਕ** ਮੋਹ॥

—ਸਿਰੀ ੧, ਅਸ ੧੧, ੩ : ੧ (60)

ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ॥

—ਆਸਾ ੫, ਛੰਤ ੩, ੩ : ੧ (454)

ਬੂੰਦ ਵਿਹੂਣਾ **ਚਾਤ੍ਰਿਕੋ** ਕਿਉ ਕਰਿ ਤ੍ਰਿਪਤਾਵੈ॥

—ਜੈਤ ੫, ਵਾਰ ੧੨ : ੨ (708)

ਪ੍ਰਿਉ ਪ੍ਰਿਉ ਚਵੈ **ਬਬੀਹਾ** ਭੁਇਅੰਗਮ ਫਿਰਹਿ ਡਸੰਤੇ॥

—ਤੁਖਾ ੧, ਬਾਰਾ ੧੦ : ੪ (1108)

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥

—ਤੁਖਾ ੧, ਬਾਰਾ ੨ : ੧ (1107)

ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ॥

—ਮਾਝ ੧, ਵਾ ੧੫ਸ, ੩, ੧ : ੩ (1284)

ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ॥

—ਮਲਾ ੧, ਵਾਰ ੧੫ਸ, ੩, ੧ : ੩ (1284)

ਬਗਲਾ

ਬਗਲਾ (Common Crane) ਇਕ ਚਿੱਟੇ ਰੰਗ ਦਾ ਪੰਛੀ ਹੈ ਜੋ ਮੱਛੀਆਂ ਖਾਂਦਾ ਹੈ ਅਤੇ ਤਕਰੀਬਨ ਹਰ ਨਦੀ-ਨਾਲਿਆਂ ਦੇ ਕੰਢੇ ਬੈਠ ਕੇ ਆਪਣਾ ਸ਼ਿਕਾਰ ਲੱਭਦਾ

ਰਹਿੰਦਾ ਹੈ। ਇਸ ਦੀ ਧੌਣ ਤੇ ਟੰਗਾਂ ਲੰਮੀਆਂ ਹੁੰਦੀਆਂ ਹਨ। ਇਸ ਦੀ ਖ਼ੁਰਾਕ ਵਿਚ ਡੱਡੂ, ਕੀੜੇ-ਮਕੌੜੇ ਵੀ ਸ਼ਾਮਲ ਹਨ। ਝੋਨੇ ਦੀ ਫ਼ਸਲ ਲਾਉਣ ਸਮੇਂ ਇਹ ਖੇਤਾਂ ਵਿਚ ਕੀੜੇ-ਮਕੌੜੇ ਲੱਭਦੇ ਫਿਰਦੇ ਹਨ।

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥

—ਸੂਹੀ ੧, ੩, ੩ : ੧ (729)

ਹੰਸਸਿ ਹੰਸਾ **ਬਗ** ਸੇ ਬਗਾ ਘਟ ਘਟ ਕਰੇ ਬੀਚਾਰੁ ॥

—ਆਸਾ ੧, ਛੰਤ ੪, ੧ : ੫ (438)

ਠਗ ਦਿਸਟਿ **ਬਗਾ** ਲਿਵ ਲਾਗਾ ॥

—ਪ੍ਰਭਾ ਬੇਣੀ, ੧, ੧ : ੩ (1351)

ਹੰਸਾ ਵੇਖਿ ਤਰੰਦਿਆ **ਬਗਾ** ਭਿ ਆਯਾ ਚਾਉ ॥

—ਵਡ ੪, ਵਾਰ ੧੫, ੩, ੩ : ੧ (585)

ਮਨਮੁਖ ਸਦਾ **ਬਗੁ** ਮੈਲਾ ਹਉਮੈ ਮਲੁ ਲਾਈ ॥

—ਮਾਝ ੩, ਅਸ ੩੨, ੬ : ੧ (128)

ਸਿਲ ਪੂਜਸਿ **ਬਗੁਲ** ਸਮਾਧੰ ॥

—ਆਸਾ ੧, ਵਾਰ ੧੪ਸ, ੧, ੨ : ੨ (470)

ਕਿਆ ਹੰਸੁ ਕਿਆ **ਬਗੁਲਾ** ਜਾ ਕਉ ਨਦਰਿ ਕਰੇਇ ॥

—ਸਿਰੀ ੪, ਵਾਰ ੨੦ਸ, ੧, ੨ : ੧ (91)

ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ **ਬਗੁਲਾਰੇ** ॥

—ਗਉ ੪, ਵਾਰ ੨੧ਸ, ੪, ੧ : ੨ (312)

ਬਗੁਲੇ ਜਿਉ ਰਹਿਆ ਪੰਖ ਪਸਾਰਿ ॥

—ਭੈਰ ੫, ੫੪, ੩ : ੩ (1152)

ਘੁਟਿ ਘੁਟਿ ਜੀਆ ਖਾਵਣੇ **ਬਗੇ** ਨ ਕਹੀਅਨਿ ॥

—ਸੂਹੀ ੧, ੩, ੩ : ੨ (729)

ਬਾਜ

ਬਾਜ (Hawk) ਇਕ ਪ੍ਰਸਿੱਧ ਸ਼ਿਕਾਰੀ ਪੰਛੀ ਹੈ ਜੋ ਪੰਛੀਆਂ ਦਾ ਸ਼ਿਕਾਰ ਕਰਨ ਲਈ ਵਰਤਿਆ ਜਾਂਦਾ ਹੈ। ਇਸ ਨੂੰ ਗੁਲਾਬ ਚਸ਼ਮ ਪੰਛੀਆਂ ਦਾ ਰਾਜਾ ਆਖਿਆ ਜਾਂਦਾ ਹੈ। ਗੁਲਾਬ ਚਸ਼ਮ ਪੰਛੀਆਂ ਵਿਚ ਬਾਜ, ਜੁਰਰ, ਬਾਸ਼ਾ, ਬਸੀਨ, ਸ਼ਿਕਰਾ, ਦਿਪਕ, ਬੇਸਰਾ, ਧੂਤੀ ਆਦਿ ਆਉਂਦੇ ਹਨ। ਸ਼ਿਕਾਰੀ ਪੰਛੀਆਂ ਦੀ ਮਦੀਨ ਨੂੰ ਨਰ ਵਾਂਗ ਬੁਲਾਇਆ ਜਾਂਦਾ ਹੈ। ਸ਼ਿਕਾਰੀ ਪੰਛੀਆਂ ਦੇ ਨਰ, ਮਦੀਨ ਨਾਲੋਂ ਕੱਦ ਵਿਚ ਛੋਟੇ ਹੁੰਦੇ ਹਨ, ਇਸ ਦੇ ਉਲਟ ਹੋਰ ਪੰਛੀਆਂ ਦੇ ਨਰ, ਕੱਦ ਵਿਚ ਵੱਡਾ ਹੋਇਆ ਕਰਦਾ ਹੈ। ਸ਼ਿਕਾਰੀ ਪੰਛੀ ਕੇਵਲ ਮਾਸ ਖਾ ਕੇ ਗੁਜ਼ਾਰਾ ਕਰਦੇ ਹਨ, ਬੱਚੇ ਨੂੰ ਵੀ ਮਾਸ ਨਾਲ ਹੀ ਪਾਲਦੇ ਹਨ, ਜਦ ਬੱਚਾ ਬਹੁਤ ਛੋਟਾ ਹੁੰਦਾ ਹੈ ਤਾਂ ਆਪਣੇ ਮੇਦੇ ਵਿਚੋਂ ਅਧਪਚਿਆ ਮਾਸ ਉਗਲ ਕੇ ਉਸ ਨੂੰ ਖਵਾਉਂਦੇ ਹਨ। ਬਾਜ਼ ਸਰਦ ਦੇਸਾਂ ਤੋਂ ਫੜ ਕੇ

ਪੰਜਾਬ ਵਿਚ ਲਿਆਈਦਾ ਹੈ, ਇਥੇ ਆਂਡੇ ਨਹੀਂ ਦਿੰਦਾ, ਦਸ ਬਾਰਾਂ ਵਰ੍ਹੇ ਇਹ ਸ਼ਿਕਾਰ ਦਾ ਕੰਮ ਦਿੰਦਾ ਹੈ। ਗਰਮੀਆਂ ਵਿਚ ਇਸ ਨੂੰ ਠੰਢੇ ਥਾਂ ਕਰੀਚ (ਕਰੀਜ) ਬੈਠਾਉਂਦੇ ਹਨ ਜਦਕਿ ਪੁਰਾਣੇ ਖੰਭ ਸੁੱਟ ਕੇ ਨਵੇਂ ਬਦਲਦਾ ਹੈ। ਇਹ ਤਿੱਤਰ, ਮੁਰਗਾਬੀ ਅਤੇ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ। ਪੁਰਾਣੇ ਸਮੇਂ ਅਮੀਰ ਲੋਕ, ਬਾਜ਼ ਨੂੰ ਆਪਣੇ ਹੱਥ ਤੇ ਰੱਖਦੇ ਅਤੇ ਬਹੁਤ ਸ਼ਿਕਾਰ ਖੇਡਦੇ ਸਨ। ਬਾਜ਼ ਦੀਆਂ ਕਈ ਕਿਸਮਾਂ ਹਨ ਜਿਵੇਂ ਬਾਜ਼ ਢੋਕਾ (ਟੋਪੀ) ਵਾਲਾ, ਬਾਜ਼ ਕੱਟਾ (ਜੋ ਖਰਗੋਸ਼ ਦਾ ਸ਼ਿਕਾਰ ਕਰ ਲੈਂਦਾ ਹੈ), ਬਾਜ਼ ਜੁੱਰਾ (ਇਕ ਛੋਟਾ ਬਾਜ਼ ਜੋ ਤਿੱਤਰਾਂ ਦਾ ਸ਼ਿਕਾਰ ਕਰ ਲੈਂਦਾ ਹੈ) ਆਦਿ। ਇਸ ਨੂੰ 'ਸੀਚਾਨੇ' ਵੀ ਆਖਦੇ ਹਨ।

ਕੇਲ ਕਰੇਦੇ ਹੰਝ ਨੋ ਅਚਿੰਤੇ **ਬਾਜ** ਪਏ॥

—ਸਲੋ ਫਰ, ੯੯ : ੨ (1383)

ਸੀਹਾ **ਬਾਜਾ** ਚਰਗਾ ਕੁਹੀਆ ਏਨਾ ਖਵਾਲੇ ਘਾਹ॥

—ਮਾਝ ੧, ਵਾਰ ੧੪ਸ, ੧, ੧ : ੧ (144)

ਹਰਣਾ **ਬਾਜਾਂ** ਤੈ ਸਿਕਦਾਰਾ ਏਨ੍ਹਾ ਪੜਿਆ ਨਾਉ॥

—ਮਲਾ ੧, ਵਾਰ ੨੨ਸ, ੧, ੨ : ੧ (1288)

ਬਾਸ਼ਾ

ਬਾਸ਼ਾ ਇਕ ਸ਼ਿਕਾਰੀ ਪੰਛੀ ਹੈ।

ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ **ਬਾਸਾ** ਮਾਸ ਦੇਤ ਝਾਟੁਲੀ॥

—ਸਾਰ ੫, ੬੧, ੧ : ੧ (1216)

ਵਸਿ ਆਵਿਹੁ ਵੈ ਜਨ ਇਸੁ ਮਨ ਕਉ ਮਨੁ **ਬਾਸੇ** ਜਿਉ ਨਿਤ ਭਉਦਿਆ॥

—ਸੂਹੀ ੪, ਛੰਤ ੬, ੨ : ੧ (776)

ਮੁਰਗਾਬੀ

ਮੁਰਗਾਬੀ ਨੂੰ ਆਬੀ ਮੁਰਗ ਵੀ ਆਖਿਆ ਜਾਂਦਾ ਹੈ। ਇਹ ਪਾਣੀ ਦਾ ਇਕ ਪੰਛੀ ਹੈ। ਇਹ ਬਹੁਤ ਹੀ ਤਾਕਤਵਰ ਤੈਰਨ ਵਾਲਾ ਜਾਨਵਰ ਹੈ। ਨਰ ਤੇ ਮਾਦਾ ਹਮੇਸ਼ਾ ਇਕੱਠੇ ਰਹਿੰਦੇ ਹਨ। ਨਰ ਗੂਹੜੇ ਸਲੇਟੀ ਰੰਗ ਦਾ ਹੁੰਦਾ ਹੈ। ਮਾਦਾ ਭੂਰੇ ਰੰਗ ਦੀ ਹੁੰਦੀ ਹੈ। ਇਸ ਦੀ ਖੁਰਾਕ ਵਿਚ ਛੋਟੇ ਛੋਟੇ ਕੀੜੇ-ਮਕੌੜੇ, ਡੱਡੂ, ਮੱਛੀਆਂ ਆਦਿ ਸ਼ਾਮਲ ਹਨ। ਮੁਰਗਾਬੀਆਂ ਪਾਣੀ ਦੇ ਕਿਨਾਰੇ ਤੇ ਆਲ੍ਹਣਾ ਬਣਾ ਕੇ ਅੰਡੇ ਦੇਂਦੀਆਂ ਹਨ। ਸਰਦੀ ਦੇ ਮੌਸਮ ਵਿਚ ਇਹ ਪੰਜਾਬ ਆਉਂਦੀਆਂ ਹਨ। ਪਾਣੀ ਵਿਚ ਡੁੱਬਕੀਆਂ ਮਾਰ ਕੇ ਆਪਣੀ ਖੁਰਾਕ ਪ੍ਰਾਪਤ ਕਰਦੀਆਂ ਹਨ। ਦੋ ਕਿਸਮਾਂ ਦੀਆਂ ਮੁਰਗਾਬੀਆਂ ਆਮ ਵੇਖਣ ਵਿਚ ਆਉਂਦੀਆਂ ਹਨ। ਇਕ ਸਕਾਪ ਮੁਰਗਾਬੀ ਅਤੇ ਦੂਜੀ ਸੁਨੱਖੀ ਮੁਰਗਾਬੀ।

ਜੈਸੇ ਜਲ ਮਹਿ ਕਮਲੁ ਨਿਰਾਲਮੁ **ਮੁਰਗਾਈ** ਨੈ ਸਾਣੇ॥

—ਰਾਮ ੧, ਸਿਗੋ ੫ : ੧ (938)

ਮੁਰਗੀ

ਮੁਰਗੀ ਨੂੰ ਕੁੱਕੜੀ ਵੀ ਆਖਦੇ ਹਨ। ਇਹ ਮੁਰਗੇ ਦੀ ਮੁਦੀਨ ਹੈ। ਮੁਰਗੀ/ਮੁਰਗਾ ਦਾ ਮਾਸ ਖਾਧਾ ਜਾਂਦਾ ਹੈ। ਮੁਰਗੀ ਦੇ ਅੰਡੇ ਤਾਂ ਮਨੁੱਖ ਦੀ ਖ਼ੁਰਾਕ ਵਿਚ ਸ਼ਾਮਲ ਹਨ। ਇਹ ਕੀੜੇ-ਮਕੌੜੇ ਅਤੇ ਦਾਣਿਆਂ ਤੇ ਨਿਰਭਰ ਕਰਦੀਆਂ ਹਨ। ਮੁਰਗੇ ਦੀ ਬਾਂਗ ਸਵੇਰ ਦਾ ਸੰਕੇਤ ਦੇਂਦੀ ਹੈ। ਇਨ੍ਹਾਂ ਦਾ ਰੰਗ ਗੂੜ੍ਹਾ ਨਾਭੀ ਵੀ ਹੁੰਦਾ ਹੈ।

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥

—ਪ੍ਰਭਾ ਕਬ, ੪, ੧ : ੨ (1350)

ਮੋਰ

ਮੋਰ (Peacock) ਰੰਗ-ਬਰੰਗੇ ਫੰਘਾਂ ਕਾਰਨ ਦੂਰੋਂ ਬਹੁਤ ਪਿਆਰਾ ਪੰਛੀ ਦਿਸਦਾ ਹੈ। ਆਮਤੌਰ 'ਤੇ ਫੰਘਾਂ ਦੇ ਚੋਰ ਬਣਾਏ ਜਾਂਦੇ ਹਨ, ਜੋ ਪਵਿੱਤਰ ਸਮਝੇ ਜਾਂਦੇ ਹਨ। ਮੋਰ ਭਾਰਤ ਦਾ ਰਾਸ਼ਟਰੀ ਪੰਛੀ ਮੰਨਿਆ ਜਾਂਦਾ ਹੈ। ਮੋਰ ਕਿਸਾਨ-ਮਿੱਤਰ ਪੰਛੀ ਹੈ ਜੋ ਖੇਤਾਂ 'ਚ ਹਾਨੀਕਾਰਕ ਕੀੜੇ-ਮਕੌੜੇ ਖ਼ਤਮ ਕਰਦਾ ਹੈ। ਮੋਰਨੀ ਖੇਤਾਂ ਵਿਚ ਆਪਣੇ ਆਲ੍ਹਣਾ ਬਣਾ ਕੇ ਅੰਡੇ ਦਿੰਦੀ ਹੈ। ਇਕ ਮਹੀਨੇ ਵਿਚ ਬੱਚੇ ਕੱਢ ਲੈਂਦੀ ਹੈ। ਮੋਰ ਦੀ ਉਮਰ 20 ਸਾਲ ਮੰਨੀ ਜਾਂਦੀ ਹੈ। ਇਹ ਪੰਛੀ ਸਵੇਰ ਸ਼ਾਮ ਖੇਤਾਂ ਵਿਚ ਨਜ਼ਰੀਂ ਪੈਂਦਾ ਹੈ। ਪੂਛ ਰੰਗਦਾਰ ਲੰਮੀ ਮਨ-ਮੋਹ ਲੈਂਦੀ ਹੈ। ਨਰ ਦਾ ਆਕਾਰ 5.9-7.5 ਫੁੱਟ ਅਤੇ ਮਾਦਾ ਦਾ ਆਕਾਰ 2.6-3.3 ਫੁੱਟ ਹੁੰਦਾ ਹੈ। ਰਾਤ ਨੂੰ ਇਹ ਪੰਛੀ ਦਰੱਖਤਾਂ ਤੇ ਝਾੜੀਆਂ ਵਿਚ ਛੁੱਪ ਜਾਂਦਾ ਹੈ ਅਤੇ ਸਵੇਰ ਹੋਣ ਸਾਰ ਹੀ ਮੈ-ਹੈਵ, ਮੈ-ਹੈਵ ਆਵਾਜ਼ਾਂ ਨਾਲ ਜੰਗਲ ਵਿਚ ਗੂੰਜ ਉੱਠਦਾ ਹੈ। ਸਾਵਣ ਵਿਚ ਬਾਰਿਸ਼ ਵਿਚ ਮੋਰ ਖੁਸ਼ੀ ਵਿਚ ਨਚਣ ਲੱਗਦਾ ਹੈ।

ਮਨੁ ਮੋਰੁ ਕੁਹੁਕਿਆੜਾ ਸਬਦੁ ਮੁਖਿ ਪਾਇਆ।

—ਗਉ ੪, ੬੫, ੪ : ੨ (173)

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।

—ਵਡ ੧, ੩, ੧ : ੧ (557)

ਜਉ ਤੁਮ ਗਿਰਵਰ ਭਉ ਹਮ ਮੋਰਾ।

—ਸੋਰ ਰਵਿ ੫, ੧ : ੧ (658)

ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ।

—ਮਲਾ ੧, ੨, ੧ : ੨ (1254)

ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰਪੰਖ ਚਹਿ ਜੀਉ।

—ਸਵ ੪, ਗਯੰ ੮ : ੨ (1402)

ਉਨਵੈ ਘਨੁ ਘਨ ਅਨਿਹਰੁ ਗਰਜੈ ਰੁਨਿ ਬਿਗਿਸੈ ਮੋਰ ਮੁਰਲੇ।

—ਨਟ ੫, ੨, ੩ : ੨ (975)

ਬਨਸਪਤੀ-ਵਿਗਿਆਨ
(Botanical Science)

ਉਤਭੁਜ

ਬਨਸਪਤੀ ਜਿਸ ਦਾ ਅੰਕੁਰ ਜਮੀਨ ਨੂੰ ਪਾੜ ਕੇ ਨਿਕਲੇ, ਬੀਜ ਪੁੰਗਰ ਕੇ ਜ਼ਮੀਨ ਤੋਂ ਬਾਹਰ ਨਿਕਲੇ, ਵੇਖੋ 'ਬਨਸਪਤਿ'

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ **ਉਤਭੁਜ** ਕਾਮਿ ਨਾਹੀ॥

—ਆਸਾ ੧, ੧੮, ੧ : ੧ (354)

ਅੰਡਜ ਜੇਰਜ **ਉਤਭੁਜਾਂ** ਖਾਣੀ ਸੇਤਜਾਂਰੁ॥

—ਆਸਾ ੧, ਵਾਰ ੧੯ਸ, ੧, ੧ : ੩ (467)

ਅੰਡਜ ਜੇਰਜ ਸੇਤਜ **ਉਤਭੁਜਾਂ** ਪ੍ਰਭ ਕੀ ਇਹ ਕਿਰਤਿ॥

—ਬਿਲਾ ੫, ੬੦, ੩ : ੧ (816)

ਅੰਤਰਿ **ਉਤਭੁਜ** ਅਵਰੁ ਨ ਕੋਈ॥

—ਰਾਮ ੧, ਅਸ ੬, ੧ : ੧ (905)

ਉਦਿਆਨ

(ਸੰ. ਔਜਾਨ) ਬਨ, ਜੰਗਲ, ਉਜਾੜ, ਵੇਖੋ 'ਬਨ' ਅੰ. Forest

ਬਾਸ ਬਾਸਰੀ ਏਕੈ ਸੁਆਮੀ **ਉਦਿਆਨ** ਦ੍ਰਿਸਟਾਗਿਓ॥

—ਗਉ ੫, ੧੬੦* ੨ : ੧ (215)

ਕਾਹੂ **ਉਦਿਆਨ** ਭ੍ਰਮਤ ਪਛੁਤਾਪੈ॥

—ਗਉ ੫, ਬਾਅ ੧੭ : ੬ (253)

ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ **ਉਦਿਆਨਦ**॥

—ਸਾਰ ੫, ੭, ੨ : ੧ (1204)

ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ **ਉਦਿਆਨਾ**॥

—ਸੋਰ ੯, ੩, ੨ : ੨ (632)

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ **ਉਦਿਆਨੇ**॥

—ਰਾਮ ੧, ਸਿਗੋ ੭ : ੧ (938)

ਮਨ ਕੁੰਚਰੁ ਕਾਇਆ **ਉਦਿਆਨੈ**॥

—ਗਉ ੫, ਬਾਅ ੧੬ : ੪ (253)

ਅਕ

(ਸੰ. ਅੱਕਰ) ਇਕ ਬੂਟਾ ਜਿਸ ਦੇ ਫੁਲ ਤੇ ਦੁੱਧ ਨੂੰ ਔਸ਼ਧੀ ਰੂਪ ਵਿਚ ਵਰਤਿਆ ਜਾਂਦਾ ਹੈ। ਅੱਕ ਦੀਆਂ ਕੱਕੜੀਆਂ, ਬੂਟੇ ਨਾਲ ਬਣੀਆਂ ਸੋਹਣੀਆਂ ਲਗਦੀਆਂ ਹਨ। ਅੰ. Calotropis Procera ਬਨ Calotropis giganteaL.

ਖਖੜੀਆਂ ਸੁਹਾਵੀਆ ਲਗੜੀਆ **ਅਕ** ਕੰਠਿ॥

—ਗਉ ੫, ਵਾਰ ੭ਸ, ੫, ੧ : ੧ (319)

ਅਕ ਸਿਉ ਪ੍ਰੀਤਿ ਕਰੇ ਅਕਤਿਡਾ **ਅਕ** ਡਾਲੀ ਬਹਿ ਖਾਇ॥

—ਮਲਾ ੧, ਵਾਰ ੧੯ਸ, ੧, ੨ : ੧੧ (1286)

ਕਬ ਚੰਦਨਿ ਕਬ **ਅਕਿ** ਡਾਲਿ ਕਬ ਉਚੀ ਪਰੀਤਿ॥

—ਮਾਝ ੧, ਵਾਰ ੨੧ਸ, ੧, ੨ : ੨ (148)

ਤੁਮੀ ਤੁਮਾ ਵਿਸੁ **ਅਕੁ** ਧਤੂਮ ਨਿਮੁ ਫਲੁ॥

—ਮਾਝ ੧, ਵਾਰ ੨੧ਸ, ੧, ੭ : ੧ (147)

ਅੰਕੁਰ

(ਸੰ. ਅੰਕਰ) ਕੂਮਲ, ਅੰਗੂਰ, ਵੇਖੋ 'ਅੰਗੂਰੀ'

ਪੂਰਬ ਕਰਮ **ਅੰਕੁਰ** ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥

—ਗਉ ੫, ੧੧੯*, ੨ : ੧ (204)

ਗਹਿ ਭੁਜਾ ਲੀਨੀ੍ ਦਾਸਿ ਕੀਨੀ੍ **ਅੰਕੁਰਿ** ਉਤੁ ਜਣਾਇਆ॥

—ਬਿਹਾ ੫, ਛੰਤ ੨, ੩ : ੩ (846)

ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ **ਅੰਕੁਰੁ** ਆਇਆ॥

—ਬਿਲਾ ੫, ਛੰਤ ੨, ੫ : ੫ (547)

ਅਗਰ

(ਸੰ. ਅੱਗਰ) ਇਕ ਸੁਗੰਧਤ ਵਾਲਾ ਦਰਖਤ, ਅੰ. Gularia Tree, ਬਨ Aquilaria agallocha L.

ਚੰਦਨ **ਅਗਰ** ਕਪੂਰ ਲੇਪਨ ਤਿਸੁ ਸੰਗੇ ਲਹੀ ਪ੍ਰੀਤਿ॥

—ਮਾਰੂ ੫, ਅਸ ੩, ੩ : ੧ (1018)

ਕਸਤੂਰਿ ਕੁੰਗੂ **ਅਗਰਿ** ਚੰਦਨਿ ਲੀਪਿ ਆਵੈ ਚਾਉ॥

—ਸਿਰੀ ੧, ੧, ੧ : ੨ (14)

ਅੰਗੂਰੀ

(ਸੰ. ਅੰਕੂਰ), ਕੋਮਲ, ਅੰਗੂਰ, ਘਾਹ ਜਾਂ ਅਨਾਜ ਦੀਆਂ ਨਵੀਆਂ ਪੱਤੀਆਂ ਜੋ ਬੀਜ ਜਾਂ ਧਰਤੀ ਵਿਚੋਂ ਫੁੱਟਦੀਆਂ ਹਨ। ਤੂਈਆਂ, ਕਰੂੰਮਲਾਂ ਅੰ. Sprout, plumule

ਹਰੀ **ਅੰਗੂਰੀ** ਗਦਹਾ ਚਰੈ॥

—ਗਉ ਕਬ, ੧੪, ੧ : ੧ (326)

ਚੋਰੀ ਮਿਰਗੁ **ਅੰਗੂਰੀ** ਖਾਇ॥

—ਰਾਮ ੧, ਓਅੰ ੨੩ : ੨ (932)

ਆਗੈ ਦੇਖਉ ਡਉ ਜਲੈ ਪਾਛੈ ਹਰਿਓ **ਅੰਗੂਰੁ**।

—ਸਿਰੀ ੧, ੧੬, ੨ : ੧ (20)

ਅਟਵੀ

(ਸੰ. ਅਟਵੀ) ਬਨ, ਜੰਗਲ, ਵੇਖੋ 'ਬਨ'

ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ॥
—ਸਾਰ ੫, ੧੨੩, ੨ : ੧ (1228)

ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਹਣ ਪ੍ਰਭ ਮਇਆ॥
—ਸਸ ੫, ੪੪ : ੪ (1358)

ਅਨ

(ਸੰ. ਅੰਨਮ), ਅਨਾਜ, ਦਾਣਾ, ਵੇਖੋ 'ਦਾਣੇ'

ਅਨ ਭੈ ਵਿਸਰੇ ਨਾਮਿ ਸਮਾਇਆ॥
—ਗਉ ੧, ੧੧, ੧ : ੨ (154)

ਨਾਮ ਬਿਸਾਰਿ ਲਗੈ ਅਨ ਸੁਆਇ॥
—ਗਉ ੫, ੧੩੪, ੩ : ੧ (192)

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
—ਆਸਾ ੧, ਵਾਰ ੧੯ਸ, ੧, ੧ : ੩ (472)

ਅਨਗਾਹ

ਅੰਨ ਗਾਹੁਣ ਵਾਲੇ ਫਲੇ, ਫਸਲਾਂ ਗਾਹ ਕੇ ਦਾਣੇ ਕੱਢਣ ਵਾਲੇ, ਵੇਖੋ 'ਅਨ'

ਲਾਟੂ ਮਧਾਣੀਆ ਅਨਗਾਹ॥
—ਆਸਾ ੧, ਵਾਰ ੫ਸ, ੧, ੨ : ੧੭ (465)

ਅਨਾਜ

ਅੰਨ, ਵੇਖੋ 'ਅਨ'

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥
—ਗਉ ਕਬ, ੫੭, ੨ : ੧ (336)

ਅਨਾਜੁ ਮਗਉ ਸਤ ਸੀਕਾ॥
—ਧਨਾ ਧੰਨਾ, ੧, ੧ : ੪ (695)

ਅਨਾਦਿ

(ਅੰਨ + ਆਦਿ) ਅੰਨ/ਭੋਜਨ ਆਦਿਕ, ਜਿਸ ਦਾ ਮੁੱਢ ਨਾ ਲੱਭਿਆ ਜਾਵੇ। ਵੇਖੋ 'ਅੰਨ'

ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥
—ਗੋਂਡ ਕਬ, ੧੧, ੧ : ੨ (873)

ਅੰਨਿ

ਅਨਾਜ, ਵੇਖੋ 'ਅੰਨ'

ਤਜਿਐ ਅੰਨਿ ਨ ਮਿਲੈ ਗੁਪਾਲੁ॥
—ਗੋਂਡ ਕਬ, ੧੧, ੪ : ੧ (873)

ਜਿਸੁ ਕਾ ਅਨੁ ਧਨੁ ਸਹਿਜ ਨ ਜਾਨਾ॥
—ਆਸਾ ੧, ਅਸ ੬, ੭ : ੧ (414)

ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ **ਅੰਨੁ** ਨ ਖਾਹੀ॥

—ਮਾਝ ੧, ਵਾਰ ੨੬ਸ, ੧, ੧ : ੬ (149)

ਅੰਨੈ ਬਾਹਰਿ ਜੋ ਨਰ ਹੋਵਹਿ॥

—ਗੋਂਡ ਕਬ, ੧੧, ੨ : ੩ (873)

ਜਿਸਹਿ ਧਾਰਿਓ ਧਰਿਤ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ ਅਵਰ ਅਨ **ਅਨਾਦਿ** ਕੀ ਆਉ॥

—ਸਵ ੪, ਕਲ, ੫ : ੧ (1399)

ਅਪਿਆਉ

ਭੋਜਨ, ਅੰਨ, ਖਾਣਾ, ਸੁਆਦੀ ਭੋਜਨ, ਵੇਖੋ 'ਅੰਨ' ਖ਼ੁਰਾਕ, ਰਿਜ਼ਕ

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ **ਅਪਿਆਉ**॥

—ਸਿਰੀ ੧, ੨, ੧ : ੧ (14)

ਪ੍ਰਿਤਪਾਲੈ **ਅਪਿਆਉ** ਦੇਇ ਕਛੁ ਊਨ ਨ ਹੋਈ॥

—ਧਨਾ ੫, ੨੭, ੨ : ੧ (677)

ਅੰਬ

ਹੁਨਾਲ ਦੀ ਰੁਤ ਦਾ ਇਕ ਫਲ, ਇਕ ਸਦਾ ਬਹਾਰ ਬ੍ਰਿਛ ਜੋ ਦਖਣ-ਪੂਰਬ ਏਸ਼ੀਆ ਦਾ ਜਮਾਂਦਰੂ ਹੈ। ਇਹ ਗਰਮ ਇਲਾਕੇ ਵਿਚ ਉੱਗਦਾ ਹੈ। ਪੱਤੇ ਲੰਮੇ ਅਤੇ ਫੁੱਲ ਹਲਕੇ ਗੁਲਾਬੀ ਚਿੱਟੇ ਗੁੱਛਿਆਂ ਵਿਚ ਹੁੰਦੇ ਹਨ। ਇਸ ਦਾ ਪੀਲਾ-ਲਾਲ ਫੱਲ ਪੱਕ ਕੇ ਖਾਇਆ ਜਾਂਦਾ ਹੈ ਅਤੇ ਸ਼ਬਜ਼ ਫਲ ਦਾ ਅਚਾਰ ਬਣਦਾ ਹੈ। ਇਸ ਦਾ ਦਰੱਖਤ 59 ਫੁੱਟ ਤੱਕ ਲੰਮਾ ਹੁੰਦਾ ਹੈ। ਅੰ. Mango ਬਨ, Mangifera indica L.

ਕੋਕਿਲ **ਅੰਬ** ਪਰੀਤ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ॥

—ਆਸਾ ੫, ਛੰਤ ੪, ੩ : ੨ (455)

ਕੋਕਿਲ ਹੋਵਾ **ਅੰਬਿ** ਬਸਾ ਸਹਜਿ ਸਬਦ ਬੀਚਾਰੁ॥

—ਗਉ ੧,੧੯, ੨ : ੧ (157)

ਕੋਕਿਲ **ਅੰਬਿ** ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥

—ਤੁਖਾ ੧, ਬਾਰਾ ੫ : ੪ (1108)

ਜਿਨ੍ਹੀ ਸਖੀ ਸਹੁਰਾਵਿਆ ਸੇ **ਅੰਬੀ** ਛਾਵੜੀਏਹਿ ਜੀਉ॥

—ਸੂਹੀ ੧, ਕੁਚ ੧ : ੩ (762)

ਜਿਉ ਕੋਕਿਲ ਕਉ **ਅੰਬੁ** ਬਾਲਹਾ ਤਿਉ ਮੇਰੈ ਮਨਿ ਰਮਈਆ॥

—ਧਨਾ ਨਾਮ, ੩, ੨ : ੨ (693)

ਕਬੀਰ ਫਲ ਲਾਗੇ ਫਲਨਿ ਪਾਕਨ ਲਗੇ **ਆਂਬ**॥

—ਸਲੋ ਕਬ, ੧੩੪ : ੧ (1371)

ਨੀਬੁ ਭਇਓ **ਆਂਬੁ ਆਂਬੁ** ਭਇਓ ਨੀਬਾ ਕੇਲਾ ਪਾਕਾ ਝਾਰਿ॥

—ਰਾਮ ਕਬ, ੧੨, ੧ : ੧ (972)

ਇਖ

ਵੇਖੋ 'ਕਮਾਦੁ'

ਜਾਣੁ ਮਿਠਾਈ **ਇਖ** ਬੇਈ ਪੀੜੇ ਨਾ ਹੁਟੈ॥

—ਮਾਰੂ ੫, ਵਾਰ ੧੩ ਸ, ੫, ੨ : ੨ (1098)

ਸਬਦਿ ਰਤੇ ਮੀਠੇ ਰਸ **ਈਖ**॥

—ਗਉ ੧, ੫, ੩ : ੪ (152)

ਇਰੰਡ

(ਸੰ. ਏਰੰਡ) ਇਕ ਬੂਟਾ ਜਿਸ ਦੇ ਬੀਜ ਤੋਂ ਨਿਕਲਿਆ ਤੇਲ ਬਾਲਣ ਤੇ ਮਸ਼ੀਨਰੀ ਦੇ ਪੁਰਜਿਆਂ ਨੂੰ ਦੇਣ ਲਈ ਵਰਤਿਆ ਜਾਂਦਾ ਹੈ, ਇਹ ਤੇਲ ਦਵਾਈਆਂ ਦੇ ਰੂਪ ਵਿਚ ਵੀ ਇਸਤੇਮਾਲ ਹੁੰਦਾ ਹੈ। ਤਾਸੀਰ ਗਰਮ ਕਾਰਨ ਇਹ ਸੂਲ, ਜੋੜਾਂ ਦਾ ਦਰਦ ਅਤੇ ਕਠਨਾਸ ਕਰਨ ਵਾਲਾ ਹੈ। ਇਸ ਦੇ ਪੱਤੇ ਸੋਜ ਅਤੇ ਫੋੜੇ ਤੇ ਬੱਧੇ ਗੁਣਕਾਰੀ ਹਨ। ਇਸ ਨੂੰ ਹਰਿੰਡ, ਰਿੰਡ ਜਾਂ ਰਿੰਡੀ ਵੀ ਆਖਦੇ ਹਨ। ਅੰ. Castor plant, ਬਨ Ricinus CommunisL.

ਤੁਮ ਚੰਦਨ ਹਮ **ਇਰੰਡ** ਬਾਪੁਰੇ ਸੰਗਿ ਤੁਮਾਰੇ ਬਾਸਾ॥

—ਆਸਾ ਰਵਿ, ੩, ੧ : ੧ (486)

ਸੰਧਉਰਾ

ਨਾਰੀਅਲ ਜਿਸਨੂੰ ਹੱਥ ਵਿਚ ਪਰਤ ਕੇ ਇਸਤ੍ਰੀ ਸਤੀ ਹੁੰਦੀ ਹੈ।

ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ **ਸੰਧਉਰਾ**॥

—ਗਉ ਕਬ, ੬੮, ੧* : ੨ (338)

ਸੰਪਤਾ

ਡਾਲ, ਟਾਹਣੀ, ਹੋਰ ਵੇਖੋ 'ਸਾਖ'

ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ **ਸੰਪਤਾ**॥

—ਗਾਥਾ ੫, ੮ : ੧ (1360)

ਸਰਸਉਂ

ਸਰਹੋਂ, ਸਰਸੋਂ, ਇਸ ਦੇ ਬੀਜਾਂ ਦਾ ਤੇਲ ਵੀ ਕਢਿਆ ਜਾਂਦਾ ਹੈ।

ਅੰ. Mustard ਬਨ Brassica compestris L. Brassica Juncea, Var : Toria, Yellow Sarson, Brown Sarson.

ਕਾਚੀ **ਸਰਸਉ** ਪੇਲਿਕੈ ਨਾ ਖਲਿ ਭਈ ਨ ਤੇਲੁ॥

—ਸਲੋ ਕਬ, ੨੪੦ : ੨ (1377)

ਸਾਖ

(ਫਾ. ਸ਼ਾਖ) ਡਾਲੀ, ਟਾਹਣੀ, ਡਾਲ, ਟਾਹਣੀ ਅੰ. Branch, Bough, Thig, Offshoot.

ਤੂੰ ਪੇਡੁ **ਸਾਖ** ਤੇਰੀ ਫੂਲ॥

—ਮਾਝ ੫, ੨੮, ੧ : ੧ (102)

ਜਲ ਬਿਨੁ **ਸਾਖ** ਕੁਮਲਾਵਤੀ ਉਪਜਹਿ ਨਾਹੀ ਦਾਮ॥

—ਬਾਰਾ ੧ : ੪ (133)

ਕਈ ਜਨਮ **ਸਾਖ** ਕਰਿ ਉਪਾਇਆ॥

—ਗਉ ੫, ੭੨, ੨ : ੩ (176)

ਆਪੇ ਪੇਡੁ ਬਿਸਥਾਈ **ਸਾਖ**॥

—ਆਸਾ ੫, ੬੮, ੧ : ੧ (387)

ਉਰਧ ਮੂਲ ਜਿਸੁ **ਸਾਖ** ਤਲਾਹਾ ਚਾਰਿ ਬੇਦ ਜਿਤੁ ਲਾਗੇ॥

—ਗੂਜ ੧, ਅਸ ੧, ੨ : ੧ (503)

ਲਤਾ ਬਲੀ **ਸਾਖ** ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ॥

—ਮਾਰ ੫, ਸਲੋ ੮, ੪ : ੩ (1079)

ਦਹਦਿਸਿ **ਸਾਖ** ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥

—ਤੁਖਾ ੧, ਬਾਰਾ ੧੧ : ੫ (1109)

ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥

—ਸਲੋ ਫਰ, ੧੧ : ੨ (1378)

ਕੀਰਤਿ ਰਵਿ ਕਿਰਵਿ ਪ੍ਰਗਟਿ ਸੰਸਾਰਹ **ਸਾਖ** ਤਰੋਵਰ ਮਵਲ ਸਰਾ॥

—ਸਵ ੩, ੧ : ੫ (1392)

ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ **ਸਾਖਹ**॥

—ਸਵ ੩, ੫ : ੧ (1393)

ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ॥

—ਸਿਰੀ ੩, ਅਸ ੨੦, ੩ : ੨ (66)

ਸਾਖਾ ਤੀਨਿ ਮੂਲ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ॥

—ਆਸਾ ੩, ਅਸ ੨੩, ੧ : ੨ (422)

ਤਿਤੁ **ਸਾਖਾ** ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ॥

—ਆਸਾ ੧, ਛੰਤ ੨, ੨ : ੪ (436)

ਤਰਵਰ ਏਕੁ ਅਨੰਤ ਡਾਰ **ਸਾਖਾ** ਪੁਹਪ ਪਤ੍ਰ ਰਸ ਭਰੀਆ॥

—ਰਾਮ ਕਬ, ੬, ੧ : ੧ (970)

ਕਰ ਪਲਵ **ਸਾਖਾ** ਬੀਚਾਰੇ॥

—ਰਾਮ ਬੇਣੀ, ੧, ੭ : ੧ (974)

ਵੈਸਾਖੁ ਭਲਾ **ਸਾਖਾ** ਵੇਸ ਕਰੇ॥

—ਤੁਖਾ ੧, ਬਾਰਾ ੬ : ੧ (1108)

ਮੂਝ ਬਿਨਾ **ਸਾਖਾ** ਕਤ ਆਹੈ॥

—ਭੈਰ ੫, ੪੫, ੧ : ੪ (1149)

ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।

—ਬਸੰ ੧, ੧, ੨ : ੧ (1168)

ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਨੈ॥

—ਕਲਿ ੪, ਅਸ ੪, ੫ : ੧ (1325)

ਸਾਗੁ

(ਸੰ. ਸ਼ਕਾ) ਸਬਜ਼ੀ, ਪੱਤਿਆਂ ਦੀ ਸਬਜ਼ੀ,

ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਹਾਨੀ॥

—ਮਾਰੂ ਕਬ, ੬, ੨ : ੧ (1105)

ਸਾਲੀ

ਚਾਵਲ, ਵੇਖੋ 'ਚਾਵਲ'

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ॥

—ਰਾਮ ਬਸ, ੩ : ੧ (967)

ਸਿਧਉਰਾ

ਨਲੀਏਰ, ਸੰਧੂਰ ਵਾਲਾ ਨਲੀਏਰ ਵੇਖੋ 'ਸੰਧਉਰਾ'

ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥

—ਸਲੋ ਕਬ, ੭੧ : ੨ (1368)

ਸਿੰਬਲੁ

ਵੇਖੋ 'ਸਿੰਮਲ'

ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥

—ਭੈਰ ਨਾਮ, ੮, ੧ : ੨ (1165)

ਸਿਬਾਲੁ

(ਸੰ. ਸ਼ੇਵਲੰਮੁ) ਕਾਹੀ, ਪਾਣੀ ਦਾ ਜਾਲਾ, ਜੋ ਸਬਜ਼-ਕਾਲੇ ਰੰਗ ਦਾ ਹੁੰਦਾ ਹੈ। ਅੰ. Green moss, Grass, Blackesh green colour of grass, ਬਨ Algae.

ਕਾਇਆ ਛੀਜੈ ਭਈ ਸਿਬਾਲੁ॥

—ਰਾਮ ੧, ਓਅੰ ੨੪ : ੮ (933)

ਸਿੰਮਲ

(ਸੰ. ਸੰਬਲ) ਇਕ ਉੱਚਾ ਦਰਖਤ ਜਿਸ ਦੇ ਫੁੱਲ ਸ਼ੋਖ ਰੰਗ ਦੇ ਆਕਰਸ਼ਕ ਪਰ ਫਲ ਬੇਸੁਆਦਾ (ਬਕਬਕੇ) ਹੁੰਦੇ ਹਨ। ਇਸ ਨੂੰ ਸਾਲਮਲੀ, ਸੇਂਮਰ, ਸੇਂਬਿਰ, ਸੇਂਬਰ, ਕੇਤਕੀ ਵੀ ਆਖਦੇ ਹਨ। ਅੰ. Bombax, silutree. ਬਨ Bombax Haptapyllum L.

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥

—ਆਸਾ ੧, ਵਾਰ ੧੪ਸ, ੧, ੧ : ੧ (470)

ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥

—ਸੂਹੀ ੧, ੩, ੪ : ੧ (729)

ਸੁਪਾਰੀ

ਇਕ ਕਰੜਾ ਗੋਲ ਫਲ ਜੋ ਪਾਨ ਦੇ ਬੀਨੇ ਅਤੇ ਕਈ ਦਵਾਈਆਂ ਵਿਚ ਪੈਂਦਾ ਹੈ। ਪੂਰਾ ਫਲ, ਛਾਲੀ, ਅੰ. Betelnut, arecanut ਬਨ. Areca Catechu L.

ਪਾਨ **ਸੁਪਾਰੀ** ਖਾਤੀਆ ਮੁਖਿ ਬੀਨੀਆ ਲਾਈਆਂ॥

—ਤਿਲੰ ੪, ਅਸ ੨, ੧੩ : ੧ (726)

ਕਿਨਹੀ ਬਨਜਿਆ ਕਾਂਸੀ, ਤਾਂਬਾ ਕਿਨਹੀ ਲਉਗ **ਸੁਪਾਰੀ**॥

—ਕੇਦਾ ਕਬ, ੨, ੧ : ੧ (1123)

ਕਬੀਰ ਊਜਲ ਪਹਿਰਹਿ ਕਾਪਰੇ ਪਾਨ **ਸੁਪਾਰੀ** ਖਾਹਿ॥

—ਸਲੋ ਕਬ, ੩੪ : ੧ (1366)

ਸੂਲਾ

ਨੁਕੀਲਾ ਕੰਡਾ, ਅੰ. Thorn

ਕਰੈ ਗੁਮਾਨੁ ਚੁਭਹਿ ਤਿਸੁ **ਸੂਲਾ** ਕੋ ਕਾਢਨ ਕਉ ਨਾਹੀ॥

—ਰਾਮ ਕਬ, ੩, ੪ : ੧ (969)

ਫਰੀਦਾ ਭੁਖਾ ਸੇਤੀ ਦੇਹੁ ਗਇਆ **ਸੂਲਾਂ** ਸੇਤੀ ਰਾਤਿ॥

—ਸਲੋ ਫਰ, ੮੫ : ੧ (1382)

ਸੇਬਰਿ

ਸਿੰਬਲ, ਇਕ ਵੱਡਾ ਆਕਰਸ਼ਕ ਫੁੱਲਾਂ ਵਾਲਾ ਰੁੱਖ ਜਿਸ ਨਾਲ ਬਕਬਕੇ ਸੁਆਦ ਵਾਲਾ ਫਲ ਲਗਦਾ ਹੈ। ਵੇਖੋ 'ਸਿੰਮਲ'

ਨਾਲੀਏਰ ਫਲੁ **ਸੇਬਰਿ** ਪਾਕਾ ਮੂਰਖ ਮੁਗਧ ਗਵਾਰ॥

—ਰਾਮ ਕਬ, ੧੨, ੧ : ੨ (972)

ਸੇਬਾਲ

ਪਾਣੀ ਉੱਤੇ ਆ ਜਾਣ ਵਾਲਾ ਹਰੇ ਰੰਗ ਦਾ ਪਦਾਰਥ, ਬੂਰ, ਵੇਖੋ 'ਸਿਬਾਲੁ'

ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ **ਸੇਬਾਲ**॥

—ਸਿਰੀ ੪, ਵਾਰ ੭ : ੨ (85)

ਸ੍ਰੀ ਖੰਡ

ਚੰਦਨ ਦੀ ਲਕੜੀ, ਵੇਖੋ 'ਚੰਦਨ'

ਕਾਠਹੁ **ਸ੍ਰੀਖੰਡ** ਸਤਿਗੁਰਿ ਕੀਅਉ ਦੁਖ ਦਾਰਿਦ੍ਰ ਤਿਲ ਕੇ ਗਇਆ॥

—ਸਵ ੪, ਨਲ ੬ : ੫ (1399)

ਹਰਦੀ

ਹਲਦੀ, ਜ਼ਮੀਨ ਵਿਚ ਹੋਣ ਵਾਲੀ ਇਕ ਗੰਢੀ ਜਿਸ ਦਾ ਰੰਗ ਪੀਲਾ ਹੁੰਦਾ ਹੈ, ਔਸ਼ਧੀ ਤੇ ਦਾਲ ਸਬਜ਼ੀ ਵਿਚ ਵਰਤੀ ਜਾਂਦੀ ਹੈ। ਅੰ. Turmeric ਬਨ. Curcuma Longa, Curcuma domestica L.

ਕਬੀਰ **ਹਰਦੀ** ਪੀਅਰੀ ਚੂੰਨਾਂ ਊਜਲ ਭਾਇ॥

—ਸਲੋ ਕਬ, ੫੬ : ੧ (1367)

ਹਰਪਾਤ

ਹਰੇ ਪਤੇ, ਕਿਸੇ ਵੀ ਬ੍ਰਿਛ ਦੇ ਸਬਜ਼ ਪਤੇ, ਅੰ. Green leaves.

ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ **ਹਰਪਾਤ**॥

—ਸਾਰ ਕਬ, ੧, ੧ : ੨ (1251)

ਹਰਾ

ਹਰੇ ਰੰਗ ਦਾ, ਸਰਸਬਜ਼ ਜੰਗਲ, ਸਾਵਾ, ਭਾਵ ਖਿੜਿਆ ਹੋਇਆ।

ਅੰ. Evergreen.

ਸੋਹੇ ਬੰਕ ਦੁਆਰ ਸਗਲਾ ਬਨੁ **ਹਰਾ**॥

—ਬਿਲਾ ੫, ਛੰਤ ੩, ੫ : ੨ (847)

ਹਰਿਆਵਲਾ

ਹਰਾ, ਸਰਸਬਜ਼, ਵੇਖੋ 'ਹਰਾ'

ਪਬਰ ਤੂੰ **ਹਰਿਆਵਲਾ** ਕਵਲਾ ਕੰਚਨ ਵੰਨਿ॥

—ਸਲੋ ੧, ੩੦ : ੧ (1412)

ਹਰਿ ਕੈ ਨਾਇ ਹਰਿਆਵਲੀ ਫਿਰ ਸੁਕੈ ਨ ਕੁਮਲਾਇ॥

—ਮਲਾ ੩, ਅਸ ੨, ੪ : ੩ (1277)

ਨਾਮੁ ਜਪਤ ਮਨੁ ਤਨੁ ਹਰਿਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ॥

—ਮਾਝ ੫, ੩੬, ੪ : ੩ (105)

ਹਰੀ

ਜੋ ਫਸਲ, ਪਕੀ ਨਹੀਂ, ਕੱਚੀ ਫਸਲ, ਨਰਮ, ਕੋਮਲ, ਵੇਖੋ 'ਫਸਲਿ'

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥

—ਸਿਰੀ ੫, ੭੪, ੨ : ੧ (43)

ਹਰੀ ਅੰਗੂਰੀ ਗਦਹਾ ਚਰੈ॥

—ਕਉ ਕਬ, ੧੪, ੧ : ੧ (326)

ਹਰੀਆਵਲ

ਸਰਸਬਜ਼, ਪ੍ਰਫੁੱਲਤ, ਵੇਖੋ 'ਹਰਿਆਵਲ'

ਦਹਦਿਸਿ ਸਾਖ ਹਰੀ ਹਰਿਆਵਲ ਸਹਿਜ ਪਕੈ ਸੋ ਮੀਠਾ॥

—ਤੁਖਾ ੧, ਬਾਰਾ ੧੧ : ੫ (1109)

ਸਫਲਿਓ ਬਿਰਖੁ **ਹਰੀਆਵਲ** ਛਾਵ ਘਣੇਰੀ ਹੋਇ॥

—ਸਿਰੀ ੧, ਅਸ ੧੦, ੨ : ੨ (59)

ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ॥

—ਆਸਾ ੩, ੩੪, ੧* : ੨ (428)

ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

—ਗਉ ੪, ਵਾਰ ੧੭ਸ, ੪, ੨ : ੧ (310)

ਹਰਿ ਵੁਠਾਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ॥

—ਸਲੋ ੩, ੫੯ : ੨ (1420)

ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥

—ਸਿਰੀ ੧, ਅਸ ੧੧, ੩ : ੨ (60)

ਹਰੇ

ਵੇਖੋ 'ਹਰਾ', ਸਰਸਬਜ਼, ਹਰੇ ਭਰੇ

ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥

—ਸਿਰੀ ੫, ੯੫, ੩ : ੨ (47)

ਹਿੰਙੁ

(ਸੰ. ਹਿੰਗ) ਹੀਂਗ, ਤੀਵ੍ਰਗੰਧਾ, ਪੌਦੇ ਤੋਂ ਰਸ ਰੂਪ ਵਿਚ ਨਿਕਲਿਆ ਇਕ ਗੰਧਦਾਰ ਪਦਾਰਥ ਜੋ ਔਸ਼ਧੀ ਵੀ ਹੈ ਤੇ ਦਾਲ ਸਬਜ਼ੀ ਵਿਚ ਤੜਕਾ ਲਾ ਕੇ ਵੀ ਵਰਤੀ ਜਾਂਦੀ ਹੈ। ਅੰ. Asafoetida, ਬਨ. Ferula Asafoetida L. ਹਿੰਗ ਦੀ ਤਾਸੀਰ ਗਰਮ, ਹਾਜਮਾ ਠੀਕ ਕਰਨ ਵਾਲੀ, ਕਫ਼ ਅਤੇ ਬਾਈ ਨਾਸ਼ਕ, ਵਾਉਗੋਲਾ ਪੇਟ ਦੇ ਕੀੜੇ ਆਦਿਕ ਰੋਗ ਦੂਰ ਕਰਦੀ ਹੈ। ਇਹ ਮਸਾਲਿਆਂ ਵਿਚ ਸ਼ੁਮਾਰ ਹੁੰਦੀ ਹੈ। ਇਰਾਨ ਅਤੇ ਅਫ਼ਗਾਨਿਸਤਾਨ ਦੀ ਸਦਾਬਹਾਰ ਜੜੀ ਬੂਟੀ ਹੈ।

ਫਰੀਦਾ ਰਹੀਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥

—ਸਲੋ ਫਰ, ੩੩ : ੨ (1379)

ਹਿਰਡ

ਅਰਿੰਡ, ਇਕ ਬਦਬੂਦਾਰ ਬੂਟਾ, ਵੇਖੋ 'ਇਰੰਡ'

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ॥

—ਬਿਲਾ ੪, ਅਸ ੨, ੧ : ੨ (834)

ਹੀਗੁ

ਪੌਦੇ ਤੋਂ ਰਸ ਦੇ ਰੂਪ ਵਿਚ ਨਿਕਲਿਆ ਇਕ ਗੰਧਦਾਰ ਪਦਾਰਥ, ਵੇਖੋ 'ਹਿੰਙੁ'

ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ॥

—ਟੋਡੀ ਨਾਮ ੩, ੨ : ੨ (718)

ਕਉਲਾ

ਕਮਲ ਫੁੱਲ, ਵੇਖੋ 'ਕਵਲ'

ਅਲਿਪਤੁ ਰਹਉ ਜੈਸੇ ਜਲ ਮਹਿ **ਕਉਲਾ**॥

—ਆਸਾ ੫, ੫੪, ੧* : ੨ (384)

ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ **ਕਉਲਾ**॥

—ਗੂਜ ੫, ੪, ੪ : ੧ (496)

ਕਉਲਾਰੁ

ਕਮਲ ਫੁੱਲਾਂ ਦਾ ਸਮੂਹ, ਵੇਖੋ 'ਕਵਲ'

ਤੁਝਹਿ ਪੇਖਿ ਬਿਗਾਸੈ **ਕਉਲਾਰੁ**॥

—ਆਸਾ ੫, ੭੪, ੨ : ੨ (389)

ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਾਸੁ॥

—ਸਿਰੀ ੧, ੨੫, ੪ : ੨ (23)

ਭ੍ਰਮੁ ਖੋਇਓ ਸਾਂਤਿ ਸਹਿਜ ਸੁਆਮੀ ਪਰਗਾਸੁ ਭਇਆ **ਕਉਲੁ** ਖਿਲਿਆ॥

—ਗਉ ੫, ਛੰਡ ੪, ੪ : ੩ (249)

ਕਸੁ

ਕਿਕਰ ਦੇ ਸੱਕ, ਵੇਖੋ 'ਕਿਕਰਿ'

ਗੁੜ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ **ਕਸੁ** ਪਾਈਐ॥

—ਆਸਾ ੧, ੩੮, ੧ : ੧ (360)

ਕਸੁੰਭ

(ਸੰ. ਕਸੰਮ) ਗੂੜੇ ਸ਼ੋਖ ਲਾਲ ਰੰਗ ਦਾ ਇਕ ਫੁੱਲ ਜੋ ਛੇਤੀ ਫਿੱਕਾ ਪੈ ਜਾਂਦਾ ਹੈ। ਕੁਸੰਬੜੇ ਦੀ ਖੇਤੀ ਤੇਲ ਲਈ ਕੀਤੀ ਜਾਂਦੀ ਹੈ। ਕਈ ਇਸ ਨੂੰ ਜੰਗਲ ਕੇਸਰ ਵੀ ਆਖਦੇ ਹਨ। ਅੰ. Safflower, ਬਨ. Carthamus tinctorius L.

ਕੂੜਾ ਰੰਗੁ **ਕਸੁੰਭ** ਕਾ ਬਿਨਸਿ ਜਾਇ ਦੁਖੁ ਰੋਇ॥

—ਸਿਰੀ ੩, ੩੭, ੩ : ੩ (28)

ਜੈਸਾ ਰੰਗੁ **ਕਸੁੰਭ** ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ॥

—ਗਉ ਕਬ, ੫੭, ੩ : ੨ (336)

ਜੈਸਾ ਰੰਗੁ **ਕਸੁੰਭ** ਕਾ ਤੈਸਾ ਇਹੁ ਸੰਸਾਰੁ॥

—ਗਉ ਰਵਿ, ੧, ੪ : ੧ (346)

ਕਚਾ ਰੰਗੁ **ਕਸੁੰਭ** ਕਾ ਥੋੜੜਿਆ ਦਿਨ ਚਾਰਿ ਜੀਉ॥

—ਸੂਹੀ ੧, ਅਸ ੨, ੧ : ੧ (751)

ਹਥੁ ਨ ਲਾਇ **ਕਸੁੰਭੜੈ** ਜਲਿ ਜਾਸੀ ਢੋਲਾ॥

—ਸੂਹੀ ਫਰ, ੨, ੧* : ੧ (794)

ਮਨਮੁਖ ਨਾਮ ਵਿਹੂਣਿਆ ਰੰਗੁ **ਕਸੁੰਭਾ** ਦੇਖਿ ਨ ਭੁਲੁ॥

—ਸਿਰੀ ੪, ਵਾਰ ੯ਸ, ੩, ੨ : ੧ (85)

ਦੇਖਿ **ਕਸੁੰਭਾ** ਰੰਗੁਲਾ ਕਾਹੇ ਭੂਲਿ ਲਾਗੇ॥

—ਬਿਲਾ ੫, ੩੬, ੧ : ੨ (809)

ਮਨਮੁਖ ਰੰਗੁ **ਕਸੁੰਭੁ** ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ॥

—ਮਾਲੀ ੪, ੪, ੨ : ੧ (985)

ਮਿਤ੍ਰ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ **ਕਸੁੰਭੈ** ਭੁਲੀ॥

—ਰਾਮ ੫, ਵਾਰ ੧੩ਸ, ੫, ੧ : ੧ (963)

ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ **ਕਸੁੰਭਾਇਲੇ**॥

—ਗੋਂਡ ੫, ੨, ੧ : ੧ (862)

ਕਕਰੀਆ

ਅੱਕ ਦੀਆਂ ਖਖੜੀਆਂ, ਵੇਖੋ 'ਅਕ'

ਰਾਜਾ ਰਾਮ **ਕਕਰੀਆ** ਰੇ ਪਕਾਏ॥

—ਆਸਾ ਕਬ, ੬, ੧* : ੧ (477)

ਕਣ

(ਸੰ. ਕਣ) ਅਨਾਜ ਦਾ ਦਾਣਾ, ਵੇਖੋ 'ਦਾਣਾ'

ਕਣ ਬਿਨਾ ਜੈਸੇ ਥੋਥਰ ਤੁਖਾ॥

—ਗਉ ੫, ੧੩੪, ੧ : ੧ (192)

ਕਣਕ

ਕਣਕ ਪ੍ਰਸਿੱਧ ਅਨਾਜ, ਗੰਦਮ, ਗੇਹੂੰ ਅੰ. Wheat, ਬਨ. Triticum aestivum L. ਇਤਿਹਾਸਕ ਨੁੱਕਤੇ ਨਿਗਾਹ ਤੋਂ ਇਹ ਆਖਣਾ ਬੜਾ ਕਠਨ ਹੈ ਕਿ ਕਣਕ ਹੋਂਦ ਵਿਚ ਕਦੋਂ ਆਈ। ਪੱਥਰ-ਯੁਗ ਵਿਚ ਕਣਕ ਦੇ ਦਾਣੇ ਸਵਿਜ਼ਰਲੈਂਡ ਦੇ ਖੰਡਰਾਤਾਂ 'ਚ ਮਿਲੇ ਸਨ। ਚੀਨ ਵਿਚ 2700 ਬੀ.ਸੀ. 'ਚ ਇਹ ਪ੍ਰਮੁੱਖ ਫਸਲ ਸੀ। ਜੰਗਲੀ ਘਾਹ ਵਰਗੀਆਂ ਕਿਸਮਾਂ ਮੁੱਢ ਕਦੀਮ ਯੂਰਪ ਵਿਚ ਮੌਜੂਦ ਸਨ।

ਜਤੁ ਸਤੁ ਚਾਵਲ ਦਇਆ **ਕਣਕ** ਕਰਿ ਪ੍ਰਾਪਤਿ ਪਾਤੀ ਧਾਨੁ॥

—ਪ੍ਰਭਾ ੧, ੭, ੩ : ੧ (1329)

ਕਣੁ

ਦਾਣੇ, ਹੋਰ ਵੇਖੋ 'ਦਾਣਾ'

ਸਣੁ ਕਸੀਰਾ ਚਿਇਆ **ਕਣੁ** ਲਇਆ ਤਨੁ ਝਾੜਿ॥

—ਮਾਝ ੧, ਵਾਰ ੧੧ਸ, ੧, ੧ : ੨ (142)

ਕੰਦ

(ਸੰ. ਕੰਦ) ਜ਼ਮੀਨ ਦੇ ਅੰਦਰ ਹੋਣ ਵਾਲੀਆਂ ਸਬਜ਼ੀਆਂ/ਪਦਾਰਥ, ਗਾਜਰ, ਮੂਲੀ, ਆਲੂ, ਸ਼ਕਰਕੰਦੀ, ਪਿਆਜ, ਸ਼ਲਗਮ ਆਦਿ। ਅੰ. Root Crops

ਇਕਿ **ਕੰਦ** ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥

—ਮਾਝ ੧, ਵਾਰ ੫ : ੧ (140)

ਕਦਲੀ

(ਸੰ. ਕਦਲ) ਕੇਲੇ ਦਾ ਬ੍ਰਿਛ, ਵੇਖੋ 'ਕੇਲ'

ਕਦਲੀ ਪੁਹਪ ਧੂਪ ਪਰਗਾਸ॥

—ਭੈਰ ਕਬ, ਅਸ ੧, ੪ : ੧ (1162)

ਕੰਦਾ

ਜ਼ਮੀਨ ਦੇ ਅੰਦਰ ਹੋਣ ਵਾਲੀਆਂ ਸਬਜ਼ੀਆਂ, ਵੇਖੋ 'ਕੰਦ'

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ **ਕੰਦਾ**॥

—ਬਿਲਾ ਕਬ, ੩, ੧ : ੧ (855)

ਕਪਾਸ

(ਸੰ. ਕਪਾਸ), ਇਕ ਪੌਦੇ ਦੇ ਫੁੱਲ ਜਿਨ੍ਹਾਂ ਤੋਂ ਰੂ ਬਣਦਾ ਹੈ। ਕਪਾਹ, ਅੰ. Cotton. ਬਨ. Gossypium herbaceum L. ਇਸ ਦੇ ਬ੍ਰਿਛ ਤੋਂ ਕਪੜੇ ਤੇ ਧਾਗੇ ਬਣਦੇ ਹਨ। ਬੀਜ ਲੰਮੇ ਲੰਮੇ ਵਾਲਾਂ ਨਾਲ ਘਿਰਿਆ ਹੁੰਦਾ ਹੈ। ਭਾਰਤ ਵਿਚ ਇਸ ਦਾ ਜ਼ਿਕਰ ਰਿੱਗਵੈਦ ਵਿਚ ਆਇਆ ਹੈ ਜੋ 1500 ਈ. ਦੀ ਰਚਨਾ ਹੈ। ਮੰਨੂ ਸਿਮ੍ਰਿਤੀ ਵਿਚ ਜ਼ਿਕਰ ਹੈ ਕਿ ਬ੍ਰਾਹਮਣ ਦੇ ਪਵਿੱਤਰ ਜੰਝੂ ਦਾ ਧਾਗਾ ਕਪਾਹ ਦਾ ਹੋਵੇ। ਬਹੁਤੇ ਵਿਗਿਆਨੀਆਂ ਨੇ ਇਸ ਪੌਦੇ ਦਾ ਮੁੱਢ ਭਾਰਤ ਮੰਨਿਆ ਹੈ।

ਲੋਹਾ ਮਾਰਣਿ ਪਾਈਐ ਢਹੈ ਨ ਹੋਇ **ਕਪਾਸ**॥

—ਮਾਝ ੧, ਵਾਰ ੧੨ਸ, ੧, ੧ : ੭ (143)

ਦਇਆ **ਕਪਾਹ** ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

—ਆਸਾ ੧, ਵਾਰ ੧੫ਸ, ੧, ੧ : ੧ (471)

ਤਗੁ **ਕਪਾਹਹੁ** ਕਤੀਐ ਬਾਮਣੁ ਵਟੇ ਆਇ॥

—ਆਸਾ ੧, ਵਾਰ ੧੫ਸ, ੧, ੨ : ੩ (471)

ਵੁਠੈ ਅੰਨੁ ਕਮਾਦੁ **ਕਪਾਹਾ** ਸਭਸੈ ਪੜਦਾ ਹੋਵੈ॥

—ਮਾਝ ੧, ਵਾਰ ੨੬ਸ, ੧, ੧ : ੨੦ (150)

ਤੋਇਅਹੁ ਅੰਨੁ ਕਮਾਦ **ਕਪਾਹਾਂ** ਤੋਇਅਹੁ ਤ੍ਰਿਭਵਣ ਗੰਨਾ॥

—ਮਾਝ ੧, ਵਾਰ ੨੫ਸ, ੧, ੨ : ੨੪ (1290)

ਫਰੀਦਾ ਵੇਖੁ **ਕਪਾਹੈ** ਜਿ ਥੀਆ ਜਿ ਸਿਰਿ ਥੀਆ ਤਿਲਾਹ॥

—ਸਲੋ ਫਰ, ੪੯ : ੧ (1380)

ਕਪੂਰ

ਇਕ ਬ੍ਰਿਛ ਦੇ ਰਸ ਤੋਂ ਤਿਆਰ ਕੀਤਾ ਜਾਂਦਾ ਸੁਫੈਦ ਸੁਗੰਧਤ ਪਦਾਰਥ ਜੋ ਹਵਾ ਵਿਚ ਉੱਡ ਜਾਂਦਾ ਹੈ ਤੇ ਅੱਗ ਵਿਚ ਘਿਓ ਵਾਂਗ ਬਲਦਾ ਹੈ।

ਪਾਨ **ਕਪੂਰ** ਸੁਬਾਸਕ ਚੰਦਨ ਅੰਤਿ ਤਊ ਮਰਨਾ॥

—ਆਸਾ ਕਬ, ੫, ੩ : ੨ (477)

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹਸਿ ਫੁਲੇ॥

—ਤੁਖਾ ੧, ਬਾਰਾ ੧੩ : ੩ (1109)

ਕਮਲ

ਕੌਲ ਫੁੱਲ, ਸੁਫੈਦ ਰੰਗ ਦਾ ਕੋਮਲ ਫੁੱਲ ਜੋ ਪਾਣੀ ਵਿਚ ਹੁੰਦਾ ਹੈ। ਕੰਵਲ ਦੀਆਂ ਅਨੇਕ ਕਿਸਮਾਂ ਮਿਸਰ, ਭਾਰਤ ਤੇ ਕਸ਼ਮੀਰ ਵਿਚ ਮਿਲਦੀਆਂ ਹਨ। ਇਸ ਦੇ ਫੁੱਲਾਂ ਦੀ ਉਮਰ ਸਾਰੇ ਫੁੱਲਾਂ ਤੋਂ ਵਧੀਕ ਮੰਨੀ ਜਾਂਦੀ ਹੈ। ਜਿਵੇਂ 1843 ਈ. ਤੋਂ ਲੈ ਕੇ 1885 ਈ. ਤੱਕ। ਰਾਬਰਟ ਬਰੂਨ ਨੇ 150 ਸਾਲਾਂ ਦਾ ਫੁੱਲ ਉਗਾ ਕੇ ਨਵੀਂ ਖੋਜ ਕੀਤੀ ਸੀ। ਕੰਵਲ ਦਾ ਚਿੰਨ੍ਹ 'ਗਰਮੀ ਤੇ ਸੱਚ' ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੰ. Lotus ਬਨ. Nelumbo nucifera GaertnL.

> ਐਬ ਤਨਿ ਚਿਕੜੋ ਇਹੁ ਮਨੁ ਮੀਡਕੋ **ਕਮਲ** ਕੀ ਸਾਰ ਨਹੀ ਮੂਲਿ ਪਾਈ॥
>
> —ਸਿਰੀ ੧, ੨੭, ੨ : ੧ (24)
>
> ਚਰਣ **ਕਮਲ** ਆਤਮ ਆਧਾਰ॥
>
> —ਗਉ ੫, ੮੬, ੨ : ੧ (181)
>
> ਚਰਨ ਕਮਲ ਅਰਾਧਿ ਭਗਵੰਤਾ॥
>
> —ਗਉ ੫, ੧੧੯, ੨ : ੧ (189)
>
> ਪ੍ਰਭ ਕੈ ਸਿਮਰਨਿ **ਕਮਲ** ਬਿਗਾਸਨੁ॥
>
> —ਗਉ ੧, ਸੁਖ ੧, ੭ : ੬ (263)
>
> ਜੈਸੇ ਜਲ ਮਹਿ **ਕਮਲ** ਅਲੇਪ॥
>
> —ਗਉ ੫, ਸੁਖ ੮, ੧ : ੨ (272)
>
> ਕਕਾ ਕਿਰਣਿ **ਕਮਲ** ਮਹਿ ਪਾਵਾ॥
>
> —ਗਉ ਕਬ, ਬਾਅ ੭ : ੧ (340)
>
> ਏਕੋ ਸਰਵਰੁ **ਕਮਲ** ਅਨੂਪ॥
>
> —ਆਸਾ ੧, ੧੨, ੧ : ੧ (352)
>
> ਸਰੀਰ ਸਰੋਵਰ ਭੀਤਰੇ ਆਛੈ **ਕਮਲ** ਅਨੂਪ॥
>
> —ਬਿਲਾ ਕਬ, ੧੦, ੧ : ੧ (857)
>
> ਉਚੈ ਥਲਿ ਫੂਲੇ **ਕਮਲ** ਅਨੂਪ॥
>
> —ਰਾਮ ੫, ੫੦, ੩ : ੨ (898)
>
> ਬਿੰਨਵੰਤਿ ਨਾਨਕ ਰਾਸਿ ਜਲ ਕੀ ਚਰਨ **ਕਮਲਹ** ਆਸਰਾ॥
>
> —ਰਾਮ ੫, ਛੰਤ ੨, ੨ : ੬ (925)
>
> ਨਾਨਕ ਸਰਨਿ ਚਰਨ **ਕਮਲਨ** ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ॥
>
> —ਮਲਾ ੫, ੪, ੩ : ੨ (1267)
>
> ਜਨ ਨਾਨਕ ਪਿਆਸ ਚਰਨ **ਕਲਮਨ੍** ਕੀ ਪੇਖਿ ਦਰਸੁ ਸੁਆਮੀ ਸੁਖ ਸਾਰੇ॥
>
> —ਬਿਲਾ ੫, ੧੨੩, ੨ : ੨ (829)

ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ॥
—ਸਾਰ ੫, ੨੫, ੧ : ੨ (1209)

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤ ਚਰਨ ਕਮਲਾਰੇ॥
—ਦੇਵ ੫, ੨੯, ੧ : ੧ (534)

ਤੂੰ ਆਪੇ ਕਮਲੁ ਨਿਰਾਲਮੁ ਮੁਰਗਾਈ ਨੈ ਸਾਵੈ॥
—ਰਾਮ ੧, ਸਿਗੋ ੫ : ੧ (938)

ਤੂੰ ਆਪੇ ਕਮਲੋ ਅਲਪਿਤੁ ਹੈ ਸੈ ਹਥਾ ਵਿਚ ਗੁਲਾਲ॥
—ਸਿਰੀ ੪, ਵਾਰ ੭ : ੩ (85)

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮੁਲੇ॥
—ਨਟ ੪, ੨, ੩ : ੧ (975)

ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ॥
—ਆਸਾ ੫, ਛੰਤ ੪, ੧ : ੨ (454)

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥
—ਸਿਰੀ ੧, ਅਸ ੧੧, ੧ : ੧ (59)

ਕਮਾਦੁ

ਕਮਾਦ, ਗੰਨਾ, ਇੱਖ

ਅੰ. Sugarcane, ਬਨ. Saccharum Officinarum L

ਕਮਾਦ (ਗੰਨਾ) ਸੰਸਾਰ ਦੀ ਪ੍ਰਮੁੱਖ ਫਸਲ ਹੈ। ਭਾਰਤ ਵਿਚ ਮੁੱਢ ਕਦੀਮ ਤੋਂ ਉਗਾਇਆ ਜਾਂਦਾ ਹੈ। ਮਹਾਨ ਐਲਗਜੈਂਡਰ ਦੇ ਹਮਲੇ ਤੋਂ ਪਹਿਲਾਂ ਇਸ ਦੀ ਬਿਜਾਈ ਹੁੰਦੀ ਸੀ ਜੋ ਇਸ ਨੂੰ 320 ਬੀ.ਸੀ. ਯੂਰਪ ਆਦਿ ਦੇਸ਼ਾਂ ਵਿਚ ਲੈ ਗਿਆ।

ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥
—ਮਾਝ ੧, ਵਾਰ ੨੬ਸ, ੧, ੧ : ੨੦ (150)

ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣ ਗੰਨਾ॥
—ਮਲਾ ੧, ਵਾਰ ੨੫ਸ, ੧, ੨ : ੨੪ (1290)

ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
—ਸਲੋ ਫਰ, ੪੯ : ੨ (1380)

ਕਵਲ

ਵੇਖੋ 'ਕਮਲ'

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਿਦਿਨੋ ਮੋਹਿ ਆਹੀ ਪਿਆਸਾ॥
—ਧਨਾ ੧, ਸੋਹ ੩, ੪ : ੧ (13)

ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ॥
—ਗਉ ੫, ਬਾਅ ੨੨ਸ : ੧ (254)

ਫ਼ਰੀਦਾ ਸਰੁ ਭਰਿਆ ਭੀ ਚਲਸੀ ਥਕੇ **ਕਵਲ** ਇਕਾਲ॥

—ਸਲੋ ਫਰ, ੬੬ : ੨ (1381)

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥

—ਸਵ ੪, ਗਯੰ ੬ : ੨ (1402)

ਮਨਿ ਅੰਧੈ ਊਧੈ **ਕਵਲਿ** ਦਿਸਨਿ੍ ਖਰੇ ਕਰੂਪ॥

—ਸਾਰ ੪, ਵਾਰ ੨੨ਸ, ੧, ੨ : ੨ (1245)

ਊਂਧ **ਕਵਲੁ** ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ॥

—ਮਾਝ ੫, ੪੯, ੨ : ੩ (108)

ਕੜਾਸਣੁ

ਕੁਸ਼ਾ ਦਾ ਆਸਨ, ਇਕ ਪ੍ਰਕਾਰ ਦਾ ਘਾਹ, ਕੜਾ ਘਾਹ ਨਾਗੇ ਸਾਧੂ ਲੰਗੋਟੀ ਨਾਲ ਬੰਨਦੇ ਹਨ, ਵੇਖੋ 'ਘਾਸ'

ਕਾਇਆ **ਕੜਾਸਣੁ** ਮਨੁ ਜਾਗੋਟੀ॥

—ਰਾਮ ੧, ਸਿਗੋ ੧੧ : ੨ (939)

ਕਾਹ

(ਕਾਹ-ਫ਼-ਘਾਸ, ਫੂਸ), ਕਾਹਸਿ-ਕਾਹੀਂ ਘਾਹ, ਸਰਕੜਾ, ਸਰਕੰਡਾ, ਸਰ ਨੜਾ, ਕਾਨਾ ਆਦਿ ਅੰ. Reed, Willow ਬਨ. Sacchrum munga L. (S. arundinaceum)

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ **ਕਾਹ** ਸਿ ਫੁਲੈ॥

—ਤੁਖ ੧, ਬਾਰਾ ੧੧ : ੩ (1109)

ਹੀਰਾ ਲਾਲੁ ਅਮੋਲੁਕ ਹੈ ਭਾਰ ਬਿਨੁ ਗਾਹਕ ਮੀਕਾ **ਕਾਖਾ**॥

—ਜੈਤ ੪, ੨, ੧ : ੧ (696)

ਕਾਠ

ਘਾਟ, ਮੋਟਾ ਅਨਾਜ, ਬਾਜਰਾ, ਕੋਦਰਾ ਆਦਿ ਜੌ ਦੀ,

ਫ਼ਰੀਦਾ ਰੋਟੀ ਮੇਰੀ **ਕਾਠ** ਕੀ ਲਾਵਣੁ ਮੇਰੀ ਭੁਖ॥

—ਸਲੋ ਫਰ, ੨੮ : ੧ (1379)

ਕਾਨ

ਕਾਨੇ; ਹੋਰ ਦੇਖੋ ਕਾਹ, ਸਰਕੜਾ

ਦੁਆਰ ਉਪਰਿ ਝਿਲਕਾਵਹਿ **ਕਾਨ**॥

—ਗੋਂਡ ਕਬ ੬, ੧ : ੨ (871)

ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ **ਕਾਨੁ**॥

—ਸਿਰੀ ੧, ਅਸ ੧੬, ੬ : ੩ (63)

ਕਿਕਰਿ

(ਸੰ. ਕਿੰਕਰਾਲ), ਇਕ ਕੰਡੇਦਾਰ ਦਰਖਤ, ਬਬੂਲ ਅੰ. Acacia tree, ਬਨ. Acacia arabica L. (A. Jacquemotii)

ਇਹ ਇਕ ਸਦਾ ਬਹਾਰ ਦਰੱਖਤ ਹੈ ਜੋ ਗਰਮ ਅਤੇ ਨੀਮ ਗਰਮ ਖਿਤਿਆਂ ਵਿਚ ਆਮ ਹੁੰਦਾ ਹੈ। ਇਸ ਦੇ ਚਿੱਟੇ ਜਾਂ ਪੀਲੇ ਫੁੱਲ ਹੁੰਦੇ ਹਨ। ਦਰੱਖਤ ਦੀ ਲੰਬਾਈ 4-59 ਫੁੱਟ ਹੁੰਦੀ ਹੈ। ਇਸ ਦੀਆਂ ਫਲੀਆਂ ਲੰਮੀਆਂ ਹੁੰਦੀਆਂ ਹਨ ਜਿਨ੍ਹਾਂ ਤੋਂ ਆਚਾਰ ਵੀ ਬਣਾਇਆ ਜਾਂਦਾ ਹੈ ਜਾਂ ਭੇਡਾਂ ਬਕਰੀਆਂ ਖਾਂਦੀਆਂ ਹਨ।

ਫ਼ਰੀਦਾ ਲੋੜੇ ਦਾਖ ਬਿਜਉਰੀਆਂ **ਕਿਕਰਿ** ਬੀਜੈ ਜਟੁ ॥

—ਸਲੋ ਫਰ, ੨੩ : ੧ (1379)

ਕੀਸਾਰਾ

(ਸੰ. ਕੀਸ਼ਾਰ), ਧਾਨ ਅਥਵਾ ਕਣਕ ਦੀ ਬੱਲੀ ਨਾਲ ਜੋ ਤਿੱਖੇ ਕੰਡੇ ਹੁੰਦੇ ਹਨ।

ਸੁਣੁ **ਕੀਸਾਰਾ** ਚਿਖਿਆ ਕਣੁ ਲਇਆ ਤਨੁ ਝਾੜਿ।

—ਮਾਝ ੧, ਵਾਰ ੧੧ਸ, ੧, ੧ : ੨ (142)

ਕੁਸੰਭ

ਕੇਸਰ ਦੀਆਂ ਤੁਰੀਆਂ ਵਰਗੇ ਫੁੱਲਾਂ ਦਾ ਇਕ ਬੂਟਾ ਜਿਸ ਦਾ ਰੰਗ ਖੁਸ਼ ਚਿਰਾ ਤੇ ਕੱਚਾ ਹੁੰਦਾ ਹੈ। ਵੇਖੋ 'ਕਸੁੰਭ'

ਸੁਣਿ ਬਾਵਰੇ ਨੇਹੁ ਕੂੜਾ ਲਾਇਓ **ਕੁਸੰਭ** ਰੰਗਾਨਾ॥

—ਸੂਹੀ ੫, ਛੰਤ ੧, ੧ : ੨ (777)

ਪੁੰਡਰ ਕੇਸ **ਕੁਸਮ** ਤੇ ਧਉਲੇ ਸਪਤ ਪਾਤਾਲ ਕੀ ਬਾਣੀ॥

—ਸਿਰੀ ਬੇਣੀ, ੧, ੪ : ੧ (93)

ਕੁਕਹ

ਪਿੱਲਛੀ ਦਾ ਪੌਦਾ, ਨਦੀ ਕਿਨਾਰੇ ਹੋਣ ਵਾਲਾ ਇਕ ਲੰਮਾ ਘਾਹ, ਜਿਸ ਦੀਆਂ ਟੋਕਰੀਆਂ ਬਣਦੀਆਂ ਹਨ। ਇਸ ਦੇ ਫੁੱਲਾਂ ਦਾ ਰੰਗ ਸਫੈਦ ਹੁੰਦਾ ਹੈ। ਅੰ. Tamarisk diocia L.

ਝੂਠਿ ਵਿਗੁਤੀ ਤਾ ਪਿਰ ਮੁਤੀ **ਕੁਕਹ** ਕਾਹਸਿ ਫੁਲੇ॥

—ਤੁਖਾ ੧, ਬਾਰਾ ੧੩ : ੩ (1109)

ਕੁੰਗੂ

ਵੇਖੋ 'ਕੇਸਰਿ'

ਕਸਤੂਰਿ **ਕੁੰਗੂ** ਅਗਰਿ ਚੰਦਨਿ ਲੀਪਿ ਆਵੈ ਚਾਉ॥

—ਸਿਰੀ ੧, ੧, ੧ : ੨ (14)

ਕੁੰਗੂ ਕੀ ਕਾਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿਸਾਸੁ॥

—ਸਿਰ ੧, ੮, ੧ : ੧ (17)

ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ॥

—ਸਿਰੀ ੧, ੧੩, ੪ : ੧ (19)

ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥

—ਗੂਜ ੧, ੧, ੧ : ੨ (489)

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇਵੇ ਲਾਲੋ॥

—ਤਿਲੰ ੧, ੫, ੧ : ੭ (722)

ਕੁੰਗੂ ਚੰਨਣੁ ਫੁਲ ਚੜਾਏ॥

—ਸਾਰ ੪, ਵਾਰ ੯ਸ, ੧, ੧ : ੩ (1240)

ਕੁੰਦ

ਚਾਂਦਨੀ, ਚਿੱਟੇ ਫੁੱਲਾਂ ਵਾਲਾ ਇਕ ਬੂਟਾ, ਕੁੰਦੂ, ਬਨ. Cocinia indica.

ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ॥

—ਸਵ ੪, ਗਯੰ ੮ : ੧ (1402)

ਕੁਮੁਦਾਨੀ

ਨੀਲੋਫਰ, ਕਵਲ, ਕਮਲ, ਕੁਮੁਦਨੀ, ਰਾਤ ਨੂੰ ਖਿੜਨ ਵਾਲਾ ਫੁੱਲ, ਅੰ. The Blue Lotus, Water Lily. ਬਨ. Nymphaea edulis, N. Lotus.

ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥

—ਮਾਰੂ ੧, ੪, ੨ : ੨ (990)

ਕੁਮਲ

ਕਰੂਮਲ, ਨਵੀਂ ਨਿਕਲੀ ਕੋਮਲ ਟਹਿਣੀ, ਵੇਖੋ 'ਅੰਗੂਰੀ'

ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥

—ਸੂਹੀ ੩, ਵਾਰ ੧੮ਸ, ੧, ੧ : ੧ (791)

ਕੇਸਰਿ

ਕੁੰਕੁਮ, ਕਸ਼ਮੀਰਜ, ਕੁੰਗੂ ਕੇਸਰ, ਇਕ ਨਰੰਗੀ ਰੰਗ ਦਾ ਫੁਲ ਜਿਸ ਦਾ ਬੂਟਾ ਕਸ਼ਮੀਰ ਵਿਚ ਹੁੰਦਾ ਹੈ। ਇਸ ਦੀਆਂ ਤੁਰੀਆਂ ਉੱਤਮ ਸੁਗੰਧੀ ਵਾਲੀਆਂ ਹੁੰਦੀਆਂ ਹਨ। ਜ਼ਾਫ਼ਰਾਨ ਵੀ ਆਖਦੇ ਹਨ। ਅੰ. Saffron, ਬਨ. Crocs Sativus L.

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥

—ਤਿਲੰ ੧, ੨, ੨ : ੧ (721)

ਨਾਮੁ ਤੇਰੋ ਆਸਨੋ ਨਾਮ ਤੇਰੋ ਉਰਸਾ ਨਾਮ ਤੇਰਾ ਕੇਸਰੋ ਲੇ ਛਿਟਕਾਰੇ॥

—ਧਨਾ ਰਵਿ, ੩, ੧ : ੧ (694)

ਕੇਲ

ਕੇਲੇ (ਇਕ ਫਲ) ਦਾ ਬੂਟਾ, ਕਦਲੀ, ਰੰਭਾ, ਅੰ. Banana, ਬਨ. Musa Sapientum L. ਕੇਲੇ 75-150 ਦਿਨਾਂ ਵਿਚ ਦਰੱਖਤ ਤੇ ਪੱਕ ਜਾਂਦੇ ਹਨ। ਦਰੱਖਤਾਂ

ਤੋਂ ਕੱਚੇ ਹੀ ਉਤਾਰੇ ਜਾਂਦੇ ਹਨ। ਪੂਰੇ ਸੰਸਾਰ ਵਿਚ ਬੜਾ ਪ੍ਰਸਿੱਧ ਹੈ। ਇਕ ਦਰੱਖਤ ਤੇ 50-150 ਫਲ ਹੁੰਦੇ ਹਨ। ਤਕਰੀਬਨ 100 ਤੋਂ ਵੱਧ ਕਿਸਮਾਂ ਉਗਾਈਆਂ ਜਾਂਦੀਆਂ ਹਨ। ਦਰੱਖਤ ਦੀ ਉਚਾਈ 10-30 ਫੁੱਟ ਤੱਕ ਹੁੰਦੀ ਹੈ।

ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ॥

—ਟੋਡੀ ਨਾਮ, ੩, ੩ : ੨ (718)

ਕਬੀਰ ਮਾਰੀ ਮਰਉ ਕੁਸੰਗਕੀ ਕੇਲੇ ਨਿਕਟਿ ਜੁ ਬੇਰਿ॥

—ਸਲੋ ਕਬ, ੮੮ : ੧ (1369)

ਕੋਦਉ

(ਸੰ. ਕੋਦਵ ਅਥਵਾ ਕੋਦ੍ਰਵ), ਕੋਦਾ, ਕੋਦੋ ਕ੍ਰੋਧਾ, ਬਾਥੂ ਜਿਹਾ ਇਕ ਘਾਹ ਜਿਸ ਦਾ ਦਾਣਾ ਗਰੀਬ ਲੋਕ ਰਿੰਨ੍ ਕੇ ਅਥਵਾ ਪੀਹਕੇ ਆਟੇ ਦੀ ਰੋਟੀ ਪਕਾ ਕੇ ਖਾਂਦੇ ਹਨ। ਅੰ. A Coarse grain ਬਨ. Paspalum Scrobiaculatum.

ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਾਈ ਹੈ॥

—ਗੂਜ ਕਬ, ੧, ੧* : ੨ (524)

ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕ੍ਰੋਧਾ ਖਾਇ॥

—ਸਲੋ ਫਰ, ੬੫ : ੨ (1381)

ਹੰਸੁ ਉਡਰਿ ਕ੍ਰੋਧੈ ਪਇਆ ਲੋਕੁ ਵਿਡਾਰਣਿ ਜਾਇ॥

—ਸਲੋ ਫਰ, ੬੫ : ੧ (1381)

ਕੋਰੜ

ਕੋਤਕੂੰ, ਉਹ ਦਾਣਾ ਜੋ ਦਾਲ ਰਿੰਨਨ ਵੇਲੇ ਗਲੇ ਨਾ

ਪੰਡਿਤੁ ਅਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥

—ਰਾਮ ੫, ਵਾਰ ੭ਸ, ੫, ੨ : ੧ (960)

ਖਖੜੀਆਂ

ਕਕੜੀਆਂ, ਅੱਕ ਦੇ ਬੂਟੇ ਨਾਲ ਲਗਦਾ ਫਲ ਵੇਖੋ 'ਅਕ'

ਖਖੜੀਆਂ ਸੁਹਾਵੀਆਂ ਲਗੜੀਆਂ ਅਕ ਕੰਠਿ॥

—ਗਉ, ੫, ਵਾਰ ੭ਸ, ੫, ੧ : ੧ (319)

ਖਜੂਰਿ

ਇਕ ਦਰਖਤ ਜਿਸ ਦਾ ਫਲ ਪਕ ਕੇ ਛੁਹਾਰਾ ਹੁੰਦਾ ਹੈ। ਵੇਖੋ 'ਛੁਹਾਰੇ'

ਜਲ ਕੀ ਮਾਛੁਲੀ ਚਰੈ ਖਜੂਰਿ॥

—ਟੋਡੀ ਨਾਮ, ੮, ੧ : ੨ (718)

ਫ਼ਰੀਦਾ ਰਬ ਖਜੂਰੀ ਪਕੀਆ ਮਾਖਿਆ ਨਈ ਵਹੰਨ੍ਹਿ॥

—ਸਲੋ ਫਰ, ੮੯ : ੧ (1382)

ਖੜ

ਘਾਹ, ਵੇਖੋ 'ਘਾਸ', ਫਸਲ

ਧਰਣਿ ਸੁਵੰਨੀ ਖੜ ਰਤਨ ਜੜਾਈ ਹਰਿ ਪ੍ਰੇਮ ਪੁਰਖੁ ਮਨਿ ਵੁਠਾ॥

—ਗਉ ੫, ਵਾਰ ੧੭ਸ, ੫, ੧ : ੧ (322)

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥

—ਗੂਜ ੧, ੧, ੩ : ੧ (489)

ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ॥

—ਸਿਰੀ ੧, ਪਹ ੨, ੪ : ੫ (76)

ਖੇਤ

ਉਹ ਜ਼ਮੀਨ ਜਿਥੇ ਫਸਲਾਂ ਬੀਜੀਆਂ ਜਾਣ, ਧਰਤੀ ਦਾ ਟੁਕੜਾ, ਖੇਤੀ, ਅੰ. Field, Land, Farm, Cultivated Land.

ਜਿਉ ਰਾਖਾ ਖੇਤ ਊਪਰਿ ਪਰਾਏ॥

—ਗਉ ੫, ੮੦, ੩ : ੧ (179)

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥

—ਆਸਾ ੧, ਵਾਰ ੮ਸ, ੧, ੧ : ੧ (467)

ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥

—ਸਿਰੀ ੫, ੭੪, ੨ : ੩ (43)

ਆਪਣੀ ਖੇਤੀ ਰਾਖਿ ਲੈ ਕੂੰਜ ਪੜੈਗੀ ਖੇਤਿ॥

—ਸਿਰੀ ੩, ੫੪, ੧ : ੨ (34)

ਖੇਤੀ ਜੰਮੀ ਅਗਲੀ ਮਨੂਆ ਮਜਾ ਸਹਜਿ ਸੁਭਾਇ॥

—ਸਿਰੀ ੩, ੫੫, ੨ : ੨ (35)

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥

—ਸਿਰੀ ੧, ਪਹ ੧, ੪ : ੧ (75)

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ॥

—ਗਉ ੪, ਵਾਰ ੯ਸ, ੪, ੧ : ੧ (304)

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥

—ਆਸਾ ੧, ਵਾਰ ੧ ਸ, ੧, ੩ : ੩ (463)

ਖੁੰਬਰਾਜ

ਬਾਰਸ਼ ਪੈਣ ਨਾਲ ਹੁਸੜੀ ਹੋਈ ਧਰਤੀ ਦੀ ਭੜਾਸ ਵਿਚੋਂ ਪੈਦਾ ਹੋਣ ਵਾਲੀ ਇਕ ਉਦਭਿਜ ਵਸਤੂ ਜਿਸ ਦਾ ਸੰਬੰਧ ਖੁੰਬ ਜਾਤਿ ਨਾਲ ਹੈ। ਇਸ ਨੂੰ ਛੜਾਕ ਜਾਂ ਪਦਬਹੇੜਾ ਵੀ ਕਿਹਾ ਜਾਂਦਾ ਹੈ। ਇਹ ਥੁੜ-ਚਿਰਾ, ਕੋਮਲ ਅਤੇ ਸਫ਼ੈਦ ਜਾਂ ਹਲਕੇ ਕਾਲੇ ਰੰਗ ਦਾ ਹੁੰਦਾ ਹੈ।

ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ।

—ਬਸੰ ਰਵਿ, ੧, ੨ : ੧ (1196)

ਖੌਂਦ

(ਸੰ. ਖੌਂਦ) ਦਾਖ ਦਾ ਰਸ, ਵੇਖੋ 'ਦਾਖ'

ਉਬਟ ਚਲੰਤੇ ਇਹੁ ਮਦ ਪਾਇਆ ਜੈਸੇ ਖੋਂਦ ਖੁਮਾਰੀ॥

—ਕੈਦਾ ਕਬ, ੩, ੪ : ੨ (1124)

ਖੋੜਾ

ਦਰਖਤ ਵਿਚਲੀਆਂ ਖੁਡਾਂ, ਜਿਥੇ ਕਈ ਵਾਰੀ ਪੰਛੀ ਆਲ੍ਹਣੇ ਪਾ ਕੇ ਰਹਿੰਦੇ ਹਨ। ਅੰ. Bark of walnut or any Tree; Nesting place in tree/stem.

ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ॥

—ਸਿਰੀ ੧, ੨੬, ੩ : ੧ (23)

ਗੰਦਲਾ

ਗੰਦਲਾਂ, ਸਬਜ਼ੀਆਂ ਦੀਆਂ ਕੂਲੀਆਂ ਹਰੀਆਂ ਡੰਡੀਆਂ, ਸਰੋਂ ਦੇ ਸਾਗ ਦੀਆਂ ਗੰਦਲਾਂ

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥

—ਸਲੋ ਫਰ, ੩੭ : ੧ (1379)

ਗਰੀ

ਖੋਪਾ, ਨਾਰੀਏਲ ਦਾ ਮਗਜ਼, ਨਰੇਲ। ਇਸ ਦੀ ਤਾਸੀਰ ਗਰਮ ਹੁੰਦੀ ਹੈ ਅਤੇ ਤੇਲ ਵੀ ਕੱਢਿਆ ਜਾਂਦਾ ਹੈ। ਅੰ. Coconut ਬਨ. Cocos NuciferaL.

ਗਰੀ ਛੁਹਾਰੇ ਖਾਂਦੀਆਂ ਮਾਣਨਿ੍ ਸੇਜੜੀਆ॥

—ਆਸਾ ੧, ਅਸ ੧੧, ੩ : ੨ (417)

ਗਰੁੜਾ

ਨਰਮ, ਮੂੰਹ ਵਿਚ ਚਿਥੇ ਜਾਣ ਵਾਲੇ, ਰਿੱਧੇ ਹੋਏ ਚਾਵਲ, ਵੇਖੋ 'ਚਾਵਲ'

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ॥

—ਮਾਝ ੧, ਵਾਰ ੲਸ, ੧, ੨ : ੧ (142)

ਗਰੁੜਾ ਖਾਣਾ ਦੁਧ ਸਿਉ ਗਾਡਿ॥

—ਬਸੰ ੧, ੩, ੧ : ੪ (1169)

ਗਾਂਡੋ

ਗੰਨਾ, ਜਿਸ ਦੇ ਗੰਢਾਂ/ਪੋਰੀਆਂ ਹੋਣ, ਵੇਖੋ 'ਕਮਾਦ'

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥

—ਸਲੋ ਕਬ, ੧੨ : ੧ (1368)

ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ॥

—ਗਉ ੪, ੫੬, ੨ : ੨ (170)

ਗੁਲਾਲ

ਗੁਲੇ ਲਾਲਾ (ਲਾਲ ਫੁੱਲ) ਦਾ ਗੂੜਾ ਲਾਲ ਰੰਗ, ਪੋਸਤ ਦਾ ਫੁੱਲ, ਅੰ. Tulip Crimson, Poppy flower, ਬਨ. Papaver Somniferuml.

ਪ੍ਰੀਤਮ ਭਾਨੀ ਤਾਂ ਰੰਗਿ **ਗੁਲਾਲ**॥

—ਆਸਾ ੫, ੫੨, ੪ : ੧ (384)

ਚੀਤਿ ਆਵੈ ਤਾਂ ਰੰਗਿ ਗੁਲਾਲ॥

—ਭੈਰ ੫, ੨੧, ੨ : ੩ (1141)

ਲਾਲ ਦਇਆਲ **ਗੁਲਾਲ** ਲਾਡਿਲੇ ਸਹਜਿ ਸਹਜਿ ਗੁਨ ਗਾਇਓ॥

—ਸਾਹ ੫, ੫੩, ੧* : ੨ (1214)

ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ **ਗੁਲਾਲ** ਰੰਗਾਰੈ॥

—ਕਾਨ ੫, ੨੦, ੨ : ੧ (1302)

ਲਾਲ ਨਿਹਾਲੀ ਫੂਲ **ਗੁਲਾਲਾ**॥

—ਗਉ ੧, ੧੦, ੨ : ੨ (225)

ਥੀਵਹਿ ਲਾਲਾ ਅਤਿ **ਗੁਲਾਲਾ** ਸਬਦੁ ਚੀਨਿ ਗੁਰ ਮੀਠਾ॥

—ਸੂਹੀ ੫, ਛੰਤ ੧, ੧ : ੪ (777)

ਕਵਨ ਰੰਗਿ ਤੂੰ ਭਈ **ਗੁਲਾਲੀ**॥

—ਆਸਾ ੫, ੫੨, ੧* : ੨ (384)

ਲਾਲ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥

—ਸਿਰੀ ੧, ੧੨, ੧ : ੨ (18)

ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ॥

—ਸਿਰੀ ੪, ਵਾਰ ੭ : ੩ (85)

ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ **ਗੁਲਾਲੁ**॥

—ਮਾਰੂ ੫, ਵਾਰ ੧੦ਸ, ੫, ੩ : ੧ (1097)

ਘਾਸ

ਤ੍ਰਿਣ, ਘਾਹ, ਕੱਖ, ਘਾਹ ਫੂਸ, ਘਾਸ ਦਾ ਪੂਲਾ, ਪੱਠਾ

ਅੰ. Grass.

ਇਹੁ ਤਨੁ ਐਸਾ ਜੈਸੇ **ਘਾਸ** ਕੀ ਟਾਟੀ॥

—ਸੂਹੀ ਰਵਿ ੩, ੧ : ੧ (794)

ਕੇਸ ਜਲੈ ਜੈਸੇ **ਘਾਸ** ਕਾ ਪੂਲਾ॥

—ਗੋਂਡ ਕਬ ੨, ੨ : ੨ (870)

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥

—ਮਾਝ ੧, ਵਾਰ ੧੨ਸ, ੧੧ : ੬ (143)

ਜਲਿ ਗਇਓ ਘਾਸੁ ਰਲਿ ਗਇਓ ਮਾਈ॥

—ਸੂਹੀ ਰਵਿ, ੨, ੧ : ੨ (794)

ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ॥

—ਮਾਰੂ ੫, ਸੋਲਾ ੨੦, ੫ : ੩ (1081)

ਜੇ ਤਖਤਿ ਬੈਸਾਲਹਿ ਤਉ ਦਾਸ ਤੁਮਾਰੇ ਘਾਸੁ ਬਢਾਵਹਿ ਕੇਤਕ ਬੋਲਾ॥

—ਸਾਰ ੫, ੩੬, ੨ : ੧ (1211)

ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ॥

—ਸਲੋ ਕਬ, ੩੮ : ੨ (1366)

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ॥

—ਸਲੋ ਕਬ, ੩੬ : ੨ (1366)

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥

—ਮਾਰ ੧, ਵਾਰ ੧੪ਸ, ੧, ੧ : ੧ (144)

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥

—ਮਾਝ ੧, ਵਾਰ ੧੪ ਸ, ੧, ੧ : ੨ (144)

ਵੂਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ॥

—੨੬ ਸ, ੧, ੧, ੨ : ੧ (150)

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥

—ਆਸਾ ੧, ਵਾਰ ੧੬ : ੪ (472)

ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ॥

—ਰਾਮ ੩, ਵਾਰ ੧੨ ਸ, ੧, ੧ : ੪ (952)

ਚੰਦਨ

(ਸੰ. ਚੰਦਨ), ਚੰਦਨ ਦਾ ਬ੍ਰਿਛ, ਜਿਸ ਦੀ ਸੁਗੰਧਤ ਨਾਲ ਭਿੰਨੀ ਭਿਨੀ ਖੁਸ਼ਬੋਈ ਆਉਂਦੀ ਹੈ. ਇਕ ਖੁਸ਼ਬੂਦਾਰ ਲਕੜੀ ਦਾ ਦਰੱਖਤ, ਅੰ. Sandal wood. Santalum albumL. ਇਸ ਦੀ ਲਕੜੀ ਵਿਚੋਂ ਸੁਗੰਧਿਤ ਤੇਲ ਨਿਕਲਦਾ ਹੈ ਜੋ ਕਈ ਪ੍ਰਕਾਰ ਦੇ ਇਤਰ ਬਣਾਉਣ ਵਿਚ ਕੰਮ ਆਉਂਦਾ ਹੈ।

ਚੋਆ ਚੰਦਨ ਦੇਹ ਫੂਲਿਆ॥

—ਗਉ ੫, ੧੩੯*, ੩ : ੧ (210)

ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ॥

—ਗਉ ੫, ੧੫੨*, ੩ : ੧ (213)

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥

—ਆਸਾ ਰਵਿ, ੩, ੧ : ੧ (486)

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ **ਚੰਦਨਹ**॥

—ਸਸ ੫, ੩੯ : ੧ (1257)

ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੁਇ **ਚੰਦਨਾ** ਸੁਬਾਸੁ ਜਾਸੁ ਸਿਮਰਤ ਅਨ ਤਰ॥

—ਸਵ ੪, ਨਲ ੩ : ੪ (1399)

ਕਸਤੂਰਿ ਕੁੰਗੂ ਅਗਰਿ **ਚੰਦਨਿ** ਲੀਪਿ ਆਵੈ ਚਾਉ॥

—ਸਿਰੀ ੧, ੧, ੧ : ੨ (14)

ਕਬ **ਚੰਦਨਿ** ਕਬ ਅਕਿ ਡਾਲਿ ਕਬ ਉਚੀ ਪਰੀਤਿ॥

—ਮਾਝ ੧, ਵਾਰ ੨੧ਸ, ੧, ੨ : ੨ (148)

ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ॥

—ਸਿਰੀ ੧, ੧੩, ੪ : ੧ (19)

ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ **ਚੰਦਨੁ** ਹੁਈਆ॥

—ਬਿਲਾ ੪, ਅਸ ੨, ੨ : ੧ (834)

ਸੋ ਤਰਵਰੁ **ਚੰਦਨੁ** ਹੋਇ ਨਿਬਰਿਓ॥

—ਭੈਰ ਕਬ, ੫, ੨ : ੨ (1158)

ਕਬੀਰ ਪਾਰਸ **ਚੰਦਨੈ** ਤਿਨ੍ ਹੈ ਏਕ ਸੁਗੰਧ॥

—ਸਲੋ ਕਬ, ੭੭ : ੧ (1368)

ਨਾਮੁ ਤੇਰਾ ਅੰਭੁਲਾ ਨਾਮੁ ਤੇਰੋ **ਚੰਦਨੋ** ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥

—ਧਨਾ ਰਵਿ, ੩, ੧ : ੨ (694)

ਕੁੰਗੂ **ਚੰਨਣੁ** ਫੁਲ ਚੜਾਏ॥

—ਸਾਰ ੪, ਵਾਰ ੯ਸ, ੧, ੧ : ੩ (1240)

ਚਨਨ

ਚਣੇ, ਛੋਲੇ, ਅੰ. Gram beans, Chickpea, ਬਨ. Cicer arietinum L.

ਜਿਉ ਕਪਿ ਕੇ ਕਰ ਮੁਸਟਿ **ਚਨਨ** ਕੀ ਲੁਬਧਿ ਨ ਤਿਆਗੁ ਦਇਓ॥

—ਗਉ ਕਬ, ੫੯, ੧ : ੧ (336)

ਕਬਹੂ ਕੂਰਨੁ **ਚਨੇ** ਬਿਨਾਵੈ॥

—ਭੈਰ ਨਾਮ, ੫, ੧ : ੩ (1164)

ਚਾਬਨੁ

ਚਬੀਰ, ਭੁਜੇ ਹੋਏ ਦਾਣੇ, ਵੇਖੋ 'ਦਾਣਾ'

ਹਮ ਕਉ **ਚਾਬਨੁ** ਉਨ ਕਉ ਰੋਟੀ॥

—ਗੋਂਡ ਕਬ, ੬, ੩ : ੪ (871)

ਚਾਵਲ

ਚੌਲ, ਧਾਨ ਦਾ ਬੀਜ, ਮੁੰਜੀ, ਝੋਨਾ, ਤੁੰਡੁਲ, ਚਾਉਲ, ਅੰ. Rice, Paddy, ਬਨ. Oryza Sativa L. ਇਹ ਪ੍ਰਸਿੱਧ ਅਨਾਜ ਜੋ ਆਮ ਤੌਰ ਤੇ ਸਫੈਦ ਰੰਗ ਦਾ ਹੁੰਦਾ ਹੈ ਜਿਸ ਦੀ ਉਤਪੱਤੀ ਦੱਖਣ-ਪੂਰਬ ਏਸ਼ੀਆ ਮੰਨੀ ਜਾਂਦੀ ਹੈ। ਮੁੱਢ ਤੋਂ ਚਾਉਲ ਬੀਜਣ ਦੀ ਕ੍ਰਿਆ ਧਾਰਮਿਕ ਨੁਕਤੇ-ਨਿਗਾਹ ਤੋਂ ਕੀਤੀ ਜਾਂਦੀ ਸੀ। ਸੰਸਾਰ ਦੇ 50 ਫ਼ੀਸਦੀ ਲੋਕ ਇਸੇ ਅਨਾਜ ਤੇ ਨਿਰਭਰ ਹਨ। ਵੈਦਕ ਸਾਹਿਤ ਵਿਚ ਜੰਗਲੀ ਚਾਵਲਾਂ 'ਨੀਵਾਰਾ' ਅਤੇ ਅਥਾਰ ਵੈਦਾਂ ਵਿਚ 'ਵੀਰਹੀ' ਦਾ ਜ਼ਿਕਰ ਹੈ।

ਕਬੀਰ ਚਾਵਲ ਕਾਰਣੇ ਤੁਖ ਕਉ ਮੁਹਾਲੀ ਲਾਇ ॥

—ਰਾਮ ੫, ਵਾਰ ੨੦ਸ, ੫, ੨ : ੧ (965)

ਜਤੁ ਸਤੁ ਚਾਵਲ ਦਇਆ ਕਵਨ ਕਰਿ ਪ੍ਰਾਪਤਿ ਪਾਤੀ ਧਾਨੁ ॥

—ਪ੍ਰਭਾ ੧, ੭, ੩ : ੧ (1329)

ਛੁਹਾਰੇ

ਸੁਕੀ ਹੋਈ ਅਰਬੀ ਖਜੂਰ, ਖਜੂਰ ਦਾ ਫਲ, ਖੁਰਮਾ ਅੰ. Dried date, Palm, ਬਨ. Phoenix dactylifera L. ਖਜੂਰ ਦਾ ਮੁੱਢ ਚੀਨ ਮੰਨਿਆ ਜਾਂਦਾ ਹੈ। ਇਹ 4000 ਵਰ੍ਹੇ ਤੋਂ ਉਗਾਈ ਜਾਂਦੀ ਹੈ। ਇਕ ਪੌਦੇ ਤੇ 1000 ਖਜੂਰ ਲਗਦੇ ਹਨ। ਪੱਤੇ ਪਤਲੇ, ਗੂੜ੍ਹੇ ਸਬਜ਼ ਘੰਟੀ ਵਰਗੇ ਦਿੱਸਦੇ ਹਨ। ਬ੍ਰਿਛ 33 ਫੁੱਟ ਉੱਚਾ ਹੁੰਦਾ ਹੈ। ਖਜੂਰ ਨੂੰ ਸੁਕਾ ਕੇ ਖੰਡ ਦੀ ਮਾਤਰਾ 50 ਫੀਸਦੀ ਰਹਿ ਜਾਂਦੀ ਹੈ।

ਗਰੀ ਛੁਹਾਰੇ ਖਾਂਦੀਆਂ ਮਾਣਨਿ੍ ਸੇਜੜੀਆਂ ॥

—ਆਸਾ ੧, ਅਸ ੧੧, ੩ : ੨ (417)

ਜਉ

ਜੌਂ, ਅੰ. Barley, ਬਨ. Hordeum Vulgare L.

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥

—ਸਲੋ ਕਬ, ੯੯ : ੧ (1369)

ਜੰਗਲ

ਵਣ, ਰੋਹੀ, ਵੇਖੋ 'ਬਨ'

ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਰੋ ॥

—ਟੋਡੀ ਨਾਮ, ੩, ੩ : ੧ (718)

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥

—ਸਲੋ ਫਰ, ੧੦੧ : ੧ (1383)

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲ ॥

—ਆਸਾ ੧, ਅਸ ੧੭, ੧ : ੧ (420)

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

—ਸਲੋ ਫਰ, ੧੯ : ੨ (1378)

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

—ਸਲੋ ਫਰ, ੧੯ : ੧ (1378)

ਜੜ

ਮੂਲ, ਬੂਟੇ ਦਾ ਉਹ ਭਾਗ ਜੋ ਧਰਤੀ ਵਿਚ ਹੁੰਦਾ ਹੈ ਅਤੇ ਬੂਟੇ ਲਈ ਪਾਣੀ ਤੇ ਖੁਰਾਕੀ ਤੱਤ ਜ਼ਮੀਨ ਵਿਚੋਂ ਲੈਂਦਾ ਹੈ। ਅੰ. Root.

ਦੁਲਭ ਦੇਹ ਖੋਈ ਅਗਿਆਨੀ **ਜੜ** ਅਪੁਣੀ ਆਪਿ ਉਪਾੜੀ ਜੀਉ॥

—ਮਾਝ ੫, ੩੭, ੩ : ੩ (105)

ਜਿਨਸਿ

ਅਨਾਜ, ਰਸਦ, ਵੇਖੋ 'ਦਾਣੇ'

ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ॥

—ਸਾਰ ੪, ਵਾਰ ੨ਸ, ੨ : ੧ (1238)

ਝਾਰਿ

ਕੰਡੇਦਾਰ ਝਾੜੀ

ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ **ਝਾਰਿ**॥

—ਰਾਮ ਕਬ, ੧੨, ੧ : ੧ (972)

ਠਗਉਰੀ

ਠਗ ਬੂਟੀ ਜਿਸ ਨਾਲ ਬੇਹੋਸ਼ ਕਰ ਠਗ ਠਗਦੇ ਹਨ, ਇਕ ਨਸ਼ੀਲੀ ਬੂਟੀ, ਭੰਗ ਦਾ ਬੂਟਾ ਜਾਂ ਧਤੂਰਾ

ਪ੍ਰੇਮ **ਠਗਉਰੀ** ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ॥

—ਸਿਰੀ ੫, ਛੰਤ ੩, ੪ : ੧ (81)

ਮਾਨੁ ਤਿਆਗਿ ਕਰਿ ਭਗਤਿ **ਠਗਉਰੀ** ਮੋਹਹ ਸਾਧੂ ਮੰਤੈ॥

—ਗਉ ੫, ਛੰਤ ੪, ੧ : ੨ (249)

ਮੋਹ **ਠਗਉਲੀ** ਹਉ ਮੁਈ ਸਾ ਵਰਤੈ ਸੰਸਾਰਿ॥

—ਸਿਰੀ ੧, ਅਸ ੧੩, ੧ : ੩ (61)

ਪਾਇ **ਠਗਉਲੀ** ਸਭੁ ਜਗੁ ਜੋਹਿਆ॥

—ਆਸਾ ੫, ੯੬, ੨ : ੧ (394)

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ **ਠਗਉਲੀ** ਪਾਈਆ॥

—ਰਾਮ ੩, ਅਨੰ ੧੦ : ੪ (918)

ਭੂਲੋ ਰੇ **ਠਗਮੂਰੀ** ਖਾਹਿ॥

—ਸਾਰ ਨਾਮ, ੧ : ੧* : ੨ (1252)

ਆਇਓ ਲਾਭੁ ਲਾਭਨ ਕੈ ਤਾਈ ਮੋਹਨਿ **ਠਾਗਉਰੀ** ਸਿਉ ਉਲਝਿ ਪਹਾ॥

—ਸਾਰ ੫, ੪, ੨ : ੧ (1203)

ਡਾਲ

ਡਾਲੀਆਂ, ਟਾਹਣੀਆਂ, ਸ਼ਾਖਾਂ,

ਪੇਡੁ ਕਟਿਆ ਤਿਸੁ **ਡਾਲ** ਸੁਕੰਦੇ॥

—ਗਉ ੪, ਵਾਰ ੧੨ : ੧੦ (306)

ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪ੍ਰਤ ਤਤੁ **ਡਾਲਾ**॥

—ਗੂਜ ੧, ਅਸ ੧, ੩ : ੧ (503)

ਕਬ ਚੰਦਨਿ ਕਬ ਅਕਿ **ਡਾਲਿ** ਕਬ ਉਚੀ ਧਰੀਤਿ॥

—ਮਾਝ ੧, ਵਾਰ ੨੧ਸ, ੧, ੨ : ੨ (148)

ਡਾਲੀ ਲਾਗੈ ਨਿਹਫਲੁ ਜਾਇ॥

—ਆਸਾ ੩, ੪੪, ੨ : ੧ (362)

ਢਾਕ

ਢੱਕ, ਇਕ ਪ੍ਰਕਾਰ ਦੀ ਲਕੜੀ ਦਾ ਬਿਰਛ, ਅੰ. Butea Tree ਬਨ. Butea frondosa L.; Butea monosperma L.

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ **ਢਾਕ** ਪਲਾਸ॥

—ਸਲੋ ਕਬ, ੧੧ : ੧ (1365)

ਜਿਹ ਕੁਨ ਦਾਸੁ ਨ ਊਪਜੈ ਸੋ ਕੁਲ **ਢਾਕੁ** ਪਲਾਸੁ॥

—ਸਲੋ ਕਬ, ੧੧੧ : ੨ (1370)

ਤੰਬੋਰ

ਵੇਖੋ 'ਤੰਬੋਲ'

ਹਾਥਿ ਤ ਡੋਰ ਮੁਖਿ ਖਾਇਓ **ਤੰਬੋਰ**॥

—ਗਉ ਕਬ, ੧੬, ੩ : ੧ (326)

ਭਉ ਸੀਗਾਰੁ **ਤਬੋਲ** ਰਸੁ ਭੋਜਨੁ ਭਾਉ ਕਰੇਇ॥

—ਸੂਹੀ ੩, ਵਾਰ ੯ਸ, ੩, ੧ : ੫ (788)

ਤੰਬੋਲ

(ਸੰ. ਤਤਾਂਬੂਲ), (ਫਾਂ. ਤਾਂਬੋਲ), ਪਾਨ ਦਾ ਬੀੜਾ, ਤਮੋਜ, ਤਾਂਬਕੂ, ਨਾਗ ਬੇਲਿ ਦਾ ਪੱਤਾ, ਕਈ ਇਸ ਦੇ ਪੱਤੇ 'ਚ ਚੂਨਾ, ਕੱਥਾ ਆਦਿ ਲਾ ਕੇ ਖਾਂਦੇ ਹਨ। ਅੰ. Betal-leaf ਬਨ. Piper betle L.

ਸ੍ਰਬ ਸੀਗਾਰ **ਤੰਬੋਲ** ਰਸ ਸਣੁ ਦੇਹੀ ਸਭ ਖਾਮ॥

—ਮਾਝ ੫, ਬਾਰਾ ੧ : ੭ (133)

ਕਾਜਲ ਫੂਲ **ਤੰਬੋਲ** ਰਸੁ ਲੇ ਧਨ ਕੀਆ ਸੀਗਾਰ॥

—ਸੂਹੀ ੩, ਵਾਰ ੯ਸ, ੩, ੨ : ੧ (788)

ਦੂਜਾ ਭਾਉ ਵਿਸਾਰੀਐ ਏਹੁ **ਤੰਬੋਲਾ** ਖਾਇ ਰੀ॥

—ਆਸਾ ੫, ੧੧੯, ੨ : ੨ (400)

ਤੰਬੋਲੀ

(ਸੰ. ਤਾਂਬੁਲਿਨ) ਪਾਨ ਵੇਚਣ ਵਾਲੀ, ਪਾਨ ਦਾ ਬੀੜਾ ਬਣਾਨ ਵਾਲੀ, ਵੇਖੋ 'ਤੰਬੋਲ'

ਕਹਾ ਸੁ ਪਾਨ **ਤੰਬੋਲੀ** ਹਰਮਾ ਹੋਇਆ ਛਾਈ ਮਾਈ॥

—ਆਸਾ ੧, ੧੨, ੨ : ੩ (417)

ਚਿਤਿ ਚਿਤਵਉ ਜੈਸੇ ਪਾਨ **ਤੰਬੋਲੀ**॥

—ਬਿਲਾ ੫, ੮੯, ੧ : ੨ (822)

ਅੰਮ੍ਰਿਤ ਨਾਮੁ **ਤੰਬੋਲੁ** ਮੁਖਿ ਖਾਇਆ॥

—ਸੂਹੀ ੫, ੪, ੨ : ੨ (737)

ਕਾਜਲੁ ਹਾਰ **ਤਮੋਲ** ਰਸੁ ਬਿਨੁ ਪਸੇ ਹਭਿ ਰਸ ਛਾਰੁ॥

—ਮਾਰੂ ੫, ਵਾਰ ੧ਸ, ੫, ੩ : ੨ (1094)

ਤਰ

(ਸੰ. ਤਰ) ਰੁਖ, ਬ੍ਰਿਛ, ਦਰਖਤ

ਗਿਰਿ **ਤਰ** ਧਰਣਿ ਗਗਨ ਅਰੁ ਤਾਰੇ॥

—ਗਉ ੫, ਅਸ ੪, ੩ : ੧ (237)

ਗਿਰਿ **ਤਰ** ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ॥

—ਮਲਾ ੫, ੨੫, ੨ : ੧ (1272)

ਤਰਵਰ

(ਸੰ. ਧਰਵਰ) ਵਧੀਆ ਰੁੱਖ, ਬਿਰਛ, ਦਰਖਤ, ਰੁੱਖ, ਅੰ. Tree

ਤਰਵਰ ਪੰਖੀ ਬਹੁ ਨਿਸਿ ਬਾਸੁ॥

—ਗਉ ੧, ੬, ੩ : ੧ (152)

ਗ੍ਰਿਹਿ ਮੰਦਰ ਸੰਪੈ ਜੋ ਦੀਸੈ ਜਿਉ **ਤਰਵਰ** ਕੀ ਛਾਏ॥

—ਗਉ ੫, ੧੫੨, ੧ : ੨ (212)

ਤਰਵਰ ਵਿਛੁੰਨੇ ਨਾ ਪਾਤ ਜੁੜਤੇ ਜਗ ਮਗਿ ਗਉਨੁ ਇਕੇਲੀ॥

—ਬਿਹਾ ੫, ਛੰਤ ੭, ੧ : ੫ (546)

ਪਸੂ ਪੰਖੀ ਸੈਲ **ਤਰਵਰ** ਗਵਤ ਕਛੂ ਨ ਆਵਏ॥

—ਜੈਤ ੫, ਛੰਤ ੩, ੨ : ੨ (705)

ਤਰਵਰ ਫੂਲੇ ਬਨ ਹਰੇ॥

—ਬਸੰ ੧, ਅਸ ੭, ੧ : ੨ (1190)

ਕਬੀਰ **ਤਰਵਰ** ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥

—ਸਲੋ ਕਬ, ੨੨੮ : ੧ (1376)

ਜਲ ਕੀ ਮਛੁਲੀ ਤਰਵਰਿ ਬਿਆਈ ॥

—ਆਸਾ ਕਬ, ੨੨, ੨ : ੧ (481)

ਜੈਸੇ ਤਰਵਰਿ ਪੰਖਿ ਬਸੇਰਾ ॥

—ਸੋਰ ਰਵਿ, ੬, ੧* : ੨ (659)

ਤੂੰ ਤਰਵਰੁ ਹਉ ਪੰਖੀ ਆਹਿ ॥

—ਗਉ ਕਬ, ੨, ੩ : ੧ (323)

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥

—ਬਿਹਾ ੪, ਵਾਰ ੬ਸ, ੩, ੨ : ੧ (550)

ਤਰਵਰੁ ਕਾਇਆ ਪੰਖਿ ਮਨੁ ਤਰ ਵਰਿ ਪੰਖੀ ਪੰਚ ॥

—ਰਾਮ ੧, ਓਅੰ ੨੩ : ੧ (934)

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਮ ਪਤ੍ਰ ਰਸ ਭਰੀਆ ॥

—ਰਾਮ ਕਬ, ੬, ੧ : ੧ (970)

ਆਪੇ ਭਵਰੁ ਫੁਲੁ ਫਲੁ ਤਰਵਰੁ ॥

—ਮਾਰੂ ੧, ਸੋਲਾ ੧, ੬ : ੧ (1020)

ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਬਿਰੰਗੁ ॥

—ਮਾਰੂ ੩, ਵਾਰ ੮ਸ, ੩, ੨ : ੨ (1089)

ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥

—ਭੈਰ ਕਬ, ੫, ੨ : ੧, ੨ (1158)

ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥

—ਸਲੋ ਕਬ, ੨੩੦ : ੧ (1376)

ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥

—ਸਵ ੪, ਨਲ ੫ : ੨ (1399)

ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥

—ਕਲਿ ੪, ਅਸ ੪, ੧ : ੧ (1325)

ਤੂੰ ਵਡ ਪੁਰਖੁ ਅੰਗਮ ਤਰੋਵਰ ਹਮ ਪੰਖੀ ਤੁਝ ਮਾਹੀ ॥

—ਗੂਜ ੧, ਅਸ ੪, ੮ : ੧ (505)

ਤਾਰਿ

(ਫਾ. ਤਾਰ) ਤਾੜ, ਇਕ ਰੁੱਖ ਜਿਸ ਤੋਂ ਨਸ਼ੀਲਾ ਪਦਾਰਥ ਨਿਕਲਦਾ ਹੈ। ਖਜੂਰ ਦੀ ਜਾਤੀ ਦਾ ਇਕ ਰੁਖ ਜਿਸ ਦੇ ਰਸ ਨੂੰ ਤਾੜੀ ਕਹਿੰਦੇ ਹਨ, ਤਾਲ ਅੰ. Palm Tree, Palmyra tree, toddy tree ਬਨ. Borassus flabellifera L. (Sabal Palmetta L.).

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥

—ਮਲਾ ਰਵਿ, ੧, ੨ : ੧ (1283)

ਤਿਣਿ

ਘਾਹ, ਵੇਖੋ 'ਘਾਸ'

ਇਹੁ ਹਰਿ ਰਸੁ ਵਣਿ **ਤਿਣਿ** ਸਭਤੁ ਹੈ ਭਾਗਹੀਣ ਨਹੀ ਖਾਇ॥

—ਸਿਰੀ ੪, ੬੯, ੩ : ੧ (41)

ਗੁਰਿ ਵਣੁ **ਤਿਣੁ** ਹਰਿਆ ਕੀਤਿਆ ਨਾਨਕ ਕਿਆ ਮਨੁਖ॥

—ਰਾਮ ੫, ਵਾਰ ੩ਸ, ੫, ੨ : ੩ (958)

ਪੀਛੈ **ਤਿਨਕਾ** ਲੈ ਕਰਿ ਹਾਂਕਤੀ॥

—ਬਸੰ ਨਾਮ, ੩, ੧ : ੨ (1196)

ਤਿਲ

ਤਿਲ ਦਾ ਬੀਜ, ਇਕ ਨਿੱਕਾ ਜਿਹਾ ਬੀਜ ਜਿਸ ਦਾ ਤੇਲ ਕੱਢਿਆ ਜਾਂਦਾ ਹੈ। ਤਾਸੀਰ ਗਰਮ ਹੁੰਦੀ ਹੈ। ਅੰ. Sesame ਬਨ. Sesamum Indicum L. ਤਿਲ, ਅਫਰੀਕਾ ਦਾ ਪ੍ਰਮੁੱਖ ਕੇਂਦਰੀ ਮੁੱਢ ਮੰਨਿਆ ਜਾਂਦਾ ਹੈ, ਇਸ ਦੀਆਂ ਵਧੀਕ ਜੰਗਲੀ ਕਿਸਮਾਂ ਕਾਰਨ ਭਾਰਤ ਅਤੇ ਜਾਪਾਨ ਵੀ ਪ੍ਰਮੁੱਖ ਮੰਨੇ ਜਾਂਦੇ ਹਨ।

ਅਜਰਾਈਲੁ ਫਰੇਸਤਾ **ਤਿਲ** ਪੀੜੇ ਘਾਣੀ॥

—ਗਉ ੪, ਵਾਰ ੨੭ : ੫ (315)

ਛੁਟੇ **ਤਿਲ** ਬੂਆੜ ਜਿਉ ਸੁੰਞੇ ਅੰਦਰਿ ਖੇਤ॥

—ਆਸਾ ੧, ਵਾਰ ੧ਸ, ੧, ੩ : ੨ (463)

ਲੇਖਾ ਧਰਮ ਭਇਆ **ਤਿਲ** ਪੀੜੇ ਘਾਣੀ ਰਾਮ॥

—ਬਿਹਾ ੫, ਛੰਤ ੭, ੨ : ੨ (546)

ਕਰਣ ਕਰੀਮ ਨ ਜਾਤੋ ਕਰਤਾ **ਤਿਲ** ਪੀੜੇ ਜਿਉ ਘਾਣੀਆ॥

—ਮਾਰੂ ੫, ਅਸ ੮, ੩ : ੩ (1020)

ਲੇਖਾ ਲੀਜੈ **ਤਿਲ** ਜਿਉ ਪੀੜੀ॥

—ਮਾਰੂ ੧, ਸੋਲਾ ੮, ੧੦ : ੨ (1028)

ਆਗੈ ਜਮਕਾਲੁ ਲੇਖਾ ਲੇਵੈ ਜਿਉ **ਤਿਲ** ਘਾਣੀ ਪੀੜਾਇਦਾ॥

—ਮਾਰੂ ੩, ਸਲੋ ੧੯, ੯ : ੩ (1063)

ਫਰੀਦਾ ਜੇ ਜਾਣਾ **ਤਿਲ** ਥੋੜੜੇ ਸੰਮਲਿ ਬੁਕੁ ਭਰੀ॥

—ਸਲੋ ਫਰ, ੪ : ੧ (1378)

ਤਿਲਤ

ਤਿਲਾਂ ਦਾ ਰਸ, ਤੇਲ, ਵੇਖੋ 'ਤਿਲ'

ਬੁਝਤ ਦੀਪਕ ਮਿਲਤ **ਤਿਲਤ**॥

—ਮਾਲੀ ੫, ੩, ੧ : ੨ (987)

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ **ਤਿਲਾਹ**॥

—ਸਲੋ ਫਰ, ੪੯ : ੧ (1380)

ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥

—ਸਿਰੀ ੧, ਅਸ ੧, ੨ : ੨ (53)

ਛੁਟੇ ਤਿਲੁ ਬੁਆੜ ਜਿਉ ਸੁੰਞੇ ਅੰਦਰਿ ਖੇਤ॥

—ਆਸਾ ੧, ਵਾਰ ੧੫, ੧, ੩ : ੨ (463)

ਤੁਮਾ

ਤਰਬੂਜ਼ ਵਰਗੀ ਜੰਗਲੀ ਵੇਲ ਪਰ ਵਿਚੋਂ ਕੌੜਾ ਫਲ, ਕੌੜ ਤੁੰਮਾ, ਕਈ ਰੋਗ ਜਿਵੇਂ ਬਾਦੀ ਆਦਿ ਦੂਰ ਕਰਦਾ ਹੈ। ਅੰ. Colocynth, ਬਨ. L. Leucontha.

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥

—ਮਾਝ ੧, ਵਾਰ ੨੧ਸ, ੧, ੧ : ੧ (147)

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥

—ਮਾਝ ੫, ਵਾਰ ੨੦ਸ, ੫, ੨ : ੧ (708)

ਤੁਰਸੀ

ਇੱਕ ਪੌਦਾ, ਵੇਖੋ 'ਤੁਲਸੀ'

ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਊਂ ਰੇ॥

—ਕਉ ਕਬ, ੬੬, ੧ : ੧ (338)

ਤੁਲਸੀ

ਇਕ ਸੁਗੰਧੀ ਵਾਲਾ ਪੌਦਾ ਜਿਸ ਦੇ ਪੱਤੇ ਦੁਆਈ ਵਜੋਂ ਵੀ ਵਰਤੇ ਜਾਂਦੇ ਹਨ ਤੇ ਪਵਿੱਤਰ ਵੀ ਸਮਝੇ ਜਾਂਦੇ ਹਨ। ਅੰ. An aromatic plant, Holy Basil plant ਬਨ. Ocimum SanctumL.

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ।

—ਰਾਮ ਨਾਮ, ੩, ੩ : ੧ (973)

ਤੂੰਬਰੀ

ਤੂੰਬੜੀ, ਕੱਦੂ, ਅੰ: Pumpkin. ਤੂੰਬੀ, ਵੇਖੋ 'ਤੁਮਾ'

ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰਬਰੀ ਅਬਧ॥

—ਸਲੋ ਕਬ, ੨੦੨ : ੧ (1375)

ਜਿਨ੍ਹਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ॥

—ਸਲੋ ੩, ੬ : ੩ (1413)

ਤੂੰਬਾ

ਤੂੰਬਾ ਕਦੂ ਜਾਤ ਦਾ ਇਕ ਫਲ ਜੋ ਸਬਜ਼ੀ ਲਈ ਵਰਤਿਆ ਜਾਂਦਾ ਹੈ ਜਿਸ ਤੋਂ ਕਈ ਤਰ੍ਹਾਂ ਦੇ ਤਾਰਦਾਰ ਸਾਜ਼ ਬਣਦੇ ਹਨ, ਵੇਖੋ 'ਤੁਮਾ'

ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ॥

—ਗਉ ਕਬ, ੫੩, ੩ : ੧ (334)

ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ॥

—ਆਸਾ ੫, ੧੨੭, ੨ : ੧ (403)

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥

—ਸੂਹੀ ੩, ਵਾਰ ੧੫, ੧, ੨ : ੩ (789)

ਤੇਲ

(ਸੰ. ਤੈਲਮ), ਤਿਲਾਂ ਦਾ ਤੇਲ, ਕਿਉਂਕਿ ਸਭ ਤੋਂ ਪਹਿਲਾਂ ਤਿਲਾਂ ਤੋਂ ਤੇਲ ਕੱਢਿਆ ਮੰਨਿਆ ਜਾਂਦਾ ਹੈ, ਇਸ ਲਈ ਇਸ ਦਾ ਨਾਂ 'ਤੇਲ' ਪੈ ਗਿਆ। ਸਰ੍ਹੋਂ ਦਾ ਤੇਲ ਵੀ ਹੁੰਦਾ ਹੈ। ਵੇਖੋ 'ਤਿਲ'

ਬਿਨ ਤੇਲ ਦੀਵਾ ਕਿਉ ਜਲੈ॥

—ਸਿਰੀ ੧, ੩੩, ੧ : ੧ (25)

ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥

—ਆਸਾ ਕਬ, ੯, ੧ : ੨ (478)

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

—ਗਉ ੧, ਸੋਹ ੧, ੩ : ੧ (12)

ਇਹੁ ਤੇਲੁ ਦੀਵਾ ਇਉ ਜਲੈ॥

—ਸਿਰੀ ੧, ੩੩, ੨ : ੧ (25)

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲ॥

—ਗਉ ੧, ੨੦, ੩ : ੧ (157)

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥

—ਆਸਾ ੧, ੩੨, ੧ : ੧ (358)

ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ॥

—ਆਸਾ ੧, ਛੰਤ ੫, ੨ : ੪ (439)

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥

—ਆਸਾ ੧, ਵਾਰ ੨੦ਸ, ੧, ੨ : ੯ (473)

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥

—ਆਸਾ ਕਬ, ੯, ੧ : ੧ (477)

ਬਾਤੀ ਸੂਕੀ ਤੇਲੁ ਨਿਖੂਟਾ॥

—ਆਸਾ ਕਬ, ੧੧, ੧ : ੧ (478)

ਨਾਮ ਤੇਰੋ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥

—ਧਨਾ ਰਵਿ ੩, ੨ : ੧ (694)

ਤਿਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ॥

—ਟੋਡੀ ਨਾਮ, ੩, ੩ : ੧ (718)

ਸਾਦ ਕਰਿ ਸਮਾਧਾਂ ਤ੍ਰਿਸਨਾ ਘਿਉ ਤੇਲੁ॥

—ਮਲਾ ੧, ੮, ੩ : ੧ (1257)

ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ॥

—ਮਲਾ ੧, ਵਾਰ ੨੪ : ੬ (1289)

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜਾਰਾ॥

—ਪ੍ਰਭਾ ਕਬ, ੫, ੨ : ੧ (1350)

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥

—ਸਲੋ ਕਬ, ੨੪੦ : ੨ (1377)

ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥

—ਤੁਖਾ ੧, ਬਾਰਾ ੧੨ : ੩ (1109)

ਤ੍ਰਿਣ

ਘਾਹ,

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥

—ਆਸਾ ੫, ੫੧, ੨ : ੧ (384)

ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥

—ਬਿਲਾ, ੫, ੩੭, ੩ : ੧ (810)

ਦਭੁ

(ਸੰ. ਦੱਭ) ਘਾਹ ਦੀ ਇਕ ਕਿਸਮ, ਦੁੱਭ॥ਅੰ. Doob ਬਨ. Cynodon dactylon L. ਚੌੜੇ ਤੇ ਤਿੱਖੇ ਪੱਤਿਆਂ ਵਾਲਾ ਇਕ ਘਾਹ, ਜੋ ਖਲੋਤੇ ਪਾਣੀ ਵਿਚ ਵੀ ਹੁੰਦਾ ਹੈ। ਇਸ ਦੀਆਂ ਸਫ਼ਾ ਆਦਿ ਬਣਦੀਆਂ ਹਨ। ਪੱਤੇ ਛੋਟੇ ਅਤੇ ਨਰਮ ਹੁੰਦੇ ਹਨ। ਸੰਸਾਰ ਵਿਚ ਇਸ ਦੇ ਜੋ ਹੋਰ ਨਾਂ ਪ੍ਰਚਲਤ ਹਨ, ਉਹ ਪਵਿਤਰ ਘਾਹ, ਹਰਿਆਲੀ, ਬਾਗਾ ਘਾਹ, ਤਾਰਾ ਘਾਹ, ਲਾਨ ਘਾਹ, ਸ਼ਾਤਾਨੀ ਘਾਹ, ਕੱਚ ਘਾਹ ਆਦਿ। ਇਹ ਸਦਾ ਬਹਾਰ ਹੈ।

ਫ਼ਰੀਦਾ ਥੀਉ ਪਵਾਹੀ ਦਭੁ॥

—ਸਲੋ ਫਰ, ੧੬ : ੧ (1378)

ਦਰਖਤ

(ਫ਼ਾ. ਦਰਖਤ) ਬ੍ਰਿਛ, ਵੇਖੋ 'ਤਰਵਰ'

ਦਰਖਤ ਆਬ ਆਸ ਕਰ॥

—ਮਾਝ ੧, ਵਾਰ ੧੩ਸ, ੧, ੬ : ੨ (144)

ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥

—ਤਿਲੰ ੫, ੧, ੧ : ੨ (723)

ਦਾਖ

(ਸੰ. ਦ੍ਰਾਕਾ), ਸੁਕਾ ਹੋਇਆ ਅੰਗੂਰ ਅੰ. Grapes, Currant ਬਨ. Vitis Vinifera L.

ਇਸ ਦਾ ਪੌਦਾ ਸਰਦ ਅਤੇ ਅਧ-ਸਰਦ ਵਾਤਾਵਰਣ ਵਿਚ ਉਗਦਾ ਹੈ। ਏਸ਼ੀਆ ਇਸ ਦਾ ਮੁੱਢ ਮੰਨਿਆ ਜਾਂਦਾ ਹੈ। ਇਸ ਦੀ ਪੈਦਾਵਾਰ ਤੇ ਮੌਸਮ, ਜ਼ਮੀਨ ਵਾਤਾਵਰਣ ਅਤੇ ਸਿੰਜਾਈ ਢੰਗ ਦਾ ਬਹੁਤ ਅਸਰ ਹੁੰਦਾ ਹੈ।

ਫ਼ਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥

—ਸਲੋ ਫਰ, ੨੩ : ੧ (1379)

ਦਾਣਾ

(ਫ਼ਾ. ਦਾਨਹ), ਕਣ, ਭਾਵ ਅਨਾਜ, ਬੀਜ, ਅੰਨ ਆਦਿ॥

ਅੰ. Grain, Seed, Corn.

ਸਉ ਮਣੁ ਹਸਤੀ ਘਿਉ ਗੁੜੁ ਖਾਵੈ ਭੰਜਿ ਸੈ ਦਾਣਾ ਖਾਇ॥

—ਮਲਾ ੧, ਵਾਰ ੧੯ਸ, ੧, ੨ : ੧ (1286)

ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ॥

—ਸਿਰੀ ੧, ੧੩, ੨ : ੨ (19)

ਖਸਮੈ ਨਦਰੀ ਕੀੜਾ ਆਵੈ ਕੇਤੇ ਚੁਗੈ ਦਾਣੇ॥

—ਆਸਾ ੧, ੩੯, ੩ : ੨ (360)

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥

—ਬਿਲਾ ੫, ੪੪, ੨ : ੧ (811)

ਜੈਸੋ ਦਾਨੋ ਚਕੀ ਦਰਾਹਿ॥

—ਮਾਲੀ ੫, ੩, ੩ : ੪ (987)

ਦਾਲਿ

ਦਲਿਆ ਹੋਇਆ ਅੰਨ, ਇਕ ਪ੍ਰਕਾਰ ਦਾ ਅੰਨ, ਦੋਫਾੜ ਹੋਈ ਦਾਲ, ਅੰ. Pulse, Split grain. ਮੂੰਗੀ (Vigna mungo), ਮਾਂਹ-ਮਾਸ਼ (Vigna Gadiata), ਰਾਜਮਾਸ਼ (Phaseolus Vulgaris), ਕਾਲੇ-ਛੋਲੇ (Cicer arietinum), ਮਸੂਰ (Lens esculentus), ਅਰਹਰ (Cajans Cajan).

ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥

—ਆਸਾ ੧, ਵਾਰ ੧੧ਸ, ੧, ੧ : ੨ (468)

ਅਧ ਸੇਰੁ ਮਾਗਉ ਦਾਲੇ॥

—ਸੋਰ ਕਬ, ੧੧, ੨ : ੩ (656)

ਦ੍ਰੁਮ

ਦਰਖਤ, ਬ੍ਰਿਛ,

ਦ੍ਰੁਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ॥

—ਆਸ ੫, ੮੧, ੨ : ੧ (390)

ਧਤੂਰਾ

(ਸੰ. ਧਤੁੱਰ, ਧੁਸ੍ਤੂਰ) ਇਕ ਜ਼ਹਿਰੀਲਾ ਪੌਦਾ, ਨਸ਼ੀਲਾ ਪੌਦਾ।

ਇਸ ਦੇ ਵਿਸ਼ੈਲੇ ਗੋਲ ਫਲ ਕੰਡੇਦਾਰ ਹੁੰਦੇ ਹਨ। ਅੰ. Thorn-apple (Daturr), ਬਨ. Datiura metel L. ਵੈਦਸ ਧਤੂਰੇ ਨੂੰ ਦਮੇ ਆਦਿ ਕਈ ਰੋਗਾਂ ਲਈ ਵਰਤਦੇ ਹਨ। ਇਹ ਗਰਮ ਖੁਸ਼ਕ ਅਤੇ ਦਿਲ ਦਿਮਾਗ ਨੂੰ ਨੁਕਸਾਨ ਪੁਚਾਣ ਵਾਲਾ ਹੈ। ਇਹ ਇਕ ਵਰਸ਼ੀ ਪੌਦਾ ਜਿਸ ਦੇ ਫੁੱਲ ਚਿੱਟੇ ਜਾਂ ਜਾਮਣੀ ਰੰਗ ਦੇ ਹੁੰਦੇ ਹਨ।

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥

—ਮਾਝ ੧, ਵਾਰ ੨੧ਸ, ੧, ੧ : ੧ (147)

ਧਾਨਿ

ਦਾਨ ਵਿਚ ਦਿੱਤਾ, ਸ਼ਾਲਿ, ਚਾਉਲਾਂ ਦਾ ਬੂਟਾ, ਵੇਖੋ 'ਚਾਵਲ'

ਸਾਈ ਪੁਤ੍ਰੀ ਜਸਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥

—ਆਸਾ ੩, ਪਟੀ ੬ : ੨ (435)

ਧਾਨੁ ਪ੍ਰਭ ਕਾ ਖਾਨਾ॥

—ਗਉ ੫, ੧੪੯, ੧* : ੨ (212)

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥

—ਆਸਾ ੧, ਵਾਰ ੧੬ਸ, ੧, ੧ : ੨ (471)

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥

—ਆਸਾ ੧, ਵਾਰ ੧੬ਸ, ੨ : ੧੨ (472)

ਧਾਤੁਰਬਾਜੀ

ਧਤੂਰੇ ਤੋਂ ਬਣੀ ਠਗਮੂਰੀ ਜਿਸ ਦੇ ਫਲ ਗੋਲਾਕਾਰ ਕੰਡਿਆਲੇ ਹੁੰਦੇ ਹਨ। ਪੁਰਾਤਨ ਸਮੇਂ ਠਗ ਲੋਕ ਧਤੂਰੇ ਦੇ ਬੀਜ ਕਿਸੇ ਵਸਤੂ ਵਿਚ ਮਿਲਾ ਕੇ ਮੁਸਾਫ਼ਰ ਨੂੰ ਖਵਾ ਕੇ ਬੇਹੋਸ਼ ਕਰ ਦੇਂਦੇ ਅਤੇ ਉਸ ਦਾ ਧਨ-ਮਾਲ ਲੁੱਟ ਲੈਂਦੇ ਸਨ।

ਧਾਤੁਰਬਾਜੀ ਪਲਚਿ ਰਹੇ ਨ ਉਰਵਾਰੁ ਨ ਪਾਰੁ।

—ਸਿਰੀ ੩, ੩ : ੩ (29)

ਧਾਤੁਰਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿਆਈ।

—ਰਾਮ ੩, ੧੨ : ੧ (909)

ਨਾਜੁ

ਅਨਾਜ, ਦਾਣੇ, ਵੇਖੋ 'ਦਾਣਾ'

ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਡੌ ਜਾਤੁ॥

—ਸਾਰ ਕਬ, ੨, ੧ : ੨ (1251)

ਨਾਲੀਏਰ

ਨਾਰੀਅਲ, ਖੋਪਾ, ਵੇਖੋ 'ਗਰੀ'

ਨਾਲੀਏਰ ਫਲ ਸੇਬਰਿ ਪਾਕਾ ਮੂਰਖ ਮੁਗਧ ਗਵਾਰ॥

—ਰਾਮ ਕਬ, ੧੨, ੧ : ੨ (972)

ਨਿਮੁ

ਨਿੰਮ, ਨੀਮ, ਸੰਘਣੀ ਛਾਂ ਵਾਲਾ ਇਕ ਦਰੱਖਤ ਜਿਸ ਦਾ ਫਲ ਕੌੜਾ ਹੁੰਦਾ ਹੈ। ਲਕੜ ਇਮਾਰਤਾਂ ਵਿਚ ਵਰਤਦੀ ਹੈ। ਇਸ ਦੀ ਛਿੱਲ, ਫਲ, ਪੱਤੇ ਆਦਿ ਅਨੇਕ ਦਵਾਈਆਂ ਵਿਚ ਵਰਤੇ ਜਾਂਦੇ ਹਨ। ਨਿੰਮ ਦੀਆਂ ਪੰਜਾਂ ਚੀਜ਼ਾਂ ਦਾ ਇਕੱਠ ਜਿਵੇਂ ਪੱਤੇ, ਛਿੱਲ, ਫੁੱਲ, ਪਲ ਅਤੇ ਜੜ੍ਹ ਨੂੰ ਵੈਦਯਕ ਗ੍ਰੰਥਾਂ ਵਿਚ 'ਨਿੰਬ ਪੰਚਕ' ਆਖਦੇ ਹਨ ਜੋ ਲਹੂ ਅਤੇ ਕਫ ਦੇ ਵਿਕਾਰ ਨਾਸ਼ ਕਰਨ ਲਈ ਪ੍ਰਸਿੱਧ ਹੈ। ਅੰ. Margosa tree; ਬਨ. Azadirachta indica L.

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥

—ਮਾਝ ੧, ਵਾਰ ੨੧ਸ, ੧, ੧ : ੧ (147)

ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ ॥

—ਨਟ ੪, ੩, ੨ : ੨ (976)

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥

—ਸਾਰ ੪, ਵਾਰ ੧੬ : ੧ (1244)

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥

—ਗਾਥਾ ੫, ੫ : ੧ (1360)

ਨੀਬਾ

ਵੇਖੋ 'ਨੀਬੁ'

ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ ॥

—ਰਾਮ ਕਬ, ੧੨, ੧ : ੧ (972)

ਨੀਬੁ

(ਸੰ. ਨਿੰਬੂਕ) ਨੇਂਬੂ, ਨਿੰਬੂ ਅੰ. Lime, Lemon, ਬਨ. Citrus lemonum L.

ਕਾਗਜ਼ੀ ਨਿੰਬੂ ਸਭ ਤੋਂ ਉੱਤਮ ਹੈ, ਨਿੰਬੂ ਜਿਗਰ ਅਤੇ ਮੇਦੇ ਦੇ ਰੋਗ ਦੂਰ ਕਰਦਾ ਹੈ, ਭੁੱਖ ਲਾਉਂਦਾ ਹੈ, ਤ੍ਰਿਖਾ ਸਿਰਪੀੜ ਤਾਪ ਹਟਾਉਂਦਾ ਹੈ। ਸ਼ਿਕੰਜਵੀ ਗੁਣਕਾਰੀ ਹੈ, ਇਸ ਦੇ ਆਚਾਰ ਅਤੇ ਮੁਰੱਬਾ ਵੀ ਲਾਭਦਾਇਕ ਹੈ। ਇਸ ਦੇ ਦਰੱਖਤ ਦੀ ਉਚਾਈ 20 ਫੁੱਟ ਤੱਕ ਹੁੰਦੀ ਹੈ।

ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ ॥

—ਰਾਮ ਕਬ, ੧੨, ੧ : ੧ (972)

ਪਤ

ਪੱਤੇ, ਦਰਖੱਤਾਂ ਦੇ ਪੱਤੇ (Leaves)

ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰਿ ॥

—ਸਿਰੀ ੧, ੨੪, ੧ : ੨ (23)

ਪਤ ਪਰਾਪਤਿ ਛਾਣ ਘਣੀ ਚੂਕਾ ਮਨ ਅਭਿਮਾਨੁ ॥

—ਬਸੰ ੧, ੧, ੨ : ੨ (1168)

ਪਿਛੈ **ਪਤਲਿ** ਸਦਿਹੁ ਕਾਵ॥

—ਮਾਝ ੧, ਵਾਰ ੧੫, ੧, ੨ : ੧੪ (138)

ਤਿਤੁ ਸਾਖਾ ਮੂਲੁ **ਪਤੁ** ਨਹੀ ਡਾਲੀ ਸਿਰਿ ਸਭਨਾ ਪਰਧਾਨਾ॥

—ਆਸਾ ੧, ਛੰਤ ੨, ੨ : ੪ (436)

ਪਾਰਜਾਤੁ ਘਰਿ ਆਗਨਿ ਮੇਰੈ ਪੁਹਪ **ਪਤੁ** ਤਤੁ ਡਾਲਾ॥

—ਗੂਜ ੧, ਅਸ ੧, ੩ : ੧ (503)

ਪਦਮ

ਵੇਖੋ 'ਕਮਲ'

ਹਰਿ ਜਪਤ ਤੇਊ ਜਨਾ **ਪਦਮ** ਕਵਲਾਸ ਪਤਿ ਤਾਸ ਸਮਤੁਲਿ ਨਹੀ ਆਨ ਕੋਊ॥

—ਮਲਾ ਰਵਿ, ੨, ੧* : ੨ (1293)

ਬਿਮਲ ਮਝਾਰਿ ਬਸਸਿ ਨਿਰਮਲ ਜਲ **ਪਦਮਨਿ** ਜਾਵਲ ਰੇ॥

—ਮਾਰੂ ੧, ੪, ੧ : ੧ (990)

ਮਸਤਕਿ **ਪਦਮੁ** ਦੁਆਲੈ ਮਣੀ॥

—ਰਾਮ ਬੇਣੀ, ੧, ੯ : ੧ (974)

ਪਰਮਲ

ਚੰਦਨ, ਹੋਰ ਵੇਖੋ 'ਚੰਦਨਿ'

ਇਆ ਦੇਹੀ **ਪਰਮਲ** ਮਹ ਕੰਦਾ॥

—ਗਉ ਕਬ, ੧੨, ੨ : ੧ (325)

ਅਕਹੁ **ਪਰਮਲ** ਭਏ ਅੰਤਰਿ ਵਾਸਨਾ ਵਸਾਈ॥

—ਵਡ ੩, ਅਸ ੨, ੫ : ੨ (565)

ਨਾਮੁ **ਪਰਮਲੁ** ਹਿਰਦੈ ਰਹਿਆ ਸਮਾਇ॥

—ਵਡ ੩, ੭, ੩ : ੨ (560)

ਪਲਣ

ਪੱਤੇ, ਪੱਤਾ ਅੰ. Leaves

ਕਰ **ਪਲਣ** ਸਾਖਾ ਬੀਚਾਰੇ॥

—ਰਾਮ ਬੇਣੀ, ੧, ੭ : ੧ (974)

ਪਲਵੈ

ਪਤਿਆਂ ਸਹਿਤ ਭਾਵ ਹਰੀ ਭਰੀ,

ਤਤੀ ਤੋਇ ਨ **ਪਲਵੈ** ਜੇ ਜਲਿ ਟੁਬੀ ਦੇਇ॥

—ਸਲੋ ਫਰ ੬੨ : ੨ (1381)

ਪਲਾਸ

ਢੱਕ ਦਾ ਬੂਟਾ, ਇਕ ਨਿਕੰਮਾ ਰੁੱਖ, ਪਲਾਹ

ਅੰ. Tree ਬਨ. Butea frondosa L. (B. Monosperma Fiens infectorial.)

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ॥ —ਬਿਲਾ ੪, ਅਸ ੨, ੧ : ੨ (834)

ਜਿਹ ਕੁਲ ਦਾਸੁ ਨ ਊਪਜੈ ਸਾ ਕੁਲ ਢਾਕੁ ਪਲਾਸੁ॥

—ਸਲੋ ਕਬ, ੧੧੧ : ੨ (1370)

ਪਲੂ

ਫੁਲ ਦੀ ਪੰਖੜੀ, ਪੱਤੇ

ਪਲੂ ਅਨਤ ਮੂਲੁ ਬਿਚਕਾਰਿ॥

—ਰਾਮ ਬੇਣੀ, ੧, ੮ : ੨ (974)

ਪਾਂਨ

(ਫ਼ਾ. ਪਾਨ) ਤਾਂਬੋਲ, ਨਾਗਰ ਵੇਲ ਦਾ ਪੱਤਾ ਜਿਸ ਵਿਚ ਕਥਾ, ਚੂਨਾ, ਸੁਪਾਰੀ, ਇਲਾਚੀ ਆਦਿ ਪਾ ਕੇ ਖਾਂਦੇ ਹਨ। ਵੇਖੋ 'ਤੰਬੋਲ'

ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥

—ਆਸਾ ੨, ਅਸ ੧੨, ੨ : ੩ (417)

ਪਾਨ ਫੂਲ ਮੀਠੇ ਰਸ ਰੋਗ॥

—ਬਸੰ ੧, ਅਸ ੧, ੫ : ੨ (1187)

ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥

—ਸਲੋ ਕਬ, ੩੪ : ੨ (1366)

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ॥

—ਸਿਰੀ ੧, ੧੩, ੪ : ੨ (19)

ਪਿੰਡੁ

ਚਾਵਲਾਂ ਦਾ ਪਿੰਨਾ, ਚਾਵਲ ਦੇ ਆਟੇ ਦਾ ਪਿੰਨਾ, ਵੇਖੋ 'ਚਾਵਲ'

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥

—ਆਸਾ ੧, ੩੨, ੨ : ੧ (358)

ਇਕ ਲੋਕੀ ਹੋਰੁ ਛਮਿ ਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥

—ਆਸਾ ੧, ੩੨, ੪ : ੧ (358)

ਗਇਆ ਪਿੰਡੁ ਭਰਤਾ॥

—ਗੋਂਡ ਨਾਮ, ੧, ੨ : ੧ (873)

ਪੀਪ

ਪਿੱਪਲ ਦਾ ਦਰਖਤ ਬਨ. Ficus religiosa L.

ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ॥

—ਕਲਿ ੪, ਅਸ ੪, ੪ : ੨ (1325)

ਪੁਹਪ

(ਸੰ. ਪੁਸ਼ਪ) ਵੇਖੋ 'ਫੁਲ'

ਪਾਰਜਾਤੁ ਘਰਿ ਆਗਨਿ ਮੇਰੈ **ਪੁਹਪ** ਪਤ੍ਰ ਤਤੁ ਡਾਲਾ॥

—ਗੂਜ ੧, ਅਸ ੧, ੩ : ੧ (503)

ਪੁਹਪ ਮਧਿ ਜਿਉ ਬਾਸੁ ਬਸਤ੍ਰ ਹੈ ਮੁਕਰ ਮਾਹਿ ਜੈਸੇ ਛਾਈ॥

—ਧਨਾ ੯, ੧, ੧ : ੧ (684)

ਤਰਵਰੁ ਏਕੁ ਅਨੰਤ ਡਾਰ ਸਾਖਾ **ਪੁਹਪ** ਪਤ੍ਰ ਰਸ ਭਰੀਆ॥

—ਰਾਮ ਕਬ, ੬, ੧ : ੧ (970)

ਕਦਲੀ **ਪੁਹਪ** ਧੂਪ ਪਰਗਾਸ॥

—ਭੈਰ ਕਬ, ਅਸ ੧, ੪ : ੧ (1162)

ਪੂਲਾ

ਘਾਹ ਦਾ ਬੰਨਿਆ ਗਠਾ, ਮੁਠਾ,

ਕੇਸ ਜਲੇ ਜੈਸੇ ਘਾਸ ਕਾ **ਪੂਲਾ**॥

—ਗੋਂਡ ਕਬ, ੨, ੨ : ੨ (870)

ਪੇਡ

ਬੂਟਾ, ਦਰੱਖਤ

ਏਕੁ ਬਗੀਚਾ **ਪੇਡ** ਘਨ ਕਰਿਆ॥

—ਆਸਾ ੫, ੫੬, ੧ : ੧ (385)

ਡਾਲਾ ਸਿਉ **ਪੇਡਾ** ਗਟਕਾਵਹਿ॥

—ਆਸਾ ਕਬ, ੩੪, ੩ : ੨ (476)

ਤਿਸ ਕੈ **ਪੇਡਿ** ਲਗੇ ਫਲ ਫੂਲਾ॥

—ਆਸਾ ਕਬ, ੨੨, ੩ : ੨ (481)

ਤੂੰ **ਪੇਡੁ** ਸਾਖ ਤੇਰੀ ਫੂਲੀ॥

—ਮਾਝ ੫, ੨੮, ੧ : ੧ (102)

ਕਰਮ **ਪੇਡੁ** ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥

—ਬਸੰ ੧, ੧, ੨ : ੧ (1168)

ਫਸਲਿ

(ਅ. ਫ਼ਸਲ), ਖੇਤੀ, ਤਿਆਰ ਖੇਤੀ,

ਅੰ. Harvest, Crop, Seasonal produce.

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥

—ਮਲਾ ੧, ਵਾਰ ੧੯ਸ, ੧, ੧ : ੫ (1286)

ਫਲ

ਮੇਵਾ, ਦਰੱਖਤ ਦਾ ਫਲ, ਵੇਖੋ 'ਮੇਵਾ'

ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ **ਫਲ** ਪਾਹਿ॥

—ਸਿਰੀ ੩, ਅਸ ੨੦, ੨ : ੩ (66)

ਬਨਸਪਤਿ ਮਉਲੀ **ਫਲ** ਫੁਲ ਪੇਡੇ॥

—ਗਉ ੫, ੮੪, ੪ : ੧ (180)

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

—ਆਸਾ ੧, ਵਾਰ ੧੪ਸ, ੧, ੧ : ੩ (470)

ਜੋ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ **ਫਲੁ** ਲਾਗੈ ਧਾਇ॥

—ਸਿਰੀ ੩, ਅਸ ੧੯, ੪ : ੨ (65)

ਅੰਮ੍ਰਿਤ **ਫਲੁ** ਜਿਨੀ ਚਾਖਿਆ ਸਚਿ ਰਹੇ ਅਘਾਈ॥

—ਆਸਾ ੧, ਅਸ ੨੦, ੭ : ੧ (421)

ਫੁਲ

(ਸੰ. ਫਲ) ਕੁਸਮ, ਪੂਰੀ ਖਿੜੀ ਹੋਈ ਕਲੀ, ਪੁਸ਼ਪ, ਪੁਹਪ, ਕਸੁਮ, ਫੁੱਲ, ਸਮੁਨ, ਧਾ-ਖਿੜਨਾ, ਫੂਲਨਾ ਆਦਿ ਅੰ. Flower.

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ **ਫੁਲ** ਫਲ ਗਿਆਨੁ॥

—ਮਾਝ ੧, ਵਾਰ ੨੦ਸ, ੧, ੨ : ੧ (147)

ਬਨਸਪਤਿ ਮਉਲੀ ਫਲ **ਫੁਲ** ਪੇਡੇ॥

—ਗਉ ੫, ੮੪, ੪ : ੧ (180)

ਫਲ ਫਿਕੇ **ਫੁਲ** ਬਕਬਕੇ ਕੰਮਿ ਨ ਆਵਹਿ ਪਤ॥

—ਆਸਾ ੧, ਵਾਰ ੧੪ਸ, ੧, ੧ : ੩ (470)

ਧਨੁ ਜੋਬਨੁ ਅਰੁ **ਫੁਲੜਾ** ਨਾਠੀਅੜੇ ਦਿਨ ਚਾਰਿ॥

—ਸਿਰੀ ੧, ੨੪, ੧ : ੧ (23)

ਪਹਿਲੈ ਪਹਰੈ **ਫੁਲੜਾ** ਫਲੁ ਭੀ ਪਛਾ ਰਾਤਿ॥

—ਸਲੋ ਫਰ, ੧੧੨ : ੧ (1384)

ਕਿਆ ਤੂੰ ਰਤਾ ਗਿਰਸਤ ਸਿਉ ਸਭ **ਫੁਲਾ** ਦੀ ਬਾਗਾਤਿ॥

—ਸਿਰੀ ੫, ੯੨, ੨ : ੨ (50)

ਨਾਨਕ **ਫੁਲਾ** ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ॥

—ਮਾਰੂ ੫, ਵਾਰ ੪ਸ, ੫, ੩ : ੨ (1095)

ਏਨੀ **ਫੁਲੀ** ਰਉ ਕਰੇ ਅਵਰ ਕਿ ਚੁਣੀਅਹਿ ਡਾਲ॥

—ਸੂਹੀ ੩, ਵਾਰ ੧੮ਸ, ੧, ੧ : ੨ (791)

ਫੁਲੁ ਭਾਉ ਫਲੁ ਲਿਖਿਆ ਹੋਇ॥

—ਸਿਰੀ ੧, ੩੨, ੨ : ੩ (25)

ਨਾਨਕ ਗੁਰ ਸੰਤੋਖ ਰੁਕੁ ਧਰਮੁ **ਫੁਲੁ** ਫਲ ਗਿਆਨੁ॥

—ਮਾਝ ੧, ਵਾਰ ੨੦ਸ, ੧ : ੧ : ੧ (147)

ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹ ਕਾਰ ਬਾਸੁ ਜਗਿ ਦੀਜੈ॥

—ਕਲਿ ੪, ਅਸ ੪, ੫ : ੨ (1325)

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥

—ਤੁਖਾ ੧, ਬਾਰਾ ੧੧ : ੩ (1109)

ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥

—ਸੂਹੀ ੧, ਕੁਚ ੨ : ੪ (762)

ਲਾਲ ਨਿਹਾਲੀ ਫੂਲ ਗੁਲਾਲਾ॥

—ਗਉ ੧, ਅਸ ੧੦, ੨ : ੨ (225)

ਫੂਲ ਮਾਲਾ ਗਲਿ ਪਹਿਰਉਗੀ ਹਾਰੋ॥

—ਆਸਾ ੧, ੩੪, ੨ : ੧ (359)

ਫਫਾ ਬਿਨੁ ਫੂਲਹ ਫਲੁ ਹੋਈ॥

—ਗਉ ਕਬ, ਬਾਅ ੨੮ : ੧ (341)

ਤਿਸ ਕੈ ਪੇਡਿ ਲਗੇ ਫਲ ਫੂਲਾ॥

—ਆਸਾ ਕਬ, ੨੨, ੩ : ੨ (481)

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ॥

—ਆਸਾ ੧, ਛੰਤ ੫, ੨ : ੧ (439)

ਫੂਲਿ ਰਹੀ ਸਗਲੀ ਬਨਰਾਇ॥

—ਭੈਰ ਕਬ, ੧੪, ੨ : ੪ (1161)

ਨਾਮ ਤੇਰਾ ਆਧਾਰੁ ਮੇਰਾ ਜਿਉ ਫੂਲੁ ਭਾਈ ਹੈ ਨਾਰਿ॥

—ਗਉ ਕਬ, ੬੯, ੨ : ੧ (338)

ਬਗੀਚਾ

ਬਾਗ, ਵੇਖੋ 'ਬਾਗ'

ਏਕੁ ਬਗੀਚਾ ਪੇਡ ਘਨ ਕਰਿਆ॥

—ਆਸਾ ੫, ੫੬, ੧ : ੧ (385)

ਬਟਕ

ਬੋਹੜ ਦਾ ਦਰੱਖਤ, ਬਨ. Ficus bengalensis L.

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥

—ਗਉ ਕਬ, ਬਾਅ ੩ : ੨ (340)

ਬਣੁ

ਬਾਗ, ਜੰਗਲ, ਵੇਖੋ 'ਬਾਗ'

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਜਿ ਬਿਸਲਿ ਆਣਿ ਤੋਖੀਲੇ ਹਰੀ॥ —ਧਨਾ ਤ੍ਰਿਲੋ, ੧, ੫ : ੧ (695)

ਬਣਸਪਤਿ

ਬਨਾਸਪਤੀ, ਬ੍ਰਿਛ ਬੂਟੇ, ਸਬਜ਼ੀ ਆਦਿ, ਬਨਸਪਤ, ਜੰਗਲ, ਅੰ. Vegetation, Vegetable, trees and plants, herbage, All plants

ਆਪੇ ਭਾਰ ਅਠਾਰਹ **ਬਣਸਪਤਿ** ਆਪੇ ਹੀ ਫਲ ਲਾਏ॥

—ਬਿਹਾ ੪, ਵਾਰ ੧੫ : ੧ (554)

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥

—ਸਿਰੀ ੧, ਅਸ ੬, ੭ : ੨ (57)

ਭਾਤਿ ਭਾਤਿ ਬਨ ਬਨ ਅਵਗਾਹੇ॥

—ਮਾਝ ੫, ੧੨, ੨ : ੨ (98)

ਬਨਸਪਤਿ ਮਉਲੀ ਫਲ ਫੁਲੇ ਪੇਡੇ॥

—ਗਉ ੫, ੮੪, ੪ : ੧ (180)

ਬਨਸਪਤਿ ਮਉਲੀ ਚੜਿਆ ਬਸੰਤੁ॥

—ਬਸੰ ੩, ੧੪, ੧ : ੧ (1176)

ਹਰਿ ਚੰਦਉਰੀ **ਬਨ** ਹਰ ਪਾਤ ਰੇ ਇਹੈ ਤੁਹਾਰੇ ਬੀਤ॥

—ਧਨਾ ੫, ੯, ੧* : ੨ (673)

ਗ੍ਰਿਹ **ਬਨਹਿ** ਤੀਰੇ ਬਰਤ ਪੂਜਾ ਬਾਟ ਘਾਟੈ ਜੋਹਨੀ॥

—ਬਿਲਾ ੫ ਛੰਤ ੩, ੨ : ੫ (847)

ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ॥

—ਮਾਰੂ ਕਬ, ੨, ੧ : ੧ (1103)

ਬਨਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ॥

—ਸੋਰ ਕਬ, ੩, ੨ : ੧ (654)

ਬਨਖੰਡਿ ਮਾਇਆ ਮੋਹਿ ਹੈਰਾਨਾ॥

—ਆਸਾ ੧, ਅਸ ੮, ੧ : ੨ (415)

ਪੂਜਿ ਸਿਲਾ ਤੀਰਥ **ਬਨਵਾਸਾ**॥

—ਧਨਾ ੧, ਅਸ ੨, ੬ : ੧ (686)

ਤਜੈ ਗਿਰਸਤੁ ਭਇਆ **ਬਨਵਾਸੀ** ਇਕੁ ਖਿਨੁ ਮਨੂਆ ਟਿਕੈ ਨ ਟਿਕਾਈਆ॥

—ਬਿਲਾ ੪, ਅਸ ੭, ੨ : ੧ (835)

ਬਨ ਫਿਰਿ ਥਕੇ **ਬਨਵਾਸੀਆ** ਪਿਰੁ ਗੁਰਮਤਿ ਰਿਦੈ ਨਿਹਾਲਿ॥

—ਗਉ ੪, ਕਰ ੨, ੧ : ੨ (234)

ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ **ਬਨਾ** ਰਸਿ ਗਾਊ ਰੇ॥

—ਗਉ ਕਬ, ੬੬, ੧ : ੧ (338)

ਡੂੰਗਰਿ ਜਲਾ ਥਲਾ ਭੂਮਿ **ਬਨਾ** ਫਲ ਕੰਦਰਾ॥

—ਮਾਰੂ ੫, ਵਾਰ ੨੧ਸ, ੫, ੩ : ੧ (1101)

ਭੀਤਰਿ ਅਗਨਿ **ਬਨਾਸਪਤਿ** ਮਉਲੀ ਸਾਗਰੁ ਪੰਡੈ ਪਾਇਆ॥

—ਬਸੰ ੧, ੧੧, ੨ : ੧ (1171)

ਅਠਾਰਹ ਭਾਰ **ਬਨਾਸਪਤਿ** ਮਾਲਣੀ ਛਿਨੈਵ ਕਰੋੜੀ ਮੇਘ ਮਾਲਾ ਪਾਣੀ ਹਾਰੀਆ॥

—ਮਲਾ ਨਾਮ, ੧, ੪ : ੨ (1292)

ਗ੍ਰਿਹ **ਬਨੁ** ਸਮਸਰਿ ਸਹਜਿ ਸੁਭਾਇ॥

—ਆਸਾ ੧, ੧੧, ੧ : ੧ (351)

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥

—ਫੁਨ ੫, ੧੧ : ੩ (1362)

ਹਉ **ਬਨੁ ਬਨੋ** ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ॥

—ਆਸਾ ੧, ਛੰਤ ੨, ੪ : ੧ (437)

ਬਾਂਸੁ

(ਸੰ. ਵੰਸ਼, ਵੇਣੁ), ਤ੍ਰਿਣ ਜਾਤਿ ਦਾ ਇਕ ਪੌਦਾ, ਜਿਸ ਦੀ ਲੰਮੀ ਛੜੀ ਗੱਠਦਾਰ ਹੁੰਦੀ ਹੈ। ਘਾਹ ਦੀ ਜਾਤ ਦਾ ਇਕ ਪਤਲਾ ਲੰਮਾ ਬੂਟਾ ਜੋ ਪੋਰੀਆਂ ਵਾਲੇ ਲੰਮੇ ਤਲੇ ਵਾਲਾ ਬੂਟਾ ਜੋ ਵਿਚੋਂ ਪੋਲਾ ਹੁੰਦਾ ਹੈ।

ਅੰ. Bamboo, ਬਨ. Dendro Calamus Striclus L.

ਕਬੀਰ **ਬਾਂਸੁ** ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥

—ਸਲੋ ਕਬ, ੧੨ : ੧ (1365)

ਚੰਦਨ ਕੈ ਨਿਕਟੇ ਬਸੈ **ਬਾਂਸੁ** ਸੁਗੰਧੁ ਨ ਹੋਇ॥

—ਸਲੋ ਕਬ, ੧੨, ੧ : ੩ (1365)

ਨਿਕਟਿ ਬਸੰਤੇ **ਬਾਂਸੋ** ਨਾਨਕ ਅਹੰ ਬੁਧਿ ਨ ਬੋਹਤੇ॥

—ਗਾਥਾ ੫, ੫ : ੨ (1360)

ਬਾਗ

(ਫ਼ਾ. ਬਾਗ) ਬਗੀਚਾ, ਬਗੀਚੀ, ਫੁਲਵਾੜੀ, ਵਾੜ, ਵਾੜੀ, ਬਾੜੀ ਆਦਿ

ਅੰ. Garden, Orchard

ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਠਾਰ॥

—ਸਿਰੀ ੫, ਅਸ ੨੬, ੬ : ੨ (70)

ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾਂ ਕੀ **ਬਾਗਾਤਿ**।

—ਸਿਰੀ ੫, ੯੨, ੨ : ੨ (50)

ਸਗਲ ਮੇਵੇ ਸੁੰਦਰ **ਬਾਗੀਚੇ**॥

—ਗਉ ੫, ੮੧, ੩ : ੨ (179)

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ **ਬਾਗੁ**॥

—ਬਿਲਾ ੪, ਵਾਰ ੧ਸ, ੪, ੧ : ੪ (849)

ਨਾਉ ਮੇਰੀ ਖੇਤੀ ਨਾਉ ਮੇਰੀ **ਬਾਰੀ**॥

—ਭੈਰ ਕਬ, ੧, ੧ : ੧ (1157)

ਇਹ ਅੰਮ੍ਰਿਤ ਕੀ **ਬਾੜੀ** ਹੈ ਰੇ ਤਿਨਿ ਹਰਿ ਪੂਰੈ ਕਰੀਆ॥

—ਰਾਮ ਕਬ, ੬, ੧ : ੨ (970)

ਬਿਰਖ

ਦਰੱਖਤ, ਵੇਖੋ 'ਦਰੱਖਤ'

ਪੰਖੀ **ਬਿਰਖ** ਸੁਹਾਵਤੇ ਊਡਹਿ ਚਹੁ ਦਿਸਿ ਜਾਹਿ॥

—ਸਿਰੀ ੩, ਅਸ ੨੦, ੨ : ੧ (66)

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥

—ਗਉ ੫, ਸੁਖ ੫, ੩ : ੩ (268)

ਜਿਉ ਚੰਦਨ ਸੰਗਿ ਬਸੈ ਨਿੰਮੁ **ਬਿਰਖਾ** ਗੁਨ ਚੰਦਨ ਕੇ ਬਸਖੇ॥

—ਨਟ ੪, ੩ : ੨ (976)

ਪੁਰਖਾਂ **ਬਿਰਖਾਂ** ਤੀਰਥਾਂ ਤਟਾਂ ਮੇਘਾਂ ਖੇਤਾਂਹ॥

—ਆਸਾ ੧, ਵਾਰ ੮ਸ, ੧, ੧ : ੧ (467)

ਪੰਖੀ **ਬਿਰਖਿ** ਸੁਹਾਵੜਾ ਸਚੁ ਚੁਗੈ ਗੁਰ ਭਾਇ॥

—ਰਾਮ ੩, ੨੦, ੧ : ੧ (66)

ਨਾ ਸਤਿ ਰੁਖੀ **ਬਿਰਖੀ** ਪਥਰ ਆਪੁ ਤਛਾਵਹਿ ਦੁਖ ਸਹਹਿ॥

—ਸਿਰੀ ੩, ਵਾਰ ੧੨ਸ, ੧ , ੧ : ੩ (952)

ਰੂਪੀ **ਬਿਰਖੀ** ਊਡਉ ਭੂਖਾ ਪੀਵਾ ਨਾਮੁ ਸੁਭਾਈ॥

—ਮਲਾ ੧, ਅਸ ੩, ੪ : ੧ (1274)

ਸਫਲਿਓ **ਬਿਰਖੁ** ਹਰੀਆਵਲਾ ਛਾਵ ਘਣੇਰੀ ਹੋਇ॥

—ਸਿਰੀ ੧, ਅਸ ੧੦, ੨ : ੨ (59)

ਬਿਰਖੈ ਹੇਠਿ ਸਭਿ ਜੰਤ ਇਕਠੇ॥

—ਮਾਰੂ ੫, ਅਸ ੮, ੧ : ੧ (1019)

ਬਿਰਵਾ

ਪੌਦਾ, ਬੂਟਾ, ਦਰਖਤ, ਬਿਰਖ, ਵੇਖੋ 'ਬਿਰਖ'

ਆਸ ਪਾਸ ਘਨ ਤੁਰਸੀ ਕਾ **ਬਿਰਵਾ** ਮਾਝ ਬਨਾਰਸਿ ਗਾਊ ਰੇ॥

—ਗਉ ਕਬ, ਅਸ ੬੬, ੧ : ੧ (338)

ਬੀਉ

ਬੀਜ, ਫ਼ਸਲ ਦਾ ਬੀਜ

ਅੰ. Seed.

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ **ਬੀਉ**॥

—ਆਸਾ ੧, ਵਾਰ ੧੦ਸ, ੧, ੨ : ੬ (468)

ਬੀਖੁ

ਬ੍ਰਿਛ, ਦਰਖਤ, ਰੁਖ

ਬਾਵਨ **ਬੀਖੂ** ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ॥

—ਪ੍ਰਭਾ ਨਾਮ, ੨, ੨ : ੧ (1351)

ਬੀਜੁ

ਬੀਜ, ਵੇਖੋ 'ਬੀਉ'

ਇਹੁ ਤਨੁ ਧਰਤੀ **ਬੀਜੁ** ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ॥

—ਸਿਰੀ ੧, ੨੬, ੧ : ੧ (23)

ਬੂਆੜ

ਇੱਕ ਪ੍ਰਕਾਰ ਦਾ ਨਿਕੰਮਾ ਘਾਹ ਜੋ ਤਿਲਾਂ ਦੇ ਖੇਤਾਂ ਵਿਚ ਹੁੰਦਾ ਹੈ।

ਛੁਟੇ ਤਿਲ **ਬੂਆੜ** ਕਿਉ ਸੁੰਞੇ ਅੰਦਰਿ ਖੇਤ॥

—ਆਸਾ ੧, ਵਾਰ ੧ਸ, ੧, ੩ : ੨ (463)

ਜਿਉ **ਬੂਆੜੁ** ਤਿਲੁ ਖੇਤ ਮਾਹਿ ਦੁਹੇਲਾ॥

—ਗਉ ੫, ਸੁਖ ੧੩, ੬ : ੬ (280)

ਬੂਟ

ਬੂਟੇ, ਬਿਰਖ, ਪੌਦੇ, ਵੇਖੋ 'ਦਰਖਤ'

ਦਾਵਾ ਅਗਨਿ ਰਹੇ ਹਰਿ **ਬੂਟ**॥

—ਰਾਮ ੫, ਅਸ ੪, ੧ : ੧ (914)

ਮਿਲਿ ਪਾਣੀ ਜਿਉ ਹਰੇ **ਬੂਟ**॥

—ਬਸੰ ੫, ੬, ੧ : ੧ (1181)

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ **ਬੂਟੁ** ਰਹਿਓ ਰੀ॥

—ਆਸਾ ੫, ੫੧, ੨ : ੧ (384)

ਬੂਰੁ

ਪਾਣੀ ਉਪਰ ਹਰੇ ਰੰਗ ਦੀ ਪੈਦਾ ਹੋਈ ਇੱਕ ਸਬਜੀ, ਤਹਿ ਇਹ ਛੋਟੇ ਬੂਟੇ ਹੀ ਹੁੰਦੇ ਹਨ।

ਲਬੁ ਵਿਣਾਹੇ ਮਾਣਸਾ ਜਿਉ ਪਾਣੀ **ਬੂਰੁ**॥

—ਰਾਮ ਬਸ, ਵਾਰ ੫ : ੩ (967)

ਬੇਰਿ

ਬੇਰੀ, ਇਕ ਫਲਦਾਰ ਦਰਖਤ

ਅੰ. Ber tree ਬਨ. ziziphus jujuba L.

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
—ਸਲੋ ਕਬ, ੮੮ : ੧ (1369)

ਬੇਲ

ਵੇਲ

ਬਨ. Aegle marmelos L.

ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥
—ਆਸਾ ੪, ੬੧, ੨ : ੨ (368)

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ॥
—ਆਸਾ ੧, ੮, ੧ : ੧ (351)

ਬੈਸਾ

(ਫ਼ਾ ਬੈਸਾ) ਝਾੜੀ, ਟਾਹਣੀਆਂ, ਵੇਖੋ 'ਸਾਖ'

ਤਲੇ ਰੇ ਬੈਸਾ ਊਪਰਿ ਸੂਲਾ॥
—ਆਸਾ ਕਬ, ੨੨, ੩ : ੧ (481)

ਭਾਂਗ

ਭੰਗ, ਬਨ, Cannabis Sativa L.

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
—ਸਲੋ ਕਬ; ੨੩੩ : ੧ (1377)

ਮਹਿੰਦੀ

ਇਕ ਬੂਟੇ ਦੇ ਹਰੇ ਪਤੇ ਜਿਨ੍ਹਾਂ ਨੂੰ ਸੁਕਾ ਪੀਸ ਘੋਲ ਕੇ ਹੱਥਾਂ ਤੇ ਲਾਣ ਨਾਲ ਲਾਲ ਰੰਗ ਚੜ੍ਹਦਾ ਹੈ, ਮਹਿੰਦੀ॥

ਅੰ Myrtle, ਬਨ. Lawsonia intermis L.

ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥
—ਰਾਮ ੩, ਵਾਰ ੨ਸ, ਕਬ, ੧ : ੧ (947)

ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ॥
—ਬਿਲਾ ੪, ਅਸ ੬, ੮ : ੧ (837)

ਮਹੂਆ

ਇਕ ਦਰਖਤ ਜਿਸ ਦੇ ਫੁੱਲਾਂ ਤੋਂ ਸ਼ਰਾਬ ਨਿਕਲਦੀ ਹੈ

ਅੰ A Flowering Tree, ਬਨ. Madhuka Indica L.

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ॥
—ਰਾਮ ਕਬ, ੨, ੧ : ੧ (969)

ਮਜੀਠ

ਇਕ ਵੇਲ ਜਿਸ ਦੀ ਡੰਡੀ ਵਿਚ ਪਕਾ ਲਾਲ ਰੰਗ ਹੁੰਦਾ ਹੈ। ਜਦੋਂ ਇਸ ਦੀਆਂ ਜੜ੍ਹਾਂ ਨੂੰ ਉਬਾਲਦੇ ਹਨ ਤਾਂ ਰੰਗ ਚੰਗਾ ਗੂੜ੍ਹਾ ਹੋ ਜਾਂਦਾ ਹੈ। ਇਹ ਸਦਾ ਬਹਾਰ

ਵੇਲ ਯੂਰਪ ਅਤੇ ਏਸ਼ੀਆ ਦੀ ਮੁੱਢ ਮੰਨੀ ਜਾਂਦੀ ਹੈ। ਇਸ ਦੇ ਫੁੱਲ ਸਬਜ-ਪੀਲੇ ਰੰਗ ਦੇ ਹੁੰਦੇ ਹਨ। ਇਸ ਦਾ ਬ੍ਰਿਛ 3.9 ਫੁੱਟ ਤੱਕ ਲੰਮਾ ਹੁੰਦਾ ਹੈ।

ਅੰ. Madder ਬਨ. Rubia Tinctorum L.

ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥

—ਸਿਰੀ ੧, ਅਸ ੩, ੨ : ੧ (54)

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥

—ਗਉ ਰਵਿ ੧, ੪ : ੨ (346)

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥

—ਤਿਲੰ ੧, ੩, ੨ : ੧ (722)

ਗੁਰਮੁਖਿ ਲਾਲੋ ਲਾਲ ਹੈ ਜਿਉ ਰੰਗਿ ਮਜੀਠ ਸਚੜਾਉ ॥

—ਸੂਹੀ ੩, ਵਾਰ ੩ਸ, ੩, ੧ : ੩ (786)

ਸਚਾ ਰੰਗ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥

—ਸੂਹੀ ੩, ਵਾਰ ੪ਸ, ੧, ੨ : ੨ (786)

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਜਿਉ ਰੰਗੁ ਮਜੀਠ ਬਹੁ ਲਾਗਾ ॥

—ਮਾਲੀ ੪, ੪, ੩ : ੧ (985)

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ

—ਸਲੋ ਫਰ, ੨੨ : ੨ (1379)

ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦਰੰਗ ਢੋਲਾ ॥

—ਸੂਹੀ ੧, ੪, ੧* : ੧ (729)

ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ ॥

—ਆਸਾ ੫, ਛੰਤ ੩, ੧ : ੫ (454)

ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥

—ਜੈਤ ੫, ਵਾਰ ੧੧ : ੪ (708)

ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮ ਮਜੀਠਾ ॥

—ਸੂਹੀ ੫, ਛੰਤ ੧, ੧ : ੩ (777)

ਕਹੁ ਨਾਨਕ ਰੰਗ ਚਲੂਲ ਭਏ ਹੇ ਹਰਿ ਰੰਗੁ ਨ ਲਹੈ ਮਜੀਠਾ ॥

—ਸਾਰ ੫, ੪੨, ੨ : ੨ (1212)

ਅਨਦਿਨੁ ਸਦਾ ਰਵੈ ਦਿਨ ਰਾਤੀ ਮਜੀਠੈ ਰੰਗੁ ਬਣਾਵਣਿਆ ॥

—ਮਾਝ ੩, ਅਸ ੫, ੪ : ੩ (112)

ਜਿਉ ਉਬਲੀ ਮਜੀਠੈ ਰੰਗੁ ਗਹ ਗਹਾ ਤਿਉ ਸਚੇ ਨੋ ਜੀਉ ਦੇਇ ॥

—ਗਉ ੪, ਵਾਰ ੨੦ਸ, 3, ੧ : ੪ (311)

ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ **ਮਜੀਠੈ** ਰੰਗਿ ਰੀ॥

—ਆਸਾ ੫, ੧੧੮, ੧ : ੧ (400)

ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ **ਮਜੀਠੈ** ਰੰਙੁ॥

—ਸੂਹੀ ੪, ੩, ੧ : ੧ (731)

ਜੋ ਇਛੇ ਸੋਈ ਫਲੁ ਪਾਏ ਜਿਉ ਰੰਗੁ **ਮਜੀਠੈ** ਰਾਤਾ ਹੇ॥

—ਮਾਰੂ ੩, ਸੋਲ ੮, ੯ : ੩ (1051)

ਨਿਰਮਲ ਸੋਇ ਬਣਿ ਹਰਿ ਬਾਣੀ ਮਨੁ ਨਾਮਿ **ਮਜੀਠੈ** ਰੰਗਨਾ॥

—ਮਾਰੂ ੫, ਸੋਲਾ ੯, ੧੫, ੩ (1081)

ਅੰਦਰੁ ਰਚੈ ਸਚ ਰੰਗਿ ਜਿਉ **ਮਜੀਠੈ** ਲਾਲੁ॥

—ਮਲਾ ੧, ਵਾਰ ੧ਸ, ੩, ੧ : ੩ (1279)

ਮਲਗਾਰੇ

ਚੰਦਨ, ਹੋਰ ਵੇਖੋ 'ਚੰਦਨੁ'

ਸਤਿਗੁਰੁ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ **ਮਲਗਾਰੇ**॥

—ਨਟ ੪, ਅਸ ੨, ੧ : ੧ (981)

ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥

—ਸਲੋ ਕਬ, ੧੭੪ : ੨ (1373)

ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਭ੍ਰਮ **ਮਲੀਆਗਰ** ਪ੍ਰਗਟ ਸੁਬਾਸੁ॥

—ਸਵ ੪, ਕੀਰ ੨ : ੨ (1406)

ਮਾਜੀਠੈ

ਵੇਖੋ 'ਮਜੀਠ'

ਜਿਉ **ਮਾਜੀਠੈ** ਕਪੜੇ ਰੰਗੇ ਭੀ ਪਾਹੇਹਿ॥

—ਸੋਰ ੪, ਵਾਰ ਪਸ, ੩, ੨ : ੨ (644)

ਮਿਠਾ

ਗੰਨਾ, ਕਮਾਦ, ਵੇਖੋ ਹੋਰ 'ਕਮਾਦ'

ਵੇਖੁ ਜਿ **ਮਿਠਾ** ਕਟਿਆ ਕਟਿ ਕੁਟਿ ਬਧਾ ਪਾਇ॥

—ਮਾਝ ੧, ਵਾਰ ੧੧ਸ, ੧, ੨ : ੧ (143)

ਮੁਸਕਾਕ

ਅੱਕ ਦੀ ਕੰਧ ਅਰਥਾਤ ਬਦਬੂ, ਵੇਖੋ 'ਅੱਕ'

ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿਗਈ ਮੁਸਕੀ **ਮੁਸਕਾਕ**॥

—ਕਾਨ ੪, ੩ : ੨ (1295)

ਮੂਲ

ਜੜ੍ਹ, ਕਿਸ ਵੀ ਬ੍ਰਿਛ, ਦਰੱਖਤ ਦੀ ਜੜ੍ਹ, ਮੁੱਢ ਅੰ. Root.

ਸਾਖਾ ਤੀਨਿ ਮੂਲ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ॥

—ਆਸਾ ੩, ਅਸ ੨੩, ੧ : ੨ (422)

ਮੂਲ ਬਿਨਾ ਸਾਖਾ ਕਤ ਆਹੈ॥

—ਭੈਰ ੫, ੪੫, ੧ : ੪ (1149)

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥

—ਗਉ ੧, ੧੯, ੧ : ੧ (157)

ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀ ਜੈਰੇ॥

—ਗਉ ੧, ੧੬, ੧ : ੧ (156)

ਕਤ ਨਹੀ ਠਉਰ ਮੂਲੁ ਕਤ ਲਾਵਉ॥

—ਗਉ ਕਬ, ੨੧, ੧ : ੧ (327)

ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਨ॥

—ਆਸਾ ੧, ਛੰਤ ੨, ੨ : ੪ (436)

ਮੇਵਾ

(ਫ਼ਾ. ਮੇਵਾ) ਫਲ, ਸੁਕਾਇਆ ਹੋਇਆ ਅੰਗੂਰ। ਅੰ. Fruit, dry fruit.

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ॥

—ਮਾਝ ੧, ਵਾਰ ੯ਸ, ੧, ੨ : ੧ (142)

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥

—ਮਾਝ ੧, ਵਾਰ ੧੦ਸ, ੧, ੨ : ੩ (142)

ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ॥

—ਗਉ ੧, ੧੩, ੪ : ੩ (155)

ਜਉ ਗੁਰ ਦੇਉ ਸਭੈ ਬਿਖੁ ਮੇਵਾ॥

—ਭੈਰ ਨਾਮ, ੧੧, ੭ : ੪ (1167)

ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ॥

—ਸਵ ੩, ੧੮ : ੪ (1395)

ਸਗਲ ਮੇਵੇ ਸੁੰਦਰ ਬਾਗੀਚੇ॥

—ਗਉ ੫, ੮੧, ੩ : ੨ (179)

ਮੈਲਾਗਰ

ਚੰਦਨ, ਵੇਖ 'ਚੰਦਨ'

ਮੈਲਾਗਰ ਬੇਰ੍ਹੇ ਹੈ ਭੁਇਅੰਗਾ॥

—ਗੂਜ ਰਵਿ, ੧, ੨ : ੧ (525)

ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ ਮਲਗਾਰੇ॥

—ਨਟ ੪, ਅਸ ੨, ੧ : ੧ (981)

ਹਮ ਨੀਚ ਬਿਰਖ ਮੈਲਾਗਰੁ ਲਾਜ ਸੰਗਿ ਸੰਗਿ ਬਸਰੀਆ॥

—ਸਾਰ ੫, ੪੫, ੧ : ੨ (1213)

ਮੈਲਾਗਰੁ ਸੰਗੇਣ ਨਿੰਮੁ ਬਿਰਖ ਸਿ ਚੰਦਨਹ॥

—ਗਾਥਾ ੫, ੫ : ੧ (1360)

ਮੋਠ

ਮੂੰਗੀ ਦੀ ਨਸਲ ਦਾ ਇਕ ਅੰਨ, ਅੰ. Beans

ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥

—ਰਾਮ ੫, ਵਾਰ ੭ਸ, ੫, ੨ : ੧ (960)

ਰੁਖ

ਦਰਖਤ, ਅੰ. Plant

ਜਾ ਕੇ ਰੁਖ ਬਿਰਖ ਆਰਾਉ॥

—ਸਿਰੀ ੧, ੩੨, ੨ : ੧ (25)

ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥

—ਵਡ ੧, ੧, ੨ : ੨ (557)

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਗੁਰ ਨਾਨਕ ਕਉ ਪ੍ਰਭੁ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ॥

—ਸੋਰ ੫, ੩੦, ੨ : ੨ (617)

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥

—ਮਾਝ ੧, ਵਾਰ ੨੦ਸ, ੧, ੧ : ੨ (147)

ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥

—ਆਸਾ ਰਵਿ, ੩, ੧ : ੨ (486)

ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥

—ਗਉ ੫, ਅਸ ੭, ੧* : ੨ (223)

ਰੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ॥

—ਮਲਾ ੧, ਅਸ ੩, ੪ : ੧ (1274)

ਰੇਬੈਸਾ

(ਫ਼ਾਂ, ਬੇਸ਼ਾ, ਅ. ਰਬੀਸ) ਝਾੜ, ਟਾਹਣੀਆਂ, ਗੁਛਾ, ਵੇਖੋ 'ਬੈਸਾ'

ਅੰ. Branch.

ਤਲੈ ਰੇਬੈਸਾ ਊਪਰਿ ਸੂਲਾ॥

—ਆਸਾ ਕਬ, ੨੨, ੩ : ੧ (481)

ਲਉਕੀ

ਵੇਖੋ 'ਤੁਮਾ', ਤੁੰਮੀ, ਤੁੰਬੀ, ਕਦੂ ਵਰਗੀ ਇਕ ਕਉੜੀ ਸਬਜ਼ੀ॥

ਅੰ. Cucurbita moschata. L

ਲਉਕੀ ਅਠਸਠਿ ਤੀਰਥ ਨ੍ਹਾਈ॥

—ਸੋਰ ਕਬ, ੮, ੨ : ੧ (656)

ਲਉਗ

(ਸੰ. ਲੋਂਗ) ਲੌਂਗ,

ਅੰ. Cloves, ਬਨ. Syzygium aromaticum L.

ਇਕ ਦਰਖਤ ਅਤੇ ਉਸ ਦੀਆਂ ਕਲੀਆਂ, ਇਸ ਦੀ ਤਾਸੀਰ ਗਰਮ ਤਰ ਹੈ। ਮੂੰਹ ਅਤੇ ਪੇਟ ਦੇ ਰੋਗਾਂ ਨੂੰ ਦੂਰ ਕਰਦਾ ਹੈ। ਕਾਮਸ਼ਕਤਿ ਵਧਾਉਂਦਾ ਹੈ, ਦਿਲ ਦਿਮਾਗ ਨੂੰ ਤਾਕਤ ਦਿੰਦਾ ਹੈ। ਅਧਰੰਗ, ਲਕਵਾ, ਸਕਤਾ ਆਦਿ ਰੋਗਾਂ ਲਈ ਗੁਣਕਾਰੀ ਹੈ। ਸੁਰਮੇਂ ਵਿਚ ਮਿਲਾਕੇ ਅੱਖੀਂ ਪਾਇਆ ਨੇਤ੍ਰਾਂ ਦੇ ਅਨੇਕ ਰੋਗ ਹਟਾਉਂਦਾ ਹੈ। ਇਹ ਗਰਮ ਮਸਾਲੇ ਵਿਚ ਵੀ ਵਰਤਿਆ ਜਾਂਦਾ ਹੈ।

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥

—ਕੇਦਾ ਕਬ, ੨, ੧ : ੧ (1123)

ਲਸਨ

(ਸੰ. ਲਸੁਨ, ਰਸੋਨ), ਗੰਢੇ ਵਰਗਾ ਇਕ ਕੰਦ ਜੋ ਮਸਾਲੇ ਤੇ ਦਵਾਈ ਲਈ ਵਰਤਿਆ ਜਾਂਦਾ ਹੈ। ਇਸ ਦੀ ਤਾਸੀਰ ਗਰਮ ਤਰ ਹੈ। ਪੇਟ ਦੇ ਕੀੜੇ, ਬਦਹਜ਼ਮੀ, ਗਠੀਆ, ਵਾਉਗੋਲਾ, ਕਫ਼ ਆਦਿਕ ਨਾਸ਼ ਕਰਦਾ ਹੈ।

ਅੰ. Garlic, ਬਨ. Allium Sativum L.

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥

—ਸਲੋ ਕਬ, ੧੭ : ੧ (1365)

ਲਤਾ

(ਸੰ. ਲਤਾ), ਸਾਖ, ਵੇਲ

ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ॥

—ਮਾਰੂ ੫, ਸੋਲਾ ੮, ੪ : ੩ (1079)

ਵਣ

ਜੰਗਲ, ਵੇਖੋ 'ਬਨ'

ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ॥

—ਬਿਲਾ ੫, ੨੩, ੨ : ੧ (807)

ਵਣਸਪਤਿ

ਵਨਸਪਤੀ, ਫੁਲ ਬੂਟੇ, ਵੇਖੋ 'ਬਣਸਪਤਿ'

ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ॥

—ਮਾਰੂ ੩, ਵਾਰ ੮ਸ, ੩, ੨ : ੧ (1089)

ਵਣਹੁ

ਜੰਗਲ ਵਿਚ ਵੇਖੋ 'ਬਨ'

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ **ਵਣਹੁ** ਪੰਖੇਰੂ ॥

—ਵਡ ੧, ੩, ੧ : ੧੩ (558)

ਇਕਿ ਕੰਦ ਮੂਲੁ ਚੁਣਿ ਖਾਹਿ **ਵਣਖੰਡਿ** ਵਾਸਾ ॥

—ਮਾਝ ੧, ਵਾਰ ੫ : ੧ (140)

ਕਿਨਹੀ ਗ੍ਰਿਹੁ ਤਜਿ **ਵਣਖੰਡਿ** ਪਾਇਆ ॥

—ਰਾਮ ੫, ਅਸ ੧, ੨ : ੧ (912)

ਇਕਿ **ਵਣਖੰਡਿ** ਬੈਸਹਿ ਜਾਇ ਸਦੁ ਨ ਦੇਵਹੀ ॥

—ਮਲਾ ੧, ਵਾਰ ੧੫ : ੧ (1284)

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ **ਵਣਾ** ॥

—ਮਾਝ ੫, ਬਾਰਾ ੨ : ੫ (133)

ਇਹ ਹਰਿ ਰਸੁ **ਵਣਿ** ਤਿਣਿ ਸਭਤੁ ਹੈ ਭਾਗਹੀਣ ਲਹੀ ਖਾਇ ॥

—ਸਿਰੀ ੪, ੬੯, ੩ : ੧ (41)

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ **ਵਣਿ** ਕੰਡਾ ਮੋੜੇਹਿ ॥

—ਸਲੋ ਫਰ, ੧੮ : ੧ (1378)

ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ **ਵਣੀ** ॥

—ਮਲਾ ੧, ਵਾਰ ੧੧ : ੭ (1283)

ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ ॥

—ਮਾਝ ੫, ੩੦, ੪ : ੧ (103)

ਪਹਿਲ ਪੁਰੀਏ ਪੁੰਡਰਕ **ਵਨਾ** ॥

—ਧਨਾ ਨਾਮ, ੪, ੧ : ੨ (693)

ਵਾੜਿ

ਵਾੜੀ, ਖੇਤੀ, ਬਗੀਚੀ, ਵੇਖੋ 'ਬਾਗ'

ਤੈਸਹਿ ਦਿਤੀ **ਵਾੜਿ** ਨਾਨਕ ਖੇਤੁ ਨ ਛਿਜਈ ॥

—ਗੂਜ ੫, ਵਾਰ ੧੨ਸ, ੫, ੨ : ੨ (521)

ਨਾਨਕ ਫੁਲਾ ਸੰਦੀ **ਵਾੜਿ** ਖਿੜਿਆ ਹਭੁ ਸੰਸਾਰੁ ਜਿਉ ॥

—ਮਾਝ ੫, ਵਾਰ ੪ਸ, ੫, ੩ : ੨ (1095)

ਇਹੁ ਜਗੁ **ਵਾੜੀ** ਮੇਰਾ ਪ੍ਰਭੁ ਮਾਲੀ ॥

—ਮਾਝ ੩, ਅਸ ੧੫, ੫ : ੧ (118)

ਆਪੇ ਜਾਣੈ ਕਰੇ ਆਪਿ ਜਿਨਿ **ਵਾੜੀ** ਲੈ ਲਾਈ ॥

—ਤਿਲੰ ੧, ਅਸ ੧, ੧ : ੨ (725)

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥

—ਤਿਲੰ ੧, ਅਸ ੧, ੯ : ੧ (725)

ਜਿਉ ਵਾੜੀ ਉਜਾੜਿ ਉਜਾੜੀ॥

—ਮਾਰੂ ੧, ਸੋਲਾ ੫, ੬ : ੨ (1024)

ਆਪਿ ਬਸੰਤੁ ਜਗਤੁ ਸਭੁ ਵਾੜੀ॥

—ਬਸੰ ੩, ੧੭, ੪ : ੧ (1177)

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥

—ਆਸਾ ੧, ਛੰਤ ੫, ੧ : ੧ (438)

ਵੇਲਿ

ਬੇਲ, ਲਤਾ, ਵੇਖੋ 'ਲਤਾ'

ਵੇਲਿ ਪਰਾਈ ਜੋਜਹਿ ਜੀਅੜੇ ਕਰਹਿ ਚੋਰੀ ਬੁਰਿਆਈ॥

—ਗਉ ੧, ੧੩, ੨ : ੩ (155)

ਬ੍ਰਹਿਮੰਡ-ਵਿਗਿਆਨ
(Cosomology)

ਉਡਵਾ

ਨਛੱਤ੍ਰ, ਤਾਰਾ ਮੰਡਲ, ਇਹ ਤਾਰਿਆਂ ਦਾ ਸਮੂਹ ਹੈ ਜਿਹੜਾ ਧਰਤੀ ਦੀ ਪ੍ਰਕਰਮਾ ਕਰਨ ਸਮੇਂ ਚੰਦਰਮਾ ਦੇ ਰਾਹ ਵਿਚ ਆਉਂਦਾ ਹੈ। ਗੁਰਬਾਣੀ ਵਿਚ ਇਸ ਨੂੰ ਅਭੀਚੁ, ਨਖਿਅਤ੍ਰ ਆਖਿਆ ਗਿਆ ਹੈ।

ਨਾਵਣੁ ਪੁਰਬੁ **ਅਭੀਚੁ** ਗੁਰ ਸਤਿਗੁਰ ਦਰਸੁ ਭਇਆ।*

—ਤੁਖਾ ੪, ਛੰਤ ੪, ੧ : ੧ (1116)

ਹਰਿਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ **ਉਡਵਾ** ਸਸਿ ਕੀਰ।

—ਪ੍ਰਭਾ ੪, ੩; ੨ : ੨ (1336)

ਉਤਪਤਿ

ਇਸ ਨੂੰ 'ਧਰਤੀ' ਜਾਂ 'ਧਰਨੀ' ਵੀ ਕਹਿੰਦੇ ਹਨ। ਇਹ ਮੂਲ-ਰੂਪ ਵਿਚ ਸੌਰ ਮੰਡਲ ਦਾ ਇਕ ਪ੍ਰਸਿੱਧ ਗ੍ਰਹਿ ਹੈ। ਇਸ ਉੱਤੇ ਮਰਤ੍ਯ-ਲੋਕ ਦੀ ਸਥਿਤੀ ਹੈ। ਇਹ ਸ੍ਰਿਸ਼ਟੀ ਨੂੰ ਸਿਰਜਣ ਵਾਲੇ ਪੰਜ ਮਹਾ-ਭੂਤਾਂ ਵਿਚ ਇਕ ਹੈ। ਗੁਰਬਾਣੀ ਵਿਚ ਇਸ ਲਈ ਪਿਰਥਮੀ, ਪ੍ਰਿਥਵੀ, ਅਦ੍ਰਿਸਟੋ, ਸਿਸਟਿ, ਸਿਰਠਿ, ਸ੍ਰਿਸਟੀ, ਗੋਇ, ਜਹਾਨ, ਬ੍ਰਹਮੰਡ, ਆਦਿ।

ਤ਼ਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ **ਉਤਪਤਿ** ਪਰਲਉ ਨਾਹੀ।

—ਗਉ ਕਬ, ੪੮, ੧ : ੧ (333)

ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ।

—ਸਿਰੀ ੪, ਵਾਰ ੮ : ੧ (85)

ਜੇਤੀ **ਸਿਰਠਿ** ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।

—ਜਪੁ ੧, ੬ : ੨ (2)

ਜਾ ਕਰਤਾ **ਸਿਰਠੀ** ਕਉ ਸਾਜੇ ਆਪੇ ਜਾਣੈ ਸੋਈ।

—ਜਪੁ ੧, ੨੧ : ੧੪ (4)

ਤੁਧੁ ਆਪੇ **ਸ੍ਰਿਸਟਿ** ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ।

—ਆਸਾ ੪, ਸੋਪੁ ੧, ੫ : ੪ (11)

ਸੰਜੋਗ ਵਿਜੋਗ ਉਪਾਇ ਓਨੁ **ਸ੍ਰਿਸਟੀ** ਕਾ ਮੂਲੁ ਰਚਾਇਆ।

—ਗੂਜ ੩, ਵਾਰ ੨ : ੧ (509)

ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ **ਸ੍ਰਿਸਟਿ** ਸਵਾਰੀ।

—ਵਡ ੪, ਵਾਰ ੨ : ੩ (586)

ਤੁਧੁ ਆਪੇ ਗੋਇ ਉਠਾਲੀਆ।

—ਸਿਰੀ ੫, ਅਸ ੨੮, ੨੨ : ੨ (73)

ਅਦ੍ਰਿਸਟੋ ਕਰਤਾ ਦ੍ਰਿਸਟੋ ਹਰਤਾ।

—ਗੋਂਡ ੫, ੧, ੧ : ੨ (862)

ਤੂੰ ਕਰਤਾ ਪੁਰਖੁ ਅੰਗਮੁ ਹੈ ਆਪਿ ਸ੍ਰਿਸਟਿ ਉਤਪਤੀ।

—ਮਾਝ ੧, ਵਾਰ ੧ : ੧ (138)

ਸਬਦੇ ਹੀ ਫਿਰਿ ਉਤਪਿ ਹੋਵੈ॥

—ਮਾਝ ੩, ਅਸ ੧੪, ੧ : ੨ (117)

ਉਦੈ

ਸੂਰਜ ਦਾ ਪ੍ਰਗਟ ਹੋਣਾ, ਗ੍ਰਹਿ ਜਾਂ ਤਾਰੇ ਦਾ ਆਕਾਸ਼ ਵਿਚ ਦਿਖਾਈ ਦੇਣਾ ਜਾਂ ਚੜ੍ਹਨਾ।

ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਲੁ ਜਬ ਚੀਨਾ।

—ਗਉ ਕਬ, ੪੩, ੧ : ੧ (332)

ਅਸਮਾਨ

(ਫ਼ਾ. ਆਸਮਾਨ) ਫ਼ਾਰਸੀ ਦੇ 'ਆਸਮਾਨ' ਸ਼ਬਦ ਦੇ ਅਰਥ ਹਨ 'ਚੱਕੀ ਵਾਂਗ ਘੁੰਮਣ ਵਾਲਾ'। ਸੰਸਕ੍ਰਿਤ ਦਾ ਸ਼ਾਬਦਿਕ ਅਰਥ 'ਆਕਾਸ਼' ਇਸ ਦਾ ਸਮਾਨਾਂਤਰ ਹੈ। ਇਸਲਾਮ ਵਿਚ ਸੱਤ ਅਸਮਾਨਾਂ ਦੀ ਕਲਪਨਾ ਕੀਤੀ ਗਈ ਹੈ ਜਿਨ੍ਹਾਂ ਦੀ ਸੋਚ ਦੇ ਆਧਾਰ ਸੱਤ ਗ੍ਰਹਿ ਹਨ ਜਿਵੇਂ ਸੂਰਜ, ਚੰਦਰਮਾ, ਮੰਗਲ, ਬੁੱਧ, ਬ੍ਰਹਿਸਪਤੀ, ਸ਼ੁਕਰ ਅਤੇ ਸ਼ਨਿਚਰ। ਗੁਰਬਾਣੀ ਵਿਚ ਲੱਖਾਂ ਆਕਾਸ਼ਾਂ ਦਾ ਜ਼ਿਕਰ ਆਇਆ ਹੈ। ਗੁਰਬਾਣੀ ਵਿਚ ਅਸਮਾਨ ਲਈ ਸ਼ਬਦ ਉਭ, ਅਕਾਸ, ਅਗਾਸ, ਆਕਾਸ, ਆਗਾਸ, ਕਾਸੁ, ਗਗਨ, ਗੈਣ, ਆਦਿ ਆਏ ਹਨ।

ਕਹੁ ਕਬੀਰ ਖੋਜਉ ਅਸਮਾਨ।

—ਗਉ ਕਬ, ੩੪, ੨ : ੨ (330)

ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।

—ਸੋਰ ੧, ੧, ੩ : ੨ (595)

ਪੰਖੀ ਹੋਇ ਕੈ ਜੇ ਭਵਾ ਮੈ ਅਸਮਾਨੀ ਜਾਉ।

—ਸਿਰੀ ੧, ੨, ੩ : ੧ (14)

ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ।

—ਸਿਰੀ ੧, ਅਸ ੧੭, ੭, ੨ (64)

ਕਈ ਕੋਟ ਅਕਾਸ ਬ੍ਰਹਮੰਡ।

—ਗਉ ੫, ਸੁਖ ੧੦, ੭ : ੨ (276)

ਆਪੇ ਧਰਤੀ ਧਉਲੁ ਅਕਾਸੰ।

—ਮਾਰੂ ੧, ਸੋਲਾ ੨, ੧ : ੧ (1021)

ਜਉ ਗੁਰਦੇਉ ਤ ਸੀਸੁ ਅਕਾਸਿ।

—ਭੈਰ ਨਾਮ, ੧੧, ੪ : ੩ (1166)

ਧਰਨਿ ਅਕਾਸੁ ਦਸੌਦਿਸ ਨਾਹੀ ਤਬ ਇਹ ਨੰਦੁ ਕਹਾ ਥੋਰੇ।

—ਗਉ ਕਬ, ੭੦, ੧ : ੨ (338)

ਜਿਨਿ ਧਾਰੇ ਬਹੁ ਧਰਣਿ ਅਗਾਸ।

—ਗਉ ੫, ੯੫, ੨ : ੧ (184)

ਸੁਣਿਐ ਧਰਤਿ ਧਵਲ ਆਕਾਸ।

—ਜਪੁ ੧, ੮ : ੨ (2)

ਭੈ ਵਿਚਿ ਆਡਾਣੇ ਆਕਾਸ।

—ਆਸਾ ੧, ਵਾਰ ੪ਸ, ੧, ੧ : ੧੦ (464)

ਨਾਮ ਕੇ ਧਾਰੇ ਆਗਾਸ ਪਾਤਾਲ।

—ਗਉ ੫, ਸੁਖ ੧੬, ੫ : ੫ (284)

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।

—ਜਪੁ ੧, ੨੨ : ੧ (5)

ਹੁਕਮੇ ਆਡਾਣੇ ਆਗਾਸੀ।

—ਮਾਰੂ ੧, ਸਲੋ ੧੬, ੧੨ : ੧ (1037)

ਸਾਝ ਬਿਹਾਗ ਤਕਹਿ ਆਗਾਸੁ।

—ਗਉ ੧, ੬, ੩ : ੩ (152)

ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਆਏ।

—ਭੈਰ ੫, ੧੫; ੧ : ੨ (1139)

ਸਬਦੇ ਹੀ ਫਿਰਿ ਓਪਤਿ ਹੋਵੈ।

—ਮਾਝ ੩, ਅਸ ੧੪, ੧ : ੨ (117)

ਅਸਤ

ਸੂਰਜ ਦਾ ਛੁਪਣਾ, ਲੋਪ ਹੋਣਾ,

ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਜੀਣਾ।

—ਆਸਾ ਕਬ, ੧, ੩ : ੨ (475)

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ।

—ਮਾਰੂ ੫, ਅਸ ੮, ੧ : ੩ (1019)

ਅਸ਼ਟਮੀ

ਅਸ਼ਟਮੀ ਤੋਂ ਭਾਵ ਹੈ ਚੰਨ ਦੇ ਹਨੇਰੇ ਅਤੇ ਚਾਨਣੇ ਪੱਖਾਂ ਦੀ ਅੱਠਵੀਂ ਥਿਤ। ਚਾਨਣੇ ਪੱਖ ਵਿਚ ਅਸ਼ਟਮੀ ਨੌਮੀ ਨਾਲ ਮਿਲਾ ਕੇ ਗ੍ਰਹਿਣ ਕੀਤੀ ਜਾਂਦੀ ਹੈ ਅਤੇ ਕ੍ਰਿਸ਼ਣ ਪੱਖ ਵਿਚ ਅਸ਼ਟਮੀ ਸਪਤਮੀ ਨਾਲ ਮਿਲਾ ਕੇ ਗ੍ਰਹਿਣ ਕੀਤੀ ਜਾਂਦੀ ਹੈ। ਹਿੰਦੂਆਂ ਵਿਚ ਇਸ ਥਿਤ ਦਾ ਪਵਿੱਤਰ ਮਹੱਤਵ ਹੈ।

ਸਗਲੀ ਥੀਤਿ ਪਾਸਿ ਡਾਰਿ ਰਾਖੀ। **ਅਸਟਮ** ਥੀਤਿ ਗੋਵਿੰਦ ਜਨਮਾਸੀ।
—ਭੈਰ ੫, ੧ : ੧ (1136)

ਅਸੂ

ਬਿਕਰਮੀ ਸੰਮਤ ਦਾ ਸਤਵਾਂ ਮਹੀਨਾ,

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।
—ਮਾਝ ੫, ਬਾਰਾ, ੮ : ੧ (134)

ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ।
—ਮਾਝ ੫, ਬਾਰਾ, ੮ : ੯ (135)

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ।
—ਤੁਖਾ ੧, ਬਾਰਾ, ੧੧ : ੧ (1108)

ਨਾਨਕ **ਅਸੁਨਿ** ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ।
—ਤੁਖਾ ੧, ਬਾਰਾ, ੧੧ : ੬ (1109)

ਅਹਾੜੀ

ਬਿਕਰਮੀ ਚੰਦਰਵਰਸ ਦੇ ਚੌਥੇ ਮਹੀਨੇ (ਹਾੜ) ਦੀ,

ਫਸਲਿ **ਅਹਾੜੀ** ਏਕੁ ਨਾਮੁ ਸਾਵਣੀ ਸਚੁ ਨਾਉ।
—ਮਲਾ ੧, ਵਾਰ ੧੯ਸ, ੧, ੧ : ੫ (1286)

ਸਾਵਣੁ ਰਾਤਿ **ਅਹਾੜੁ** ਦਿਹੁ ਕਾਮੁ ਕ੍ਰੋਧ ਦੁਇ ਖੇਤ।
—ਰਾਮ ੩, ਵਾਰ ੧੭, ੧, ੧ : ੨ (955)

ਅਖਾੜੈ

ਹਾੜ (ਅਹਾੜ ਦੀ)

ਗ੍ਰੀਖਮ ਰੁਤਿ ਅਤਿ ਗਾਖੜੀ ਜੇਠ **ਅਖਾੜੈ** ਘਾਮ ਜਿਉ।
—ਰਾਮ ੫, ਰੁਤੀ ੩ : ੧ (928)

ਅਮਾਵਸ

ਮਸਿਆ, ਹਨ੍ਹੇਰੀ ਰਾਤ, Fifteenth night of the descending moon, ਇਹ ਕ੍ਰਿਸ਼ਣ ਪੱਖ ਦੀ ਅੰਤਿਮ ਤਿਥੀ ਹੈ। ਇਸ ਤਿਥੀ ਨੂੰ ਚੰਦ੍ਰਮਾ ਅਤੇ ਸੂਰਜ ਇਕ ਹੀ ਰਾਸ਼ੀ ਵਿਚ ਰਹਿੰਦੇ ਹਨ। ਇਹ ਚੰਦਰ-ਮੰਡਲ ਦੀ ਪੰਦਰਵੀਂ ਕਲਾ ਹੈ। ਸੂਰਜ ਅਤੇ ਚੰਦ੍ਰਮਾ ਦਾ ਜੋ ਆਪਸ ਵਿਚ ਮੇਲ ਹੁੰਦਾ ਹੈ ਉਸ ਨੂੰ ਅਮਾਵਸ ਕਿਹਾ ਜਾਂਦਾ ਹੈ।

ਕੂੜ **ਅਮਾਵਸ** ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।
(145)

ਚਉਦਸ **ਅਮਾਵਸ** ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਰੂਪਿ ਪਰਹਿ।
—ਰਾਮ ਕਬ, ੫, ੨ : ੨ (970)

ਅੰਮਾਵਸ ਮਹਿ ਆਸ ਨਿਵਾਰਹੁ।
—ਗਉ ਕਬ, ਥਿਤੀ ੧ : ੧ (343)

ਅਮਾਵਸਿਆ ਚੰਦੁ ਗੁਪਤੁ ਗੈਣਾਰਿ।

—ਬਿਲਾ ੧, ਥਿਤੀ ੧੯ : ੧ (840)

ਅਰਸਹੁ

(ਅ: ਅਰਸ਼), ਅਸਮਾਨ ਤੋਂ, ਆਕਾਸ਼ ਤੋਂ

ਹੋਵੈ ਸਿਫਤਿ ਖਸੰਮ ਦੀ ਨੂਰੁ **ਅਰਸਹੁ** ਕੁਰਸਹੁ ਝਟੀਐ।

—ਰਾਮ ਬਸ, ਵਾਰ ੨ : ੭ (967)

ਆਸਤ

ਸੂਰਜ ਡੁਬਣ ਸਮੇਂ

ਪਾਠ ਪੁਰਾਣ ਉਦੈ ਨਹੀ **ਆਸਤ**।

—ਮਾਰੂ ੧, ਸੋਲਾ ੧੫, ੧੩ : ੨ (1036)

ਆਸਾੜੁ

ਬਿਕਰਮੀ ਸੰਮਤ ਦਾ ਚੌਥਾ ਮਹੀਨਾ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।

—ਮਾਝ ੫, ਬਾਰਾ ੫ : ੧ (134)

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ।

—ਮਾਝ ੫, ਬਾਰਾ, ੫ : ੬ (134)

ਆਸਾੜੁ ਭਲਾ ਸੂਰਜੁ ਗਗਨਿ ਤਪੈ।

—ਤੁਖਾ ੧, ਬਾਰਾ, ੮ : ੧ (1108)

ਆਦਿਤ

ਸੂਰਜ ਦੇ ਦਿਨ, ਐਤਵਾਰ (Sunday)

ਆਦਿਤ ਕਰੈ ਭਗਤਿ ਆਰੰਭ।

—ਗਉ ਕਬ, ੧, ੧ : ੧ (344)

ਆਦਿਤ ਵਾਰ ਆਦਿ ਪੁਰਖੁ ਹੈ ਸੋਈ।

—ਬਿਲ ੩, ਵਾ ੧, ੧ : ੧ (841)

ਏਕਾਦਸੀ

ਚੰਦਰ ਮਾਸ ਦੀ ਹਨੇਰੇ ਤੇ ਚਾਣਨੇ ਪੱਖ ਦੀ ਦਸ ਤੇ ਇਕ ਅਰਥਾਤ 11ਵੀਂ ਤਿਥਿ, ਇਕਾਦਸ਼ੀ, Eleventh Day of the lunar fortnight. ਇਕ ਮਹੀਨੇ ਵਿਚ ਦੋ ਵਾਰ ਆਉਣ ਕਾਰਣ ਇਕ ਸਾਲ ਵਿਚ ਕੁੱਲ 24 ਏਕਾਦਸ਼ੀਆਂ ਹੁੰਦੀਆਂ ਹਨ। ਬਾਰ੍ਹਾਂ ਕ੍ਰਿਸ਼ਣ ਪੱਖ ਦੀਆਂ ਅਤੇ ਬਾਰ੍ਹਾਂ ਸ਼ੁਕਲ ਪੱਖ ਦੀਆਂ। ਏਕਾਦਸ਼ੀ ਦਾ ਸ਼ਾਬਦਿਕ ਅਰਥ ਹੈ 'ਯਾਰ੍ਹਵੀਂ'।

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ।

—ਗਉ ੫, ਥਿਤੀ ੧੧ : ੧ (299)

ਸਸਿ

ਚੰਦਰਮਾ, ਚੰਨ, Moon, ਸ਼ਸ਼ੀ, ਹੋਰ ਵੇਖੋ 'ਚੰਦ'

ਦਿਨੁ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ।

—ਸਿਰੀ ੧, ਅਸ ੧੭, ੮ : ੨ (64)

ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿ ਪਾਇ।

—ਮਾਰੂ ੫, ੧੧, ੪ : ੧ (100)

ਅੰਮ੍ਰਿਤ ਸਸੀਆ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।

—ਧਨਾ ਤ੍ਰਿਲੋ, ੧੪ : ੧ (695)

ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ।

—ਗਉ ੫, ਸੁਖ ੧੦, ੩ : ੭ (296)

ਸਸੀਅਰੁ ਗਗਨਿ ਜੋਤਿ ਤਿਹੁ ਲੋਈ।

—ਬਿਲਾ ੧, ਥਿਤੀ ੧੯ : ੩ (840)

ਸਾਵਣ

ਬਿਕਰਮੀ ਸੰਮਤ ਦਾ ਪੰਜਵਾਂ ਮਹੀਨਾ, Fifth month in Bikrami Era.

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।

—ਤੁਖਾ ੧, ਬਾਰਾ, ੯ : ੧ (1108)

ਬਿਨੁ ਸਾਵਣ ਘਨਹਰੁ ਗਾਜੈ।

—ਸੋਰ ਨਾਮ, ੩, ੧ : ੨ (657)

ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ।

—ਮਾਝ ੫, ਬਾਰਾ ੬ : ੧ (134)

ਤੇਰੈ ਹੁਕਮੈ ਸਾਵਣੁ ਆਇਆ।

—ਸਿਰੀ ੫, ਅਸ ੨੯, ੨ : ੧ (73)

ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ।

—ਰਾਮ ੩, ਵਾਰ ੧੭, ਮ, ੧, ੧ : ੧ (955)

ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ।

—ਮਲਾ ੧, ਵਾਰ ੧੭ ਸ, ੩, ੧ : ੧ (1285)

ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੇ ਭਾਇ ਪਿਆਰੁ।

—ਮਲਾ ੧, ਵਾਰ ੧੭ਸ, ੩, ੨ : ੧ (1285)

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ।

—ਗਉ ੪, ੬੫, ੪ : ੧ (173)

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ।

—ਮਲਾ ੧, ਵਾਰ ੪ਸ, ੨, ੧ : ੧ (1280)

ਸਾਵਣੁ ਆਇਆ ਝਿਮਝਿਮ ਹਰਿ ਗੁਰਮੁਖਿ ਨਾਮੁ ਧਿਆਇ।

—ਸਾਰ ੪, ਵਾਰ ੩੪ਸ, ੪, ੩ : ੧ (1250)

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ।

—ਮਾਝ ੫, ਬਾਰਾ, ੬ : ੯ (134)

ਸਿਸੀਅਰ

ਮਾਘੁ ਫਗਣ ਦੀ ਰੁਤ, ਸਿਆਲ

ਰੁਤਿ **ਸਿਸੀਅਰ** ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ।

—ਰਾਮ ੫, ਰੁਤੀ, ੬ : ੧ (929)

ਸਿਖੰਡੰ

ਭੂ-ਖੰਡ, ਦੇਸ਼

ਘਟੰਤ ਬਸੁਧਾ ਗਿਰਿਤਰ **ਸਿਖੰਡੰ**।

—ਸਸ ੫, ੯ : ੨ (1354)

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ **ਸਿਖੰਡਣਹ**।

—ਗਾਥਾ ੫, ੨ : ੧ (1360)

ਸੁਕ੍ਰਵਾਰਿ

ਸਾਤੇ (ਹਫਤੇ) ਦਾ ਪੰਜਵਾਂ ਦਿਨ, ਵੀਰਵਾਰ ਤੇ ਛਨਿਚਰਵਾਰ ਦੇ ਵਿਚਕਾਰਲਾ ਦਿਨ, Friday.

ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ।

—ਬਿਲਾ ੩, ਛਾ ੧, ੭ : ੧ (841)

ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ।

—ਗਉ ਕਬ, ਵਾ ੬ : ੧ (344)

ਸੁੰਨ

ਸੁੰਞ, ਉਹ ਅਵਸਥਾ ਜਦੋਂ ਕੁਝ ਵੀ ਨਹੀਂ ਸੀ,

ਆਪਹਿ **ਸੁੰਨ** ਆਪਹਿ ਸੁਖ ਆਸਨ।

—ਗਉ ੫, ਬਾਅ ੧ : ੩ (250)

ਸੂਰਜ

ਸੂਰਜ (Sun), ਦਿਵਾਕਰ, ਇਕ ਅਗਨ ਦੇ ਗੋਲੇ ਵਰਗਾ ਸਿਆਰਾ ਜਿਸ ਦੇ ਸਾਹਮਣੇ ਆਉਣ/ਪ੍ਰਗਟ ਹੋਣ ਨਾਲ ਹਰ ਥਾਂ ਰੋਸ਼ਨ ਹੋ ਜਾਂਦੀ ਹੈ। ਇਸ ਨੂੰ 'ਸੂਰ' ਵੀ ਕਿਹਾ ਜਾਂਦਾ ਹੈ। ਵਿਗਿਆਨਿਕ ਦ੍ਰਿਸ਼ਟੀ ਤੋਂ ਸੂਰਜ ਮਘਦੀਆਂ ਗੈਸਾਂ ਦਾ ਇਕ ਬਹੁਤ ਵੱਡਾ ਗੋਲਾ ਹੈ। ਇਸ ਵਿਚ ਪ੍ਰਕਾਸ਼, ਗਰਮੀ, ਸ਼ਕਤੀ ਆਦਿ ਪੂਰੀ ਸ਼ਿਦਤ ਨਾਲ ਸਮੋਈਆਂ ਹੋਈਆਂ ਹਨ। ਸੂਰਜ-ਮੰਡਲ (ਪਰਿਵਾਰ) ਦੇ ਸਿਤਾਰਿਆਂ ਵਿਚ ਇਸ ਦੀ ਪ੍ਰਧਾਨਤਾ ਹੈ। ਇਹ ਆਕਾਸ਼ ਵਿਚ ਭਾਵੇਂ ਸਭ ਨਾਲੋਂ ਵੱਡਾ ਅਤੇ ਚਮਕੀਲਾ ਦਿਸਦਾ ਹੈ, ਪਰ ਇਸ ਤੋਂ ਵੀ ਵੱਡੇ ਕਈ ਹੋਰ ਸਿਤਾਰੇ ਹਨ। ਇਹ ਧਰਤੀ ਨਾਲੋਂ ਔਸਤਨ 14

ਕਰੋੜ ਕਿਲੋਮੀਟਰ ਦੂਰ ਹੈ ਅਤੇ ਇਸ ਦਾ ਘੇਰਾ ਧਰਤੀ ਤੋਂ 109 ਗੁਣਾ ਵੱਡਾ ਹੈ। ਸੂਰਜ-ਮੰਡਲ ਦੇ ਤਾਰੇ ਗੁਰੁਵਤੀ ਖਿਚ ਕਾਰਣ ਸੂਰਜ ਦੇ ਆਸਪਾਸ ਚੱਕਰ ਲਾਉਂਦੇ ਹਨ। ਧਰਤੀ ਵੀ ਇਸ ਦੇ ਦੁਆਲੇ ਘੁੰਮਦੀ ਹੈ। ਇਸੇ ਕਾਰਨ ਧਰਤੀ ਉੱਤੇ ਜੀਵਨ ਦਾ ਸੰਚਾਰ ਅਤੇ ਵਿਕਾਸ ਸੰਭਵ ਹੁੰਦਾ ਹੈ। ਗੁਰਬਾਣੀ ਵਿਚ ਇਸ ਨੂੰ ਦਿਨੀਅਰੁ, ਭਾਣੁ, ਭਾਨੁ ਆਦਿ ਵੀ ਆਖਿਆ ਗਿਆ ਹੈ।

> ਤਹ ਭਇਆ ਪ੍ਰਕਾਸੁ ਮਿਟਿਆ ਅੰਧਿਆਰਾ ਜਿਉ **ਸੂਰਜ**-ਰੈਣਿ ਕਿਰਾਖੀ।
>
> —ਸਿਰੀ ੪, ਵਾਰ ੧੨ : ੪ (87)
>
> **ਸੂਰਜੁ** ਏਕੋ ਰੁਤਿ ਅਨੇਕ।
>
> —ਆਸਾ ੧, ਸੋਹ ੨, ੨ : ੨ (12)
>
> ਆਪੇ ਸਸਿ **ਸੂਰਾ** ਪੂਰੋ **ਪੂਰਾ**।
>
> —ਮਾਰੂ ੧, ਸੋਲ ੧, ੪ : ੧ (1020)
>
> ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ **ਦਿਨੀਅਰੁ** ਦੇਖੀਐ।
>
> —ਆਸਾ ੫, ਛੰਤ ੪, ੩ : ੧ (455)
>
> **ਦਿਨੀਅਰੁ** ਸੂਰ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ।
>
> —ਧਨਾ ੪, ੬, ੩ : ੨ (668)
>
> ਸੋਈ ਚੰਦੁ ਚੜਹਿ ਸੇਤਾਰੇ ਸੋਈ **ਦਿਨੀਅਰੁ** ਤਪਤ ਰਹੈ।
>
> —ਰਾਮ ੧, ਅਸ ੧, ੧ : ੧ (902)
>
> ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ **ਭਾਣੁ**।
>
> —ਰਾਮ ਬਸ, ਵਾਰ ੬ : ੮ (968)
>
> ਨਿਸਿ ਬਾਸੁਰ ਏਕ ਸਮਾਨ ਧਿਆਨ ਸੁਨਾਮ ਸੁਨੇ ਸੁਤੁ **ਭਾਲ** ਡਰੁਉ।
>
> —ਸਵ ੪, ਨਾਲ ੧੧ : ੩ (1400)
>
> ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ **ਭਾਨੁ** ਜਬ ਚੀਨਾ।
>
> —ਗਉ ਕਬ, ਅਸ ੪੩, ੨ : ੨ (332)

ਸੋਮਵਾਰਿ

ਚੰਦਰਮਾ ਦਾ ਵਾਰ, ਹਫ਼ਤੇ ਦਾ ਦੂਜਾ ਦਿਨ, ਐਤਵਾਰ ਤੋਂ ਬਾਅਦ ਦਾ ਵਾਰ, Monday.

> **ਸੋਮਵਾਰਿ** ਸਸਿ ਅੰਮ੍ਰਿਤੁ ਝਰੈ।
>
> —ਗਉ ਕਬ, ਵਾਰ ੨ : ੧ (344)

ਹਿਮਕਰ

ਮਘਰ, ਪੋਹ ਦੀ ਰੁਤ, ਬਰਫ਼ ਪੈਣ ਵਾਲੀ ਰੁਤ,

> **ਹਿਮਕਰ** ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।
>
> —ਰਾਮ ੫ ਰੁਤੀ ੭ : ੧ (929)

ਕਤਕਿ

ਬਿਕ੍ਰਮੀ ਸੰਮਤ ਦਾ ਸਤਵਾਂ ਮਹੀਨਾ,

ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ।

—ਮਾਝ ੫, ਬਾਰਾ, ੯ : ੯ (135)

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ।

—ਤੁਖਾ ੧, ਬਾਰਾ ੧੨ : ੧ (1109)

ਰੁਤਿ ਸਰਬ ਅਡੰਬਰੋ ਅਸੂ **ਕਤਕੇ** ਹਰਿ ਪਿਆਸ ਜੀਉ।

—ਰਾਮ ੫, ਰੁਤੀ ੫ : ੧ (928)

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।

—ਮਾਝ ੫, ਬਾਰਾ ੯ : ੧ (135)

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।

—ਅਸਾ ਫ਼ਰ, ੨, ੬ : ੧ (135)

ਖਸਟਮਿ

ਛੇਵੀਂ ਥਿੱਤ, Sixth phase of the moon.

ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤ ਕਥਹਿ ਅਨੇਕ।

—ਗਉ ੫, ਥਿਤੀ ੬ : ੧ (298)

ਖਸਟੀ ਖਟੁ ਦਰਸਨ ਪ੍ਰਭ ਸਾਜੇ।

—ਬਿਲਾ ੧, ਥਿਤੀ ੮ : ੧ (839)

ਖੰਡ

ਸ੍ਰਿਸ਼ਟੀ (ਬ੍ਰਹਮੰਡ) ਦੇ ਹਿੱਸੇ, ਭਾਗਾਂ, ਧਰਤੀ ਦੇ ਹਿੱਸੇ, ਇਸ ਨੂੰ ਗੋਲਾਕਾਰ ਬ੍ਰਹਮੰਡ ਵੀ ਆਖਦੇ ਹਨ। ਇਹ ਹਿੱਸਾ ਖਗੋਲ ਜਾਂ ਭੂਗੋਲ ਹੈ।

ਗਾਵਹਿ **ਖੰਡ** ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ।

—ਜਪੁ ੧, ੨੭, ੧੪ (6)

ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਉ।

—ਦੇਵ ੫, ੩੩, ੧ : ੨ (535)

ਨਵਾ **ਖੰਡਾ** ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ।

—ਜਪੁ ੧, ੭ : ੨ (2)

ਦੀਪਾਂ ਲੋਆਂ ਮੰਡਲਾ **ਖੰਡਾ** ਵਰਭੰਡਾਹ।

—ਆਸਾ ੧, ਵਾਰ ੮ਸ, ੧, ੧ : ੨ (467)

ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ।

—ਸਿਰੀ ੪, ਛੰਤ ੧, ੪ : ੪ (79)

ਗਗਨ

ਅਸਮਾਨ, ਆਕਾਸ਼, ਹੋਰ ਵੇਖੋ 'ਅਸਮਾਨ'

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ। —ਧਨਾ ੧, ਸੋਹ ੩, ੧ : ੧ (13)

ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ **ਗਗਨਾ** ਗਾਵਏ।

—ਆਸਾ ੫, ਛੰਤ ੫, ੩ : ੩ (456)

ਜੈਸੀ **ਗਗਨਿ** ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।

—ਗਉ ੪, ੫੧, ੨ : ੧ (168)

ਅਰਧ ਉਰਧ ਮੁਖਿ ਲਾਗੋ **ਕਾਸੁ**।

—ਭੈਰ ਕਬ, ਅਸ ੧, ੫ : ੧ (1162)

ਗਰਹ

ਗ੍ਰਹਿ, ਸੂਰਜ ਚੰਦ ਤੇ ਹੋਰ ਤਾਰੇ, Orbits. ਪ੍ਰਾਚੀਨ ਟਾਲਮੀ ਜਾਂ ਭੂਕੇਂਦਰੀ ਖਗੋਲ-ਵਿਗਿਆਨ ਵਿਚ 'ਗ੍ਰਹਿ' ਸ਼ਬਦ ਉਨ੍ਹਾਂ ਸੱਤ ਖਗੋਲੀ ਪਿੰਡਾਂ ਲਈ ਵਰਤਿਆ ਜਾਂਦਾ ਸੀ, ਜਿਹੜੇ ਕੁਝ ਅਖੌਤੀ ਸਥਿਰ ਤਾਰਿਆਂ ਦੇ ਮੁਕਾਬਲੇ ਆਪਣੀ ਜਗ੍ਹਾ ਬਦਲਦੇ ਦਿਖਾਈ ਦਿੰਦੇ ਸਨ। ਇਹ ਪਿੰਡ ਸੂਰਜ, ਚੰਦਰਮਾ, ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤ ਅਤੇ ਸਨਿੱਚਰ ਸਨ। ਇਹ ਸਾਰੇ ਧਰਤੀ ਦੁਆਲੇ ਘੁੰਮਦੇ ਮੰਨੇ ਜਾਂਦੇ ਸਨ। ਵਿਗਿਆਨੀਆਂ ਨੇ ਇਹ ਖੋਜ ਵੀ ਕੀਤੀ ਹੈ ਕਿ ਵੱਡੇ ਗ੍ਰਹਿਆਂ ਵਿਚੋਂ ਬਹੁਤ ਸਾਰਿਆਂ ਦੇ ਉਪ-ਗ੍ਰਹਿ ਜਾਂ ਚੰਦਰਮਾ ਹੁੰਦੇ ਹਨ। ਨੈਪਟਿਊਨ ਦੇ ਦੋ, ਯੂਰੇਨਸ ਦੇ ਪੰਜ, ਸਨਿੱਚਰ ਦੇ ਨੌਂ, ਬ੍ਰਹਿਸਪਤ ਦੇ ਬਾਰਾਂ, ਮੰਗਲ ਦੇ ਦੋ ਅਤੇ ਧਰਤੀ ਦੇ ਇਕ ਉਪ-ਗ੍ਰਹਿ ਦਾ ਪਤਾ ਲੱਗ ਚੁੱਕਾ ਹੈ।

ਜੇ ਦੇਵੈ ਦੁਖੁ ਲਾਈਐ ਪਾਪ **ਗਰਹ** ਦੁਇ ਰਾਹੁ।

—ਮਾਝ ੧, ਵਾਰ ੯ਸ, ੧, ੩ : ੧ (142)

ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ।

—ਆਸਾ ੫, ੧੨੦, ੧ : ੨ (400)

ਗੈਣ

ਆਕਾਸ਼ ਮੰਡਲ, ਅਕਾਸ਼, ਗੈਨ,

ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ **ਗੈਣ**।

—ਮਾਝ ੫, ਦਿਨ ੧ : ੫ (136)

ਹੁਕਮੇ ਪਉਣ ਪਾਣੀ **ਗੈਣਾਰੰ**।

—ਮਾਰੂ ੧, ਸੋਲਾ ੧੬, ੧੧ : ੨ (1037)

ਸੂਰਜ ਕਿਰਣਿ ਨ ਬਿਜੁਲਿ **ਗੈਣਾਰਾ**।

—ਮਾਰੂ ੧, ਸੋਲਾ ੧੩, ੮ : ੨ (1033)

ਅਮਾਵਸਿਆ ਚੰਦੁ ਗੁਪਤੁ **ਗੈਣਾਰਿ**।

—ਬਿਲਾ ੧, ਥਿਤੀ ੧੯ : ੧ (840)

ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ **ਗੈਣਾਰੇ**।

—ਵਡ ੧, ਅਲਾ ੩, ੫ : ੧ (580)

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚਿੜੀ ਬਿਲ ਲਾਇ।

—ਮਲਾ ੧, ਵਾਰ ੧੯ ਸ, ੧, ੨ : ੫ (1286)

ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ।

—ਧਨਾ ੫, ੧੩, ੨ : ੧ (674)

ਚਉਥਿ

ਚੌਥੀ ਤਿੱਥ

ਚਉਥਿ ਉਪਾਏ ਚਾਰੇ ਬੇਦਾ।

—ਬਿਲਾ ੧, ਥਿਤੀ, ੫ : ੧ (839)

ਚਉਦਸ

ਚੌਦਵੀਂ ਤਿਥਿ, ਚੌਦਵੀਂ ਥਿਤ ਦੁਆਰਾ,

ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ।

—ਰਾਮ ਕਬ, ੫, ੨ : ੨ (970)

ਚਉਦਸਿ ਚਉਦਹ ਲੋਕ ਮਝਾਰਿ।

—ਗਉ ਕਬ, ਥਿਤੀ ੧੫ : ੨ (344)

ਚਉਦਹਿ ਚਾਰਿ ਕੁੰਟ ਪ੍ਰਭ ਆਪ।

—ਗਉ ੫, ਥਿਤੀ ੧੪ : ੧ (299)

ਚਤੁਰਥਿ

ਚਉਥੀ ਤਿੱਥ

ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ।

—ਗਉ ੫, ਥਿਤੀ ੪ : ੧ (297)

ਚੇਤਿ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।

—ਮਾਝ ੫, ਬਾਰਾ, ੨ : ੧ (133)

ਚੇਤਿ ਮਿਲਾਏ ਸੋ ਪ੍ਰਭੁ ਤਿਸ ਕੈ ਪਾਇ ਲਗਾ।

—ਮਾਝ ੫, ਬਾਰਾ, ੨ : ੬ (133)

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।

—ਤੁਖਾ ੧, ਬਾਰਾ, ੫ : ੧ (1107)

ਚੰਦ

ਚੰਦਰਮਾ, ਚੰਨ ਵਰਗੀ ਰੋਸ਼ਨੀ, ਚਾਦਨਾ, ਚੰਨ ਦੀ ਚਾਂਨਣੀ

ਇਹ ਧਰਤੀ ਦਾ ਇਕੋ ਇਕ ਕੁਦਰਤੀ ਉਪਗ੍ਰਹਿ ਹੈ। ਇਹ ਧਰਤੀ ਤੋਂ 348,403 ਕਿਲੋਮੀਟਰ ਦੂਰ ਹੈ। ਇਹ ਦੂਰੀ ਧਰਤੀ ਦੀ ਪ੍ਰਕਾਸ਼ ਮੰਡਲ ਦੇ 30 ਗੁਣਾ ਹੈ। ਚੰਦਰਮਾ ਨੂੰ ਧਰਤੀ ਦਾ ਇਕ ਚੱਕਰ ਲਗਾਉਣ ਲਈ 27.3 ਦਿਨ ਲੱਗਦੇ ਹਨ। ਚੰਦਰਮਾ ਉੱਤੇ ਗੁਰੁਤਵਾਕਰਸ਼ਣ ਧਰਤੀ ਵਲੋਂ 1/6 ਹੈ। ਧਰਤੀ-ਚੰਦਰਮਾ-ਸੂਰਜ ਜਿਆਮਿਤੀ ਦੇ

ਕਾਰਨ ਚੰਦਰਮਾ ਦੀ ਸਥਿਤੀ ਹਰ 29.5 ਦਿਨਾਂ ਵਿਚ ਬਦਲਦੀ ਹੈ। ਅੰਤਰਿਕਸ਼ ਵਿਚ ਮਨੁੱਖ ਸਿਰਫ਼ ਚੰਦਰਮਾ ਉੱਤੇ ਹੀ ਕਦਮ ਰੱਖ ਸਕਿਆ ਹੈ। ਗੁਰਬਾਣੀ ਵਿਚ 'ਚੰਦ' ਲਈ ਸ਼ਬਦ ਸਸਿ, ਸੋਮ, ਚੰਦਸਤ, ਚੰਦੁ, ਚਾਂਦ, ਚਾਦਨਾ ਆਦਿ ਆਏ ਹਨ।

ਕੇਤੇ ਇੰਦ ਚੰਦ ਸੂ ਕੇਤੇ ਕੇਤੇ ਮੰਡਲ ਦੇਸ।

—ਜਪੁ ੧, ੩੫ : ੬ (7)

ਚੰਦ ਸੂਰਜ ਕੀ ਪਾਏ ਗੰਢਿ।

—ਰਾਮ ੩, ਵਾਰ ੧੨ਸ, ੧, ੪ : ੩ (952)

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।

—ਆਸਾ ੧, ਵਾਰ ੧ਸ, ੨, ੨ : ੧ (463)

ਚੰਦਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤ ਕੀਆ।

—ਮਾਰੂ ਜੈਦੇ, ੧, ੧ : ੧ (1106)

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ।

—ਧਨਾ ੧, ਸੋਹ ੩, ੧ : ੧ (13)

ਕੂੜੁ ਆਵਸ ਸਚੁ ਚੰਦ੍ਰਮਾ ਦੀਸੈ ਨਾ ਹੀ ਕਹ ਚੜਿਆ।

—ਮਾਝ ੧, ਵਾਰ ੧੬ਸ, ੧, ੧ : ੨ (145)

ਕੋਟਿ ਚੰਦ੍ਰਮੇ ਕਰਹਿ ਚਰਾਕ।

—ਭੈਰ ਕਬ, ਅਸ ੨, ੨ : ੧ (1163)

ਵਰਤ ਕਰਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ।

—ਮਾਰੂ ੫, ਵਾਰ ੧੩ : ੩ (1099)

ਸੂਰ ਸੁਰ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁਸੁ ਸਨਬੰਧੁ ਕੀਜੈ।

—ਮਾਰੂ ੧, ੯, ੧ : ੧ (991)

ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ।

—ਸਲੋ ਕਬ, ੧੭੯ : ੧ (1374)

ਚਾਦਨਾ ਚਾਦੁਨ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ।

—ਮਾਰੂ ੫, ਅਸ ੪, ੧ : ੧ (1018)

ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ।

—ਕਾਨ ੫, ੧੬, ੨ : ੧ (1301)

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ।

—ਮਾਰੂ ੫, ਅਸ ੪, ੧ : ੧ (1018)

ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ।

—ਆਸਾ ੧, ਵਾਰ ੨੧ਸ, ੨, ੨ : ੧ (463)

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।

—ਧਨਾ ੧, ਸੋਹ ੩, ੩ : ੨ (13)

ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ।

—ਰਾਮ ੩, ਵਾਰ ੧ : ੪ (947)

ਅੰਧੇਰਾ ਚਾਨਣੁ ਆਪੇ ਕੀਆ।

—ਮਾਰੂ ੩, ਸੋਲਾ ੧੩, ੩ : ੨ (1056)

ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ।

—ਸੋਰ ੪, ੫, ੧ : ੧ (606)

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ।

—ਧਨਾ ੧, ਛੰਤ ੧, ੧ : ੬ (687)

ਛੰਛਾਰਾ

ਸੰਸਾਰ

ਤਹ ਦੀਪਕ ਜਲੈ ਛੰਛਾਰਾ।

—ਸੋਰ ਨਾਮ, ੧, ੪, ੨ (657)

ਛਨਿਛਰਵਾਰਿ

ਹਫ਼ਤੇ ਦਾ ਛੇਵਾਂ ਦਿਨ, Saturday.

ਛਨਿਛਰਵਾਰਿ ਸਉਣ ਸਾਸਤ ਬੀਚਾਰੁ।

—ਬਿਲਾ ੩, ਵਾਰ ੧, ੮ : ੧ (841)

ਜਹਾਨ

ਸੰਸਾਰ, ਜਗਤ ਦੁਨੀਆ, ਹੋਰ ਵੇਖੋ 'ਉਤਪਤਿ'

ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ।

—ਸਿਰੀ ੫, ੮੦, ੪ : ੨ (45)

ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ਕਵਲ ਉਪਮਾ ਦੇਉ ਬਡੇ ਤੇ ਬਡਾਨੰ।

—ਸਮੁ ੫, ੪ : ੨ (1386)

ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।

—ਸਿਰੀ ੫, ੮੬, ੪ : ੨ (48)

ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨੁ।

—ਬਿਲਾ ੫, ੧੧੫, ੧ : ੧ (827)

ਆਪੇ ਵੇਖੇ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ।

—ਸਿਰੀ ੧, ੩੧, ੪ : ੨ (25)

ਜਗ

ਸੰਸਾਰ, ਜਗਤ, ਹੋਰ ਵੇਖੋ 'ਉਤਪਿਤ'

ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ।

—ਸਿਰੀ ੪, ੭੧, ੪ : ੪ (42)

ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ।

—ਬਿਲਾ ੪, ਵਾਰ ੫ : ੧ (851)

ਦਿਵਸੁ ਰਾਤਿ ਦੁਇ ਦਾਇ ਦਾਇਆ ਖੇਲੈ ਸਗਲ ਜਗਤੁ।

—ਜਪੁ ੧, ੩੮ਸ : ੨ (8)

ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।

—ਸਿਰੀ ੧, ੧੧, ੩ : ੧ (18)

ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ।

—ਸਿਰੀ ੧, ਅਸ ੧੬, ੭ : ੨ (64)

ਜੇਠ

ਬਿਕਰਮੀ ਸੰਮਤ ਦਾ ਤੀਜਾ ਮਹੀਨਾ,

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ।

—ਤੁਖਾ ੧, ਬਾਰਾ, ੭ : ੧ (1108)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ।

—ਮਾਝ ੫, ਬਾਰਾ ੪ : ੧ (134)

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗ ਮਥੰਨਿ।

—ਮਾਝ ੫, ਬਾਰਾ ੪ : ੯ (134)

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਨਿ ਮਿਲੈ ਗੁਣ ਗਹਿਲੀ।

—ਤੁਖਾ ੧, ਬਾਰਾ, ੭ : ੬ (1108)

ਤ੍ਰਉਦਸੀ

ਚੰਦਰਮਾ ਦੇ ਪੱਖ ਦੀ ਤੇਰ੍ਹਵੀਂ ਤਿਥਿ

ਤ੍ਰਉਦਸੀ ਤੀਨਿ ਤਾਪ ਸੰਸਾਰਾ।

—ਗਉ ੫, ਥਿਤੀ ੧੩ : ੧ (299)

ਤਾਰਾ

ਸਿਤਾਰਾ (Star), ਗਗਨ ਮੰਡਲ ਵਿਚ ਚਮਕਦੇ ਪਦਾਰਥ, ਨਛੱਤਰ

ਝਿਲਮਿਲ ਝਿਲਕੈ ਚੰਦੁ ਨ ਤਾਰਾ।

—ਮਾਰੂ ੧, ਸੋਲ ੧੩, ੮ : ੧ (1033)

ਤਾਰਾ ਚੜਿਆ ਲੰਮਾ ਕਿਓ ਨਦਰਿ ਨਿਹਾਲਿਆ ਰਾਮ।

—ਤੁਖਾ ੧, ਛੰਤ ੨, ੧ : ੧ (1110)

ਗਿਰਿ ਤਰ ਧਰਣਿ ਗਗਨ ਅਰੁ ਤਾਰੇ।

—ਗਉ ੫, ਅਸ ੪, ੩ : ੧ (237)

ਓਇ ਜੁ ਦੀਸਹਿ ਅੰਬਰਿ ਤਾਰੇ।

—ਗਉ ਕਬ, ੨੯, ੧ : ੧ (329)

ਤ੍ਰਿਭਵਣ

ਤਿੰਨ ਲੋਕ-ਆਕਾਸ, ਪਾਤਾਲ ਤੇ ਧਰਤੀ ਤਿੰਨ ਭਵਨ ਭਾਵ ਸਾਰਾ ਸੰਸਾਰ, ਸਾਰੀ ਸ੍ਰਿਸ਼ਟੀ, ਤ੍ਰੈਲੋਕੀ,

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ **ਤ੍ਰਿਭਵਣ** ਮੇਖੁਲੀ ਲਾਈ।

—ਸਿਰੀ ਕਬ, ੩, ੧ : ੨ (92)

ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ।

—ਗਉ ੧, ੧੫, ੨ : ੨ (155)

ਤਦਹੁ ਆਕਾਸੁ ਨ ਪਾਤਾਲੁ ਹੈ ਨਾ **ਤ੍ਰੈ** ਲੋਈ।

—ਗੂਜ ੩, ਵਾਰ ੧ : ੩ (509)

ਤ੍ਰੈਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ।

—ਤੁਖਾ ੧, ਛੰਤ ੬, ੩ : ੪ (1113)

ਥਿਤਿ

ਤਿੱਥ, ਚੰਦਰਮਾ ਦੇ ਘਟਨ ਵਧਨ ਅਨੁਸਾਰ ਬਣਿਆ ਦਿਨ, ਚੰਨ ਦੇ ਧਰਤੀ ਦੁਆਰੇ ਚੱਕਰ ਅਨੁਸਾਰ ਮਿਥੇ ਸਮੇਂ ਦੀ ਇਕ ਇਕਾਈ।

ਕਵਣ ਸੁ ਵੇਲਾ ਵਖਤੁ ਕਵਣੁ ਕਵਣ **ਥਿਤਿ** ਕਵਣੁ ਵਾਰੁ।

—ਜਪੁ ੧, ੨੧ : ੯ (4)

ਮਰਣਿ ਨ ਮੂਰਤੁ ਪੁਛਿਆ ਪੁਛੀ **ਥਿਤਿ** ਨ ਵਾਰੁ।

—ਸਾਰ ੪, ਵਾਰ ੧੭ਸ, ੧, ੧ : ੧ (1244)

ਰਾਤੀ ਰੁਤੀ **ਥਿਤੀ** ਵਾਰ।

—ਜਪੁ ੧, ੩੪ : ੧ (7)

ਪੰਦ੍ਰਹ **ਥਿੰਤੀ** ਸਾਤ ਵਾਰ।

—ਗਉ ਕਬ, ਥਿਤੀ ੧ਸ : ੧ (343)

ਸਗਲੀ **ਥੀਤਿ** ਪਾਸਿ ਡਾਰਿ ਰਾਖੀ।

—ਭੈਰ ੫, ੧, ੧ : ੧ (1136)

ਦਸਮੀ

ਚੰਦਰਮਾ ਦੇ ਪੱਖ ਦੀ ਦਸਵੀਂ ਤਿੱਥ,

ਦਸਮੀ ਦਸ ਦੁਆਰ ਬਸਿ ਕੀਨੇ।

—ਗਉ ੫, ਥਿਤੀ ੧੦ : ੧ (298)

ਧਰਣ

ਧਰਤੀ, ਜ਼ਮੀਨ, ਭੂਮੀ, ਪ੍ਰਿਥਵੀ, Earth; ਹੋਰ ਦੇਖੋ 'ਉਤਪਤਿ'

ਤੁਧੁ ਥਾਪੇ ਚਾਰੇ ਜੁਗਤੁ ਤੂ ਕਰਤਾ ਸਗਲ **ਧਰਣ**।

—ਮਾਰੂ ੫, ਵਾਰ ੨ : ੫ (1095)

ਰਖਿ ਰਖਿ ਪੈਰ ਧਰੇ ਪਉ **ਧਰਣਾ**।

—ਮਾਰੂ ੧, ਸੋਲਾ ੫, ੧੫ : ੧ (1023)

ਕਲਾ ਉਪਾਇ ਧਰੀ ਜਿਨਿ **ਧਰਣਾ**।

—ਮਾਰੂ ੫, ਸੋਲਾ ੧, ੧ : ੧ (1071)

ਜਿਨਿ ਧਾਰੇ ਬਹੁ **ਧਰਣਿ** ਅਗਾਸ।

—ਗਉ ੫, ੬੫, ੨ : ੧ (184)

ਸੁਣਿਐ **ਧਰਤਿ** ਧਵਲ ਆਕਾਸ।

—ਜਪੁ ੧, ੮ : ੨ (2)

ਧਰਤੀ ਹੋਰੁ ਪਰੈ ਹੋਰੁ ਹੋਰੁ।

—ਜਪੁ ੧, ੧੬ : ੧੧ (3)

ਸਭੇ ਰੁਤੀ ਮਾਹ ਸਭਿ ਸਭਿ **ਧਰਤੀ** ਸਭਿ ਭਾਰ।

—ਸਾਰ ੪, ਵਾਰ ੧੧ਸ, ੧, ੧ : ੨ (1241)

ਸਾਗਰ ਇੰਦ੍ਰਾ ਅਰੁ **ਧਰਤੇਵ**।

—ਭੈਰ ਕਬ, ੧੩, ੫ : ੨ (1160)

ਹਰਿ ਸਿਮਰਨਿ ਧਾਰੀ ਸਭ **ਧਰਨਾ**।

—ਗਉ ੫, ਸੁਖ ੧, ੮ : ੫ (263)

ਨਖਿਅਤ੍ਰ

ਤਾਰਿਆਂ ਦੇ ਸਮੂਹ ਚੰਦਰਮਾ ਦੇ ਰਾਹ ਵਿਚ ਆਉਂਦੇ ਤਾਰਾ-ਸਮੂਹ ਜੋ 27 ਮੰਨੇ ਜਾਂਦੇ ਹਨ, ਤਾਰੇ, ਤਾਰਾ-ਸਮੂਹ। ਇਹ ਸ਼ਬਦ 'ਰਿਗਵੇਦ' ਵਿਚ ਤਾਰੇ ਲਈ ਵਰਤਿਆ ਗਿਆ ਹੈ। ਅਸਲ ਵਿਚ ਇਹ ਜੋਤਿਸ਼-ਸ਼ਾਸਤ੍ਰ ਅਨੁਸਾਰ ਤਾਰਿਆਂ ਦਾ ਸਮੁੱਚ ਜਾਂ ਪਿੰਡ ਹੈ ਜੋ ਖਗੋਲ ਵਿਚ ਚੰਦ੍ਰਮਾ ਦਾ ਮਾਰਗ ਬਣਾਉਂਦਾ ਹੈ।

ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।

—ਆਸਾ ੫, ਛੰਤ ੫, ੩ : ੩ (456)

ਅਨਿਕ ਸੂਰ ਸਸੀਅਰ **ਨਖਿਆਤਿ**।

—ਸਾਰ ੫, ਅਸ ੨, ੪ : ੩ (1236)

ਕਈ ਕੋਟਿ ਸਸੀਅਰ ਸੂਰ **ਨਖ੍ਯ੍ਤ੍ਰ**।

—ਗਉ ੫, ਸੁਖ ੧੦, ੩ : ੭ (276)

ਡਰਪੈ ਧਰਤਿ ਅਕਾਸੁ **ਨਖ੍ਯ੍ਤ੍ਰਾ** ਸਿਰ ਊਪਰਿ ਅਮਰੁ ਕਰਾਰਾ।

—ਮਾਰੂ ੫, ੧, ੧ : ੧ (998)

ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ **ਨਖ੍ਯ੍ਤ੍ਰ** ਗਗਨੰ।

—ਸਸ ੫, ੯ : ੧ (1354)

ਨਵਗ੍ਰਹ

ਜੋਤਿਸ਼ ਅਨੁਸਾਰ ਨੌਂ ਗ੍ਰਹਿ ਹਨ : ਸੂਰਜ, ਚੰਦਰਮਾ, ਮੰਗਲ, ਬੁਧ, ਬ੍ਰਿਹਸਪਤੀ, ਸ਼ੁਕਰ, ਸ਼ਨੀ, ਗੁਰੂ ਤੇ ਕੇਤੂ।

ਨਵ ਗ੍ਰਹ ਕੋਟਿ ਠਾਢੇ ਦਰਬਾਰ।

—ਭੈਰ ਕਬ, ਅਸ ੨, ੨ : ੩ (1163)

ਪਰਲੌ

ਨਾਸ ਹੋਣ ਦੀ ਕਿਰਿਆ, Doomsday, Final destruction of the universe, ਸੰਸਾਰ ਦੀ ਪ੍ਰਕ੍ਰਿਤੀ ਦਾ ਨਾਸ ਹੋਣ।

ਅਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੋ ਏਕੈ ਨਿਮਖਤੁ ਘਰਿ।

—ਸਮੁ ੫, ੨ : ੨ (1385)

ਉਤਪਤਿ ਪਰਲਉ ਸਬਦੇ ਹੋਵੈ।

—ਮਾਝ ੩, ੧੪, ੧ : ੧ (117)

ਪਾਤਾਲ

ਪ੍ਰਿਥਵੀ ਦੇ ਹੇਠਲੇ ਲੋਕ, ਇਹ ਪਾਤਾਲ ਗਿਣਤੀ ਵਿਚ ਸੱਤ ਦੱਸੇ ਜਾਂਦੇ ਹਨ। ਵਿਸ਼ਣੂ-ਪੁਰਾਣ ਅਤੇ ਪਦਮ-ਪੁਰਾਣ ਵਿਚ ਸਤ ਨਾਂ ਦਿੱਤੇ ਹਨ ਪਰ ਸ਼ਿਵ-ਪੁਰਾਣ ਨੇ ਗਿਣਤੀ ਅੱਠ ਦੱਸੀ ਹੈ।

ਸੁਣਿਐ ਦੀਪ ਲੋਅ ਪਾਤਾਲ।

—ਜਪੁ ੧, ੮ : ੩ (2)

ਪਾਤਾਲਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ।

—ਸਵ ੧, ੬ : ੫ (1390)

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।

—ਜਪੁ ੧, ੨੨ : ੧ (5)

ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ।

—ਸਿਰੀ ੧, ਅਸ ੧੩, ੯ : ੧ (62)

ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ।

—ਗੋਂਡ ਕਬ, ੩, ੧ : ੧ (870)

ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।

—ਆਸਾ ੫, ੪੪, ੧ : ੧ (381)

ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।

—ਗੂਜ ੩, ਵਾਰ ੧ : ੩ (509)

ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭਯੰਗਮ।

—ਸਵ ੧, ੯ : ੧ (1390)

ਪਿਰਥਮੀ

ਧਰਤੀ, ਸ੍ਰਿਸ਼ਟੀ, ਹੋਰ ਵੇਖੋ 'ਉਤਪਤਿ'

ਪਾਹਨ ਬੋਰੀ **ਪਿਰਥਮੀ** ਪੰਡਿਤ ਪਾੜੀ ਬਾਟ।

—ਸਲੋ ਕਬ, ੧੩੭, ੨ (1371)

ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ।

—ਸਵ ੫, ਹਰਿ ੨ : ੬ (1409)

ਪੂਨਿਉ

ਪੂਰਨਮਾਸ਼ੀ, ਪੁੰਨਿਆ, ਚੰਦਰਮਾ ਧਰਤੀ ਤੋਂ ਪੂਰਨ ਰੂਪ ਵਿਚ ਦਿਖਾਈ ਦਿੰਦਾ ਹੈ। ਜਦ ਚੰਦਰਮਾ, ਧਰਤੀ ਦੇ ਇਕ ਪਾਸੇ ਅਤੇ ਸੂਰਜ ਦੂਜੇ ਪਾਸੇ ਹੁੰਦਾ ਹੈ। ਪੂਰਨਮਾਸ਼ੀ 29 ਤੋਂ 30 ਦਿਨਾਂ ਦੇ ਫਾਸਲੇ ਬਾਅਦ ਹੁੰਦੀ ਹੈ।

ਪੂਨਿਉ ਪੂਰਾ ਚੰਦ ਅਕਾਸ।

—ਗਉ ਕਬ, ਥਿਤੀ ੧੬ : ੧ (344)

ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥ।

—ਗਉ ੫ ਥਿਤੀ ੧੬ : ੧ (300)

ਪ੍ਰਿਥਵੀ

ਪ੍ਰਿਥਵੀ, ਧਰਤੀ, ਧਰਾ, ਹੋਰ ਦੇਖੋ 'ਉਤਪਤਿ'

ਦਾੜਾ ਅਗੇ **ਪ੍ਰਿਥਮਿ** ਧਰਾਇਣ।

—ਮਾਰੂ ੫, ਸੋਲਾ ੧੧, ੩ : ੨ (1082)

ਨਿਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ।

—ਗਉ ੫, ੧੩੨, ੧ : ੧ (208)

ਅਨੁੰ ਧੰਨੁ ਬਹੁਤੁ ਉਪਜਿਆ **ਪ੍ਰਿਥਮੀ** ਰਜੀ ਤਿਪਤਿ ਅਘਾਇ।

—ਗਉ ੫, ਵਾਰ ੧੬ਸ, ੫, ੧ : ੨ (321)

ਬਸੰਤਿ ਸ੍ਵਰਗ ਲੋਕਹ ਜਿਤਤੇ **ਪ੍ਰਿਥਵੀ** ਨਵ ਖੰਡਣਹ।

—ਜੈਤ ੫, ਵਾਰ ੯ਸ, ੫, ੧ : ੧ (707)

ਪੋਖ

ਬਿਕਰਮੀ ਸੰਮਤ ਦੇ ਇਕ ਮਹੀਨੇ ਦਾ ਨਾਂ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।

—ਮਾਝ ੫, ਬਾਰਾ, ੧੧ : ੧ (135)

ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹ।

—ਮਾਝ ੫, ਬਾਰਾ, ੧੧ : ੯ (135)

ਪੋਖੁ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ।

—ਤੁਖਾ ੧, ਬਾਰਾ, ੧੪ : ੧ (1109)

ਫਗਣੁ

ਬਿਕਰਮੀ ਸੰਮਤ ਦਾ ਬਾਰਵਾਂ ਮਹੀਨਾ, ਫਗਣ

ਹਿਮਕਰ ਰੁਤਿ ਮਨਿ ਭਾਵਤੀ ਮਾਘੁ **ਫਗਣੁ** ਗੁਣਵੰਤ ਜੀਉ।

—ਰਾਮ ੫, ਰੁਤੀ, ੭ : ੨ (929)

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।

—ਮਾਝ ੫, ਬਾਰਾ ੧੩ : ੧੦ (136)

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ।

—ਤੁਖਾ ੧, ਬਾਰਾ ੧੬ : ੧ (1109)

ਫਲਗੁਨਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ।

—ਮਾਝ ੫, ਬਾਰਾ, ੧੩ : ੧੦ (136)

ਬਸੁਧ

ਧਰਤੀ, ਵੇਖੋ 'ਪ੍ਰਿਥਮਿ'

ਨਖਿਅਤ੍ਰ ਸਸੀਅਰ ਸੂਰ ਧਿਆਵਹਿ **ਬਸੁਧ** ਗਗਨਾ ਗਾਵਏ।

—ਆਸਾ ੫, ਛੰਤ ੫, ੩ : ੩ (456)

ਬੁਧਵਾਰਿ

ਬੁਧ ਗ੍ਰਹਿ ਦੇ ਨਾਂ ਉਪਰ ਹਫਤੇ ਦਾ ਇਕ ਦਿਨ, Wednesday.

ਬੁਧਵਾਰਿ ਬੁਧਿ ਕਰੈ ਪ੍ਰਗਾਸਾ।

—ਗਉ ਕਬ, ਵਾ, ੪ : ੧ (344)

ਬ੍ਰਹਮੰਡ

ਸੰਸਾਰ, ਸ੍ਰਿਸਟੀ ਰਚਨਾ, Universe, ਸੰਪੂਰਣ ਸ੍ਰਿਸ਼ਟੀ, ਵੈਦਿਕ ਕਾਲ ਵਿਚ ਸੰਸਾਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ—ਪ੍ਰਿਥਵੀ, ਵਾਯੂ ਅਤੇ ਆਕਾਸ਼। ਇਸ ਬਾਰੇ ਅਨੇਕਾਂ ਮਿਥਕ ਕਥਾਵਾਂ ਵੀ ਪ੍ਰਚਲਿਤ ਹਨ।

ਖੰਡ **ਬ੍ਰਹਮੰਡ** ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।

—ਗਉ ੫, ੧੨੩, ੩ : ੧ (205)

ਗਾਵਨਿ ਤੁਧਨੋ ਖੰਡ ਮੰਡਲ **ਬ੍ਰਹਮੰਡਾ** ਕਰਿ ਕਰਿ ਰਖੇ ਤੇਰੇ ਧਾਰੇ।

—ਆਸਾ ੧, ਸੋਦ ੧, ੧ : ੧੪ (9)

ਮੈਲੇ **ਬ੍ਰਹਮੰਡਾਇ** ਕੈ ਈਸ।

—ਭੈਰ ਕਬ, ੩, ੨ : ੧ (1158)

ਜੋ **ਬ੍ਰਹਮੰਡਿ** ਖੰਡਿ ਸੋ ਜਾਣਹੁ।

—ਮਾਰੂ ੧, ਸੋਲਾ ੨੦, ੧੪ : ੧ (1041)

ਪ੍ਰਗਟੁ ਭਇਆ ਖੰਡੀ **ਬ੍ਰਹਮੰਡੀ** ਕੀਤਾ ਅਪਣਾ ਪਾਇਆ।

—ਸਾਰ ੫, ੧੦੬, ੨ : ੧ (1224)

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ **ਬ੍ਰਹਮੰਡ**।

—ਸਿਰੀ ੫, ੯੦, ੪ : ੩ (50)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।

—ਧਨਾ ਪੀਪਾ, ੧, ੨ : ੧ (695)

ਬ੍ਰਿਹਸਪਤਿ

ਵੀਰਵਾਰ, Thursday.

ਬ੍ਰਿਹਸਪਤਿ ਬਿਖਿਆ ਦੇਇ ਬਹਾਇ।

—ਗਉ ਕਬ, ਵਾ ੫ : ੨ (344)

ਭਾਦਉ

ਬਿਕਰਮੀ ਸੰਮਤ ਦਾ ਛੇਵਾਂ ਮਹੀਨਾ, ਵਰਖਾ ਰੁੱਤ ਦਾ ਦੂਜਾ ਮਹੀਨਾ

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।

—ਤੁਖਾ ੧, ਬਾਰਾ ੧੦ : ੧ (1108)

ਰੁਤਿ ਬਰਸੁ ਸੁਹੇਲੀਆ ਸਾਵਣ **ਭਾਦੇਵ** ਆਨੰਦ ਜੀਉ।

—ਰਾਮ ੫, ਰੁਤੀ ੪ : ੧ (928)

ਭਾਦੁਇ ਭਰਮਿ ਭੁਲਾਣੀਆ ਦੂਜੇ ਲਗਾ ਹੇਤੁ।

—ਮਾਝ ੫, ਬਾਰਾ ੭ : ੧ (134)

ਭੁਇ

ਧਰਤੀ, ਜ਼ਮੀਨ

ਅਖਰ ਬਿਰਖ ਬਾਗ **ਭੁਇ** ਚੋਖੀ ਸਿੰਚਿਤ ਭਾਉ ਕਰੇਹੀ।

—ਆਸਾ ੧,੧੯, ੩ : ੧ (354)

ਭੁਮਿਦਾਨੁ ਗਊਆ ਘਣੀ ਭੀ ਅੰਤਰਿ ਗਰਬ ਗੁਮਾਨੁ।

—ਸਿਰੀ ੧, ਅਸ ੧, ੧ : ੧ (507)

ਖਿਸਰਿ ਗਇਓ **ਭੂਮ** ਪਰਿ ਡਾਰਿਓ।

—ਆਸਾ ੫, ੭੬, ੨ : ੨ (389)

ਭੂਮੰਡਲ

ਬ੍ਰਹਮੰਡ, ਪ੍ਰਿਥਵੀ ਦਾ ਜਗਤ (ਸੰਸਾਰ)

ਸੁਰਗ ਮਿਰਤ ਪਇਆਲ **ਭੂਮੰਡਲ** ਸਗਲ ਬਿਆਪੇ ਮਾਇ।

—ਧਨਾ ੫, ੨੧, ੨ : ੧ (676)

ਮਸਕਰ

ਚਾਂਦਨੀ, ਚੰਨ ਦੀ ਕਿਰਣ

ਮੂਸਨ **ਮਸਕਰ** ਪ੍ਰੇਮ ਕੀ ਰਹੀ ਜੁ ਅੰਬਰੁ ਛਾਇ।

—ਚਉ ੫, ੪ : ੧ (1364)

ਮੁਹ

ਮਹੀਨਾ, Month

ਵਰਤ ਨ ਰਹਉ ਨ ਮਹ ਅਦਾਨਾ।

—ਭੈਰ ਕਬ, ਵਾ ੭ : ੨ (344)

ਮਹੂਰਤ

ਦੋ ਘੜੀਆਂ ਦਾ ਸਮਾਂ, ਸਮੇਂ ਦੀ ਇਕ ਇਕਾਈ

ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ।

—ਗੂਜ ੫, ਅਸ ੨, ੪ : ੧ (508)

ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਾ।

—ਜੈਤ ੫, ਵਾਰ ੧੫ਸ, ੫, ੧ : ੨ (709)

ਮਕਰ

ਇਕ ਰਾਸ਼ੀ, ਇਥੇ ਭਾਵ ਸੂਰਜ ਦੇ ਮਕਾਰ ਰਾਸ਼ੀ ਵਿਚ ਪ੍ਰਵੇਸ਼ ਸਮੇਂ ਅਰਥਾਤ ਮਘਰ ਦੇ ਮਹੀਨੇ ਵਿਚ,

ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ।

—ਮਾਲੀ ੪, ੬, ੨ : ੧ (986)

ਮੰਗਲਵਾਰੇ

ਮੰਗਲ ਇਹ ਮਹੱਤਵਪੂਰਣ ਗ੍ਰਹ ਵੀ ਹੈ, ਜਿਸ ਤੋਂ ਮੰਗਲਵਾਰ ਬਣਿਆ। ਇਹ ਲਾਲ ਰੰਗ ਦਾ ਹੈ। ਹਫ਼ਤੇ ਦੇ ਸਤ ਦਿਨਾਂ ਵਿਚ ਇਕ ਦਿਨ ਦਾ ਨਾਂ, Tuesday.

ਮੰਗਲਵਾਰੇ ਜੇ ਮਹੀਤਿ।

—ਗਉ ਕਬ, ਵਾ ੩ : ੧ (344)

ਮੰਗਲਿ ਮਾਇਆ ਮੋਹੁ ਉਪਾਇਆ।

—ਬਿਲਾ ੩, ਵਾ, ੩ : ੧ (841)

ਮੰਘਰ

ਬਿਕਰਮੀ ਸੰਮਤ ਦੇ ਇਕ ਮਹੀਨੇ ਦਾ ਨਾਂ,

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ।

—ਤੁਖਾ ੧, ਬਾਰਾ ੧੩ : ੧ (1109)

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।

—ਮਾਝ ੧, ਬਾਰਾ ੧੦ : ੧ (135)

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ।

—ਮਾਝ ੫, ਬਾਰਾ, ੧੦ : ੬ (135)

ਮਾਹੁ

ਮਹੀਨਾ, Month.

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।

—ਜਪੁ ੧, ੨੧ : ੧੦ (4)

ਮਾਘਿ

ਬਿਕਰਮੀ ਸੰਮਤ ਦਾ ਗਿਆਰਵਾਂ ਮਹੀਨਾ,

ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ।

—ਮਾਝ ੫, ਬਾਰਾ ੧੨, ੧ : ੧ (135)

ਹਿਮਕਰ ਰੁਤਿ ਮਨਿ ਭਾਵਤੀ **ਮਾਘੁ** ਫਗਣੁ ਗੁਣਵੰਤ ਜੀਉ।

—ਰਾਮ ੫, ਰੁਤੀ ੭ : ੧ (929)

ਮਾਘਿ ਪੁਨੀਤ ਭਈ ਤੀਰਥ ਅੰਤਰਿ ਜਾਨਿਆ।

—ਤੁਖਾ ੧, ਬਾਰਾ, ੧੫ : ੧ (1109)

ਨਾਨਕ **ਮਾਘਿ** ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਵਾਂ।

—ਤੁਖਾ ੧, ਬਾਰਾ, ੧੫ : ੬ (1109)

ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।

—ਮਾਝ ੫, ਬਾਰਾ, ੧੨ : ੯ (136)

ਮੁਹਤ

ਸਮੇਂ ਦਾ ਇਕ ਮਾਪ, ਦੋ ਘੜੀਆਂ ਦਾ ਸਮਾਂ, ਲਮਹਾ

ਘੜੀ **ਮੁਹਤ** ਕਾ ਪਾਹੁਣਾ ਕਾਜ ਸਵਾਰਣਹਾਰੁ।

—ਸਿਰੀ ੫, ੭੪, ੧ : ੧ (43)

ਵਖਤ

(ਫ਼ਾ : ਵਕਤ), ਸਮਾਂ, ਮੌਸਮ, ਘੜੀ, ਪਲ

ਪੰਜ **ਵਖਤ** ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।

—ਸਿਰੀ ੧, ੨੮, ੪ : ੧ (24)

ਵੇਲਾ **ਵਖਤ** ਸਭਿ ਸੁਹਾਇਆ।

—ਮਾਝ ੩, ਅਸ ੧੧, ੨ : ੧ (115)

ਇਕਨਾ **ਵਖਤ** ਖੁਆਈਅਹਿ ਇਕਨ੍ਹਾ ਪੂਜਾ ਜਾਇ।

—ਆਸਾ ੧, ਅਸ ੧੧, ੬ : ੧ (411)

ਵਖਤੁ ਵੀਚਾਰੇ ਸੁ ਬੰਦਾ ਹੋਇ।

—ਸਿਰੀ ੪, ਵਾਰ ੪ਸ, ੧, ੧ : ੨ (84)

ਵਰਭੰਡ

ਬ੍ਰਹਮੰਡ

ਆਪੇ ਖਾਣੀ ਆਪੇ ਬਾਣੀ ਆਪੇ ਖੰਡ **ਵਰਭੰਡ** ਕਰੇ।

—ਬਿਹਾ ੪, ਵਾਰ ੯ : ੧ (552)

ਗਾਵਹਿ ਖੰਡ ਮੰਡਲ **ਵਰਭੰਡਾ** ਕਰਿ ਕਰਿ ਰਖੇ ਧਾਰੇ।

—ਜਪੁ ੧, ੨੭ : ੧੪ (6)

ਦੀਪਾਂ ਲੋਆਂ ਮੰਡਲਾ ਖੰਡਾ **ਵਰਭੰਡਾਹ**।

—ਆਸਾ ੧, ਵਾਰ ੮ਸ, ੧, ੧ : ੨ (467)

ਖੰਡਿ **ਵਰਭੰਡਿ** ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ।

—ਸਿਰੀ ੪, ਛੰਤ ੧, ੪ : ੪ (79)

ਤੁਧੁ ਜੇਵਡ ਦਾਤਾਰ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ **ਵਰਭੰਡੀ** ਪਾਤਾਲੀ ਪੁਰਈ ਸਭ ਲੋਈ।

—ਬਿਹਾ ੪, ਵਾਰ ੩ : ੫ (549)

ਵਰ੍ਹੇ

ਸਾਲ, Year.

ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ।

—ਮਾਰੂ ੩, ਸੋਲਾ ੨੨, ੨ : ੩ (1066)

ਜੇ ਸਉ **ਵਰ੍ਹਿਆ** ਜੀਅਣ ਖਾਣੁ।

—ਆਸਾ ੧, ੪, ੨ : ੩ (350)

ਭੀ ਉਠਿ ਰਚਿਓਨੁ ਵਾਦੁ ਸੈ **ਵਰ੍ਹਿਆ** ਕੀ ਪਿੜ ਬਧੀ।

—ਮਾਝ ੧, ਵਾਰ ੧੭ਸ, ੧, ੧ : ੮ (146)

ਵਾਰੁ

ਦਿਨ, Day

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ **ਵਾਰੁ**।

—ਜਪੁ ੧, ੨੧ : ੯ (4)

ਵਿਸੁਏ

ਵਿਸਾ, ਸਮੇਂ ਦੀ ਇਕ ਇਕਾਈ, ਪੰਦਰਾਂ (15) ਵਾਰੀ ਅੱਖਾਂ ਝਪਕਣ ਦਾ ਸਮਾਂ,

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।

—ਆਸਾ ੧, ਸੋਹ ੨, ੨ : ੨ (12)

ਵੈਸਾਖ

ਬਿਕਰਮੀ ਸੰਮਤ ਦਾ ਦੂਜਾ ਮਹੀਨਾ,

ਰੁਤਿ ਸਰਸ ਬਸੰਤ ਮਾਹ ਚੇਤੁ **ਵੈਸਾਖ** ਸੁਖ ਮਾਸੁ ਜੀਉ।

—ਰਾਮ ੫, ਰੁਤੀ ੨ : ੧ (927)

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।

—ਮਾਝ ੫, ਬਾਰਾ ੩ : ੧ (133)

ਨਾਨਕ **ਵੈਸਾਖੀ** ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ।

—ਤੁਖਾ ੧, ਬਾਰਾ ੬ : ੬ (1108)

ਵੈਸਾਖੁ ਭਲਾ ਸਾਖਾ ਵੇਸ ਕਰੇ।

—ਤੁਖਾ ੧, ਬਾਰਾ ੬ : ੧ (1108)

ਵੈਸਾਖੁ ਸੁਹਾਵਾ ਤਾ ਲਗੈ ਜਾ ਸੰਤੁ ਭੇਟੈ ਹਰਿ ਸੋਇ।

—ਮਾਝ ੫, ਬਾਰਾ, ੩ : ੯ (134)

ਭੌਤਿਕ-ਵਿਗਿਆਨ
(Physics)

ਉਰਸਾ

ਕੇਸਰ ਘੋਟਨ ਵਾਲਾ ਗੋਲ ਪੱਥਰ, ਇਕ ਸਿਲ ਜਿਸ ਤੇ ਪੁਜਾਰੀ ਚੰਦਨ ਆਦਿ ਰਗੜ ਕੇ ਤਿਲਕ ਲਾਉਂਦੇ ਹਨ।

ਤੇਮ ਨਾਮੁ ਕਰੀ ਚਨਣਾਠੀਆ ਜੇ ਮਨੁ **ਉਰਸਾ** ਹੋਇ।

—ਗੂਜਾ ੧, ੧, ੧ : ੧ (489)

ਸਿਲ

ਪਥਰ, ਚਟਾਨ (Rock), ਇਹ ਧਰਤੀ ਦੀ ਪਥਰੀਲੀ ਤਹਿ ਹੁੰਦੀ ਹੈ, ਜਿਸ ਨੂੰ ਧਰਤੀ ਦੀਆਂ ਖਣਿਜੀ ਪਰਤਾਂ ਵਿਚ ਗਿਣਿਆ ਜਾਂਦਾ ਹੈ।

ਸਿਲ ਪੂਜਸਿ ਬਗੁਲ ਸਮਾਧੰ।

—ਆਸਾ ੧, ਵਾਰ ੧੪ਸ, ੧, ੨ : ੧ (470)

ਪੂਜਿ **ਸਿਲਾ** ਤੀਰਥ ਬਨ ਵਾਸਾ।

—ਧਨਾ੧, ਅਸ ੨੬ : ੧ (686)

ਜੇ ਉਹ ਦੁਆਦਸ **ਸਿਲਾ** ਪੂਜਾਵੈ।

—ਗੋਂਡ ਰਵਿ, ੨, ੧ : ੨ (875)

ਖਾਕ

(ਫ਼ਾ : ਖਾਕ), ਮਿੱਟੀ (Soil), ਜ਼ਮੀਨ, ਧਰਤੀ, ਭੂਮੀ,

ਜੀਵਦਿਆ ਨ ਚੇਤਿਓ ਮੁਆ ਰਲੰਦੜੋ **ਖਾਕ**।

—ਗੂਜ ੫, ਵਾਰ ੧੯, ੫, ੧ : ੧ (523)

ਆਬ **ਖਾਕੁ** ਜਿਲਿ ਬੰਧਿ ਰਹਾਈ ਧੰਨੁ ਸਿਰਜਣਹਾਰੋ।

—ਸਿਰੀ ੧, ੨੮, ੧ : ੨ (24)

ਕਹਿਆ ਨ ਮਾਨਹਿ ਸਿਰਿ **ਖਾਕੁ** ਛਾਨਹਿ ਜਿਸ ਸੰਗਿ ਮਨੁ ਤਨੁ ਜਾਲਿਆ।

—ਜੈਤ ੫, ਛੰਤ ੩, ੩ : ੪ (705)

ਜਾ ਸਾਥੀ ਉਠੀ ਚਲਿਆ ਤਾ ਧਨ **ਖਾਕੂ** ਰਾਲਿ।

—ਸਿਰੀ ੫, ੯੩, ੧ : ੨ (50)

ਜਿਮੀ

ਧਰਤੀ, ਭੂਮੀ,

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।

—ਮਾਝ ੧, ਵਾਰ ੧੩ਸ, ੧, ੧ : ੧ (143)

ਜੋਜਨ

ਲੰਬਾਈ, ਪੈਂਡੇ ਦੀ ਗਿਣਤੀ ਦੀ ਇਕ ਇਕਾਈ, ਚਾਰ ਕੋਹ,

ਬਾਰਹ **ਜੋਜਨ** ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ।

—ਧਨਾ ਨਾਮ, ੧, ੨ : ੨ (692)

ਡਾਡੀ

ਗਜ਼ਾਂ ਨਾਲ ਜ਼ਮੀਨ ਮਿਣਨ ਵਾਲਾ, ਜਰੀਬਕਸ਼,

ਨਉ **ਡਾਡੀ** ਦਸ ਮੁੰਸਫ ਧਾਵਹਿ ਰਹੀਅਤਿ ਬਸਨ ਨ ਦੇਹੀ।

—ਸੂਹੀ ਕਬ, ੫, ੨ : ੧ (793)

ਦਹੀ

ਖੱਟਾ ਲਾ ਕੇ ਜਮਾਇਆ ਹੋਇਆ ਦੁੱਧ, ਦਹੀਂ ਜੰਮਣਾ,

ਵੂਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ **ਦਹੀ** ਵਿਲੋਵੈ।

—ਮਾਝ ੧, ਵਾਰ ੨੬ਸ, ੧, ੧ : ੨੧ (150)

ਦਧਿ ਕੈ ਭੋਲੈ ਬਿਰੋਲੈ ਨੀਰੁ।

—ਗਉ ਕਬ, ੧੪, ੧ : ੨ (326)

ਪੰਡਿਤ **ਦਹੀ** ਵਿਲੋਈਐ ਭਾਈ ਵਿਚਹੁ ਨਿਕਲੈ ਤਥੁ।

—ਸੋਰ ੧, ਅਸ ੨, ੫ : ੧ (635)

ਦਾਮਨਿ

ਬਿਜਲੀ (Lightning), ਆਸਮਾਨੀ ਬਿਜਲੀ ਆਸਮਾਨ ਤੋਂ ਡਿੱਗਦੀ ਹੈ। ਆਸਮਾਨੀ ਬਿਜਲੀ ਬੱਦਲਾਂ ਤੋਂ ਡਿਗਦੀ ਹੈ।

ਦਹ ਦਿਸ ਛਤ੍ਰ ਮੇਘ ਘਟਾ ਘਟ **ਦਾਮਨਿ** ਚਮਕਿ ਡਰਾਇਓ।

—ਸੋਰ ੫, ੬੧, ੧ : ੧ (624)

ਦਾਮਨੀ ਚਮਤਕਾਰ ਤਿਉ ਵਰਤਾਰਾ ਜਗਖੇ।

—ਗਉ ੫, ਵਾਰ ੪ਸ, ੫, ੨ : ੧ (319)

ਧੂਉ

ਧੂੰਆਂ, ਬਲਦੀ ਅੱਗ ਦੀ ਉਹ ਲਾਟ ਜੋ ਉੱਪਰ ਵਾਰ ਜਾਂ ਧੁਖ ਰਹੀ ਅੱਗ ਵਿਚੋਂ ਉੱਠ ਰਹੇ ਅਣਬਲੀ ਗੈਸ ਜੋ ਕਾਲੇ ਨੀਲੇ ਤੇ ਸਲੇਟੀ ਰੰਗ ਦੇ ਹੁੰਦੇ ਹਨ।

ਭਾਹਿ ਬਲੰਦੀ ਵਿਝਈ **ਧੂਉ** ਨ ਨਿਕਸਿਓ ਕਾਇ।

—ਸਿਰੀ ੧, ੧੪, ੧ : ੨ (19)

ਧੂੰਮ ਬਾਦਰ ਸਭਿ ਮਾਇਆ ਸਾਜ।

—ਬਸੰ ੫, ਅਸ ੨, ੨ : ੨ (1192)

ਬੁਝਿ ਗਈ ਅਗਨਿ ਨ ਨਿਕਸਿਓ **ਧੂੰਆਂ**।

—ਆਸਾ ਕਬ, ੧੧, ੨ : ੧ (478)

ਉਡਿ ਜਾਇਗੋ ਧੂਮ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ।

—ਸੋਰ ੫, ੪, ੧ : ੨ (609)

ਧੂਪ

ਧੁਪ, Sunrays, ਸੂਰਜ ਦੀਆਂ ਕਿਰਨਾਂ,

ਤਹ ਪਾਵਸ ਸਿੰਧੁ **ਧੂਪ** ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।

—ਗਉ ਕਬ, ੪੮, ੧ : ੧ (333)

ਪਰਭਾਤਿ

ਉਸ ਸਮੇਂ ਜਦੋਂ ਪ੍ਰਭਾ (ਰੋਸ਼ਨੀ ਦੀਆਂ ਕਿਰਨਾਂ) ਉਗਦੀ ਹੈ, ਸਵੇਰੇ, ਤੜਕਸਾਰ, ਭੋਰ ਸਮੇਂ,

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ **ਪਰਭਾਤਿ**।

—ਸਿਰੀ ੬, ੯੨, ੨ : ੧ (50)

ਉਦਮੁ ਕਰੇ ਭਲਕੇ **ਪਰਭਾਤੀ** ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।

—ਗਉ ੪, ਵਾਰ ੧੧ਸ, ੪, ੨ : ੨ (305)

ਪ੍ਰਕਾਸੰ

ਪ੍ਰਕਾਸ਼, ਚਾਨਣ

ਅੰਧਕਾਰ ਸਿਮਰਤ **ਪ੍ਰਕਾਸੰ** ਗੁਣ ਰਮੰਤ ਅਘ ਖੰਡਨਾ।

—ਸਸ ੫, ੧੯ : ੧ (1355)

ਮੁਕਰ

ਸ਼ੀਸ਼ਾ (Mirror), ਦਰਪਣ, ਆਰਸੀ, ਆਈਨਾ, ਅਕਸ ਦਿਖਾਉਣਾ,

ਪੁਹਪ ਮਧਿ ਜਿਉ ਬਾਸੁ ਬਸਤੁ ਹੈ **ਮੁਕਰ** ਮਾਹਿ ਜੈਸੇ ਛਾਈ।

—ਧਨਾ ੯, ੧, ੧ : ੧ (684)

ਇਹੁ ਮਨੁ **ਆਰਸੀ** ਕੋਈ ਗੁਰਮੁਖਿ ਵੇਖੈ।

—ਮਾਝ ੩, ਅਸ ੧੦, ੪ : ੨ (115)

ਰਸਾਇਣ-ਵਿਗਿਆਨ
(Chemistry)

ਸਾਬੁਨਿ

(ਅ. ਸਾਬੂਨ) ਖਾਰ ਤੇ ਥੰਧਿਆਈ ਨਾਲ ਬਣਾਇਆ ਪਦਾਰਥ ਜੋ ਕਪੜੇ ਤੇ ਸਰੀਰ ਤੋਂ ਮੈਲ ਲਾਹੁਣ ਲਈ ਵਰਤਿਆ ਜਾਂਦਾ ਹੈ, ਸਾਬਣ (Soap).

ਜਿਉ **ਸਾਬੂਨਿ** ਕਾਪਰ ਊਜਲ ਹੋਤ।

—ਰਾਮ ੫, ਅਸ ੪, ੫ : ੩ (914)

ਮੈਲੁ ਕੀਨੋ **ਸਾਬੁਨੁ** ਸੂਧੁ।

—ਰਾਮ ੫, ੫੪, ੨ : ੨ (900)

ਦੇ **ਸਾਬੂਣੁ** ਲਈਐ ਓਹੁ ਧੋਇ।

—ਜਪੁ ੧, ੨੦ : ੪ (4)

ਕਕੈ ਕੇਸ ਮੁੰਡਰ ਜਬ ਹੂਏ ਵਿਣੁ **ਸਾਬੂਣੈ** ਉਜਲਿਆ।

—ਆਸਾ ੧, ਪਟੀ, ੫ : ੧ (432)

ਸਾਲੋਣੇ

ਲੂਣ ਵਾਲੇ, ਹੋਰ ਵੇਖੋ 'ਲੋਣੁ'

ਸਭਿ ਰਸ ਮਿਠੇ ਮੰਨਿਐ ਸੁਣਿਐ **ਸਾਲੋਣੇ**।

—ਸਿਰੀ ੧, ੭ : ੧ : ੧ (16)

ਸੁਇਨ

ਸੋਨਾ (Gold), ਉੱਤਮ ਸ਼੍ਰੇਣੀ ਦੀ ਇਕ ਕੀਮਤੀ ਧਾਤ ਜਿਸਦੇ ਗਹਿਣੇ ਬਣਦੇ ਹਨ। ਸੁਨਹਿਰੀ ਰੰਗ ਦੀ ਇਕ ਕੀਮਤੀ ਧਾਤ ਜਿਸ ਨੂੰ ਜੰਗ ਨਹੀਂ ਲੱਗਦਾ, ਸੋਨੇ ਦਾ ਇਕ ਸਿੱਕਾ, ਮੋਹਰ,

ਸਰਬ **ਸੁਇਨ** ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ।

—ਧਨਾ ਨਾਮ, ੧, ੩ : ੧ (693)

ਰਸੁ **ਸੁਇਨਾ** ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।

—ਸਿਰੀ ੧, ੪, ੨ : ੧ (15)

ਘੋੜੇ ਪਾਖਰ **ਸੁਇਨੇ** ਸਾਖਤਿ ਬੂਝਣੁ ਤੇਰੀ ਵਾਟ।

—ਸਿਰੀ ੧, ੭, ੩ : ੧ (16)

ਸੇ ਅਸਥਲ **ਸੋਇਨ** ਚਉਬਾਰੇ।

—ਮਾਝ ੫, ੩੭, ੧ : ੨ (105)

ਸੇਜੜੀਆ **ਸੋਇੰਨ** ਹੀਰੇ ਲਾਲ ਜੜੰਦੀਆਂ।

—ਮਾਰੂ ੫, ਵਾਰ ੨੨ਸ, ੫, ੩ : ੨ (1102)

ਜੋਹਹਿ ਆਟਾ ਲੋਨਜਿਉ **ਸੋਨ** ਸਮਾਨਿ ਸਰੀਰੁ।

—ਸਲੋ ਕਬ, ੧੧੭ : ੨ (1370)

ਸੋਨਾ ਗਢਤੇ ਹਿਰੈ ਸੁਨਾਰਾ।

—ਗੋਂਡ ਨਾਮ, ੨, ੨ : ੨ (873)

ਲੰਕਾ ਗਢੁ **ਸੋਨੇ** ਕਾ ਭਇਆ।

—ਭੈਰ ਕਬ, ੨, ੩ : ੧ (1158)

ਹਿਰਨ

ਹੋਰ ਵੇਖੋ 'ਸੁਇਨ' ਸੋਨਾ, **ਉਤਮ ਧਾਤ**,

ਲੋਹਾ ਕੰਚਨੁ **ਹਿਰਨ ਹੋਇ ਕੈਸੇ ਜਉ** ਪਾਰਸਹਿ ਨ ਪਰਸੈ।

—ਰਾਮ ਰਵਿ, ੧, ੧ : ੨ (973)

ਲੋਹਾ **ਹਿਰਨੁ ਹੋਵੈ ਸੰਗਿ ਪਾਰਸ** ਗੁਨੁ ਪਾਰਸ ਕੋ ਹੋਇ ਆਵੈਗੋ।

—ਕਾਨ ੪, ਅਸ ੬, ੧ : ੨ (1311)

ਹੀਰਾ

ਕੀਮਤੀ ਪੱਥਰ, ਅਣਮੋਲ,

ਮੋਤੀ **ਹੀਰਾ** ਨਿਰਮਲਾ ਕੰਚਨ ਕੋਟ ਰੀਸਾਲ।

—ਸਿਰੀ ੧, ੯, ੨ : ੨ (17)

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।

—ਸਿਰੀ ੧, ੧, ੨ : ੧ (14)

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।

—ਗਉ ੧, ੧੮, ੧ : ੨ (156)

ਕੰਚਨ

ਸੋਨਾ, ਹੋਰ ਵੇਖੋ 'ਸੁਇਨ'

ਮੋਤੀ ਹੀਰਾ ਨਿਰਮਲ **ਕੰਚਨ** ਕੋਟ ਰੀਸਾਲ।

—ਸਿਰੀ ੧, ੯, ੨ : ੨ (17)

ਕੰਚਨਾ ਬਹੁ ਦਤ ਕਰਾ।

—ਸਾਰ ੫, ੧੩੧, ੧ : ੧ (1229)

ਕੈਹਾ **ਕੰਚਨੁ** ਤੁਟੈ ਸਾਰੁ।

—ਮਾਝ ੧, ਵਾਰ ੧੨ਸ, ੧, ੨ : ੧ (143)

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ **ਕੰਚਨ** ਅਰੁ ਪੈਸਾ।

—ਗਉ ੯, ੭, ੨ : ੧ (220)

ਕਨਕ

ਸੋਨਾ, ਹੋਰ ਵੇਖੋ 'ਸੁਇਨ'

ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ।

—ਸਿਰੀ ਕਬ, ੩, ੨ : ੧ (92)

ਕੈਹਾ

ਕੈਂਹ, ਇਕ ਧਾਤ, Bronze, ਕਾਂਸੀ ਵਰਗਾ, ਕਾਂਸੀ ਦੀ ਘਾੜਤ,

ਕੈਹਾ ਕੰਚਨੁ ਤੁਟੈ ਸਾਰੁ।

—ਮਾਝ ੧, ਵਾਰ ੧੨ਸ, ੧, ੨ : ੧ (143)

ਗੁਰਜ

(ਫ਼ਾ : ਗੁਰਜ), ਗਦਾ ਵਰਗਾ ਲੋਹੇ ਦਾ ਇਕ ਸ਼ਸਤਰ,

ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ।

—ਭੈਰ ੩, ਅਸ੧, ੮ : ੧ (1154)

ਜੰਗਾਲੀ

ਜੰਗਾਲ ਵਾਲੇ, ਜਿਨ੍ਹਾਂ ਨੂੰ ਜੰਗਾਲ ਲਗਾ ਹੋਵੇ (ਭਾਵ ਪਾਪੀ), Rusty, Colour of Rust; ਜੰਗ ਲੱਗਣਾ,

ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ।

—ਰਾਮ ਬਸ, ਵਾਰ ੩ : ੬ (967)

ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ।

—ਗੂਜ ੫, ੧੩, ੨ : ੧ (498)

ਜੰਜੀਰ

ਸੰਗਲ, ਲੋਹੇ ਦੀਆਂ ਕੜੀਆਂ ਦੀ ਰੱਸੀ,

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।

—ਸੋਰ ੧, ੧, ੪ : ੧ (595)

ਜੰਜੀਰ ਬਾਂਧਿ ਕਰਿ ਖਰੇ ਕਬੀਰ।

—ਭੈਰ ਕਬ, ੧੮, ੧ : ੨ (1162)

ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹ ਮਰਣਾ।

—ਰਾਮ ੧, ਅਸ ੧, ੪ : ੨ (903)

ਇਕਨ੍ਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ।

—ਆਸਾ ੧, ਵਾਰ ੨੩ : ੩ (475)

ਤਉਕੁ

ਲੋਹੇ ਦਾ ਪਟਾ ਜੋ ਕੈਦੀਆਂ ਦੇ ਗਲੇ ਵਿਚ ਪਾਂਦੇ ਹਨ,

ਤੇਰੇ ਗਲਹਿ ਤਉਕੁ ਪਗ ਬੇਰੀ।

—ਗਉ ਕਬ, ੫, ੨ : ੧ (655)

ਤਾਂਬਾ

ਇਕ ਧਾਤ, Copper, ਇਹ ਇਕ ਰਸਾਇਣਕ ਤੱਤ ਹੈ। ਇਸ ਦਾ ਪਰਮਾਣੂ ਅੰਕ 29 ਹੈ ਅਤੇ ਇਸ ਦਾ ਸੰਕੇਤ Cu ਹੈ। ਇਸ ਦਾ ਪਰਮਾਣੂ ਭਾਰ 63.546 amu ਹੈ।

ਕਿਨਹੀ ਬਨਜਿਆ ਕਾਂਸੀ **ਤਾਂਬਾ** ਕਿਨਹੀ ਲਉਗ ਸੁਪਾਰੀ।

—ਕੇਦਾ ਕਬ, ੨, ੧ : ੨ (1123)

ਪਾਰਸ ਮਾਨੋ **ਤਾਬੋ** ਛੁਏ ਕਨਕ ਹੋਤ ਨਹੀਂ ਬਾਰ।

—ਗਉ ਰਵਿ, ਅਸ ੧, ੫ : ੨ (346)

ਪਰਮਾਣੋ

ਪਰਮਾਣੂ, Atomic Energy, Atom-bomb, ਪਰਮਾਣੂ-ਸ਼ਕਤੀ/ਊਰਜਾ, ਪਰਮਾਣੂ-ਬੰਬ,

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥

—ਗਾਥਾ ੫, ੨ : ੧ (1360)

ਪਾਰਸ

ਮੰਨਿਆ ਜਾਂਦਾ ਉਹ ਪੱਥਰ ਜਿਸ ਦੀ ਛੋਹ ਨਾਲ ਲੋਹਾ ਸੋਨਾ ਬਣ ਜਾਂਦਾ ਹੈ, Touchstone, which when touched converts any metal into Gold. (Philosopher's stone).

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ **ਪਾਰਸ** ਪਰਸ ਪਰਾ।

—ਗਉ ੫, ਬਾਅ ੧ਸ : ੪ (250)

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ **ਪਾਰਸਹਿ** ਨ ਪਰਸੈ।

—ਰਾਮ ਰਵਿ, ੧, ੧ : ੨ (973)

ਪੈਸਾ

ਤਾਂਬਾ, ਪੈਸ ਦਾ ਇਕ ਸਿਕਾ, ਜੋ ਤਾਂਬੇ ਦਾ ਬਣਿਆ ਹੁੰਦਾ ਹੈ।

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ **ਪੈਸਾ**।

—ਗਉ ੯, ੭, ੨ : ੧ (220)

ਮਣੀ

ਹੀਰਾ, ਰਤਨ, Jewel, gem.

ਮੋਹਣੀ ਮੁਖਿ **ਮਣੀ** ਸੋਹੈ ਕਰੇ ਰੰਗਿ ਪਸਾਉ।

—ਸਿਰੀ ੧, ੧, ੨ : ੨ (14)

ਮਨੂਰ

ਲੋਹੇ ਦੀ ਮੈਲ, ਗਲਿਆ ਸੜਿਆ ਲੋਹਾ।

ਪਾਪ ਬਿਕਾਰ **ਮਨੂਰ** ਸਭਿ ਲਦੇ ਬਹੁ ਭਾਰੀ।

—ਸਾਰ ੪, ਵਾਰ ੨੭ : ੩ (1247)

ਮਾਣਕ

ਲਾਲ ਰੰਗ ਦਾ ਕੀਮਤੀ ਹੀਰਾ, Ruby.

ਰਤਨ ਪਦਾਰਥ **ਮਾਣਕਾ** ਸੁਇਨਾ ਰੁਪਾ ਖਾਕੁ।

—ਸਿਰੀ ੫, ੧੪, ੨ : ੧ (47)

ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ **ਮਾਣਕ** ਲਾਲ।

—ਸਿਰੀ ੧, ੯, ੨ : ੧ (17)

ਮੇਖ

(ਫ਼ਾ. ਮੇਖ), ਲੋਹੇ ਦੀ ਕਿਲ

ਫਰੀਦਾ ਖਿਥੰੜਿ ਮੇਖਾ ਅਗਲੀਆ ਜਿਦੁ ਨਕਾਈ **ਮੇਖ**।

—ਸਲੋ ਫਰ, ੪੭ : ੧ (1380)

ਰੁਪਾ

ਚਾਂਦੀ, ਸਫੈਦ ਰੰਗ ਦੀ ਇਕ ਕੀਮਤੀ ਧਾਤ, Silver, ਚਾਂਦੀ ਦੀਆਂ ਬਣੀਆਂ ਚੀਜ਼ਾਂ (ਜਿਵੇਂ ਬਰਤਨ, ਛੁਰੀਆਂ, ਕਾਂਟੇ ਆਦਿ) ਚਾਂਦੀ ਦਾ ਸਿੱਕਾ।

ਰਸੁ ਸੁਇਨਾ ਰਸੁ **ਰੁਪਾ** ਕਾਮਣਿ ਰਸੁ ਪਰਮਲ ਕੀ ਵਾਸੁ।

—ਸਿਰੀ ੧, ੪, ੨ : ੧ (15)

ਸੁਇਨੇ ਕੀ ਸੂਈ **ਰੁਪੇ** ਕਾ ਧਾਗਾ।

—ਆਸਾ ਨਾਮ, ੩, ੪ : ੧ (485)

ਸੁਇਨਾ **ਰੂਪ** ਫੁਨਿ ਨਹੀ ਦਾਮ।

—ਗਉ ੫, ੧੦੬, ੩ : ੧ (187)

ਲਾਵਣ

ਨਮਕੀਨ (Salty), ਸਲੂਣਾ, ਲਾ ਕੇ ਖਾਣ ਵਾਲੀ ਵਸਤ,

ਪਿਰਿਆ ਸੰਦੜੀ ਭੁਖ ਮੂ **ਲਾਵਣ** ਥੀ ਵਿਥਰਾ।

—ਮਾਰੂ ੫, ਵਾਰ ੧੩ਸ, ੫, ੨ : ੧ (1098)

ਲੁਹਾਰੀ

ਲੋਹੇ ਦੀ ਬੇੜੀ

ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ **ਲੁਹਾਰੀ**।

—ਬਸ ੧, ਅਸ ੮, ੩ : ੨ (1191)

ਲੋਣੁ

ਨਮਕ, ਲੂਣ (Salt), ਇਹ ਇਕ ਖਣਜੀ ਪਦਾਰਥ ਹੁੰਦਾ ਹੈ ਜਿਸ ਵਿਚ ਮੁੱਖ ਤੌਰ 'ਤੇ ਸੋਡੀਅਮ ਕਲੋਰਾਈਡ ਹੁੰਦਾ ਹੈ। ਕੁਦਰਤੀ ਰੂਪ 'ਤੇ ਲੂਣ ਇਕ ਬਲੌਰੀ (ਰਵੇਦਾਰ) ਖਣਿਜ ਵਜੋਂ ਬਣਦਾ ਹੈ।

ਫ਼ਰੀਦਾ ਇਕਨਾ ਆਟਾ ਅਗਲਾ ਇਕਾ ਨਾਹੀ **ਲੋਣੁ**।

—ਸਲੋ ਫ਼ਰ, ੪੪ : ੧ (1380)

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰ ਦੇਵਤਾ **ਲੂਣੁ** ਪੰਜਵਾ ਪਾਇਆ ਘਿਰਤੁ।

—ਆਸਾ ੧, ਵਾਰ ੧੯ਸ, ੧, ੧ : ੫ (474)

ਪਾਉ ਘੀਉ ਸੰਗਿ **ਲੂਨਾ**।

—ਸੋਰ ਕਬ, ੧੧, ੨ : ੨ (656)

ਜੈਹਹਿ ਘਾਟਾ **ਲੋਨ** ਜਿਉ ਸੋਨ ਸਮਾਨਿ ਸਰੀਰੁ।

—ਸਲੋ ਕਬ, ੧੧੭ : ੨ (1370)

ਤੇ ਗਰਭ ਜੋਨੀ ਗਾਲੀਅਹਿ ਜਿਉ **ਲੋਨੁ** ਜਲਹਿ ਗਲਇਓ।

—ਮਾਲੀ ੪, ੩, ੩ : ੨ (985)

ਲੋਹ

ਲੋਹਾ, ਇਕ ਧਾਤ, Iron, ਇਕ ਰਸਾਇਣਕ ਤੱਤ ਹੈ। ਇਸ ਦਾ ਪਰਮਣੂ-ਅੰਕ 26 ਹੈ ਅਤੇ ਇਸ ਦਾ Fe ਨਾਲ ਨਿਵੇਦਨ ਕੀਤਾ ਜਾਂਦਾ ਹੈ। ਇਸ ਦਾ ਪਰਮਾਣੂ ਭਾਰ 55.845 amu ਹੈ।

ਚਬੇ ਤਤ **ਲੋਹ** ਸਾਰੁ ਵਿਚਿ ਸੰਘੈ ਪਲਤੇ।

—ਗਉ ੪, ਵਾਰ ੩੨ : ੨ (317)

ਬੂਡਤ **ਲੋਹ** ਸਾਧ ਸੰਗਿ ਤਰੈ।

—ਰਾਮ ੫, ੪੨, ੪ : ੩ (895)

ਰਾਮ ਪਾਰਸ ਚੰਦਨ ਹਮ ਕਾਸਟ **ਲੋਸਟ**।

—ਧੰਨਾ੪, ੭, ੧* : ੧ (668)

ਲੋਹਉ ਹੋਯਉ ਜਾਲੁ ਨਦਰਿ ਸਤਿਗੁਰੁ ਜਦਿ ਧਾਰੈ।

—ਸਵ ੪, ਨਲ ੬ : ੩ (1252)

ਹਰਿਮੰਦਰ ਮਹਿ ਮਨ **ਲੋਹਟੁ** ਹੈ ਮੋਹਿਆ ਦੂਜੈ ਭਾਇ।

—ਪ੍ਰਭਾ ੩, ਅਸ ੧, ੧੦ : ੧ (1346)

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ।

—ਮਾਝ ੧, ਵਾਰ ੧੨ਸ, ੧, ੧ : ੭ (143)

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ **ਲੋਹੁ** ਬੂਡਾ ਬੇੜੀ ਪਾਸਿ।

—ਸਿਰੀ ੪, ੬੭, ੩ : ੩ (40)

ਲੋਸਟ

ਲੋਹਾ, ਲੋਹੇ ਦੀ ਮੈਲ, ਮਨੂਰ, ਇਕ ਧਾਤ,

ਰਾਮ ਪਾਰਸ ਚੰਦਨ ਹਮ ਕਾਸਟ **ਲੋਸਟ**।

—ਧਨਾ ੪, ੭, ੧* : ੧ (668)

ਓਹਾ ਪੈਰਿ **ਲੋਹਾਰੀ**।

—ਮਾਰੂ ੫, ੧੭, ੩ : ੪ (1004)

ਰੁੱਤ-ਵਿਗਿਆਨ
(Meterology)

ਉਸਨ

ਹੁਸੜ, ਗਰਮੀ, ਗਰਮੀ ਦਾ ਮੌਸਮ

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ।

—ਰਾਮ ੧, ੯, ੨ : ੧ (879)

ਮਰੈ ਨ ਆਵੈ ਨ ਜਾਇ ਬਿਨਸੈ ਬਿਆਪਤ ਉਸਨ ਨ ਸੀਤ।

—ਮਾਰੂ ੫, ੨੬, ੧ : ੨ (1006)

ਨਾ ਇਸੁ ਉਸਨੁ ਨਹੀ ਇਸੁ ਸੀਤੁ।

—ਗੋਂਡ ੧, ੨੧, ੨ : ੧ (868)

ਉਦਕ

ਜਲ, ਪਾਣੀ, ਨੀਰ, ਆਬ,

ਆਠ ਪਹਰ ਉਦਕ ਇਸਨਾਨੀ।

—ਆਸਾ ੫, ੯੦, ੧ : ੧ (393)

ਰਾਮ ਉਦਕਿ ਤਨੁ ਜਲਤ ਬੁਝਾਇਆ।

—ਗਉ, ਕਬ, ੧, ੧ : ੨ (323)

ਨਿਰਮਲ ਉਦਕੁ ਗੋਵਿੰਦ ਕਾ ਨਾਮ।

—ਗਉ ੫, ੧੬੪, ੧ : ੧ (198)

ਉਦਧਿ

ਸਮੁੰਦਰ (ਉਦ + ਧਿ = ਪਾਣੀ + ਰਖਣਾ), ਮਹਾਂਸਾਗਰ,

ਉਦਧਿ ਗੁਰੁ ਗਹਿਰ ਗੰਭੀਰ ਬੇਅੰਤ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ।

—ਸਵ ੪, ਕਲ ੧੫ : ੨ (1401)

ਉਪਜੰਪਿ

ਸਵੇਰੇ, ਪ੍ਰਭਾਤ ਸਮੇਂ

ਉਪਜੰਪਿ ਦਰਸਨੁ ਕੀਜੈ ਤਾ ਕਾ।

—ਗਉ ੧, ਅਸ ੧੬, ੧ : ੨ (228)

ਊਰਮ

ਜਲ, ਸਮੁੰਦਰ, ਲਹਿਰ

ਊਰਮ ਧੂਰਮ ਜੋਤਿ ਉਜਾਲਾ।

—ਰਾਮ ੧, ਓਅੰ. ੮ : ੧ (930)

ਓਹਾੜ

ਹੜ, ਤੂਫ਼ਾਨ, ਝਖੜ, ਕੁਦਰਤ ਵਲੋਂ ਨਾਜ਼ਲ ਕਹਿਰ,

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।

—ਸਲੋ ੧, ੪ : ੧ (1410)

ਓਰਾ

ਓਲਾ, ਗੜਾ, ਇਸ ਵਿਚ ਬਰਫ਼ ਦੇ ਛੋਟੇ ਛੋਟੇ ਬਾਲ ਧਰਤੀ ਤੇ ਡਿੱਗਦੇ ਹਨ। ਇਸ ਨੂੰ ਗੜਿਆਂ ਦਾ ਤੂਫ਼ਾਨ ਵੀ ਆਖਦੇ ਹਨ। Hailstorm.

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।

—ਸਲੋ ਕਬ, ੧੭੭ : ੨ (1374)

ਅਹਿਨਿਸਿ

ਦਿਨ ਰਾਤ (Day and Night)

ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।

—ਸਿਰੀ ੧, ੧੩, ੧ : ੨ (18)

ਅਜੁ

ਅਜ, ਚਲ ਰਿਹਾ ਦਿਨ

ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ।

—ਸਿਰੀ ੧, ਅਸ ੧੧, ੮ : ੨ (60)

ਅਨਲ

ਪੌਣ, ਹਵਾ, ਹਵਾ ਦਾ ਤੂਫ਼ਾਨ

ਅਨਲ ਅਗਮ ਜੈਸੇ ਲਹਰਿ ਮਇਓਦਧਿ ਜਲ ਕੇਵਲ ਜਲ ਮਾਹੀ।

—ਸੋਰ ਰਵਿ, ੧, ੧ : ੨ (657)

ਅਨਿਲ ਬੇੜਾ ਹਉ ਖੇਵਿ ਨ ਸਾਕਉ।

—ਬਸੰ ਨਾਮ, ੨, ੨ : ੧ (1196)

ਅਪੁ

(ਫ਼ਾ. ਆਬ) ਪਾਣੀ, ਜਲ

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।

—ਗਉ ਕਬ, ੧੮, ੪ : ੧ (327)

ਜਲ ਦੁਧ ਨਿਆਈ ਰੀਤਿ **ਅਬ** ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ।

—ਆਸਾ ੫, ਛੰਤ ੪, ੧ : ੧ (454)

ਬਿਨ ਅਭੁ ਸਬਦ ਨ ਮਾਜੀਐ ਸਚੇ ਤੇ ਸਚੁ ਹੋਇ।

—ਸਿਰੀ ੧, ੫, ੧ : ੩ (56)

ਜਲਤ **ਅੰਭ** ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ।

—ਗਉ ਕਬ, ੫੮, ੩ : ੨ (336)

ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ **ਅੰਭੁ** ਮਿਲੋਗਨੀ।

—ਰਾਮ ੩, ੩, ੪ : ੨ (883)

ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ।

—ਸਿਰੀ ੧, ੨੮, ੧ : ੨ (24)

ਇੰਦੁ

ਬਦਲ, ਬਾਰਸ਼, ਮੀਂਹ (Rain), ਵਰਖਾ,

ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ।

—ਮਲਾ ੧, ਅਸ ੪, ੬ : ੨ (1275)

ਸਬ

(ਫਾ : ਸਬ), ਰਾਤ (Night), ਰੈਣ,

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।

—ਤਿਲੰ ੧, ੧, ੩ : ੧ (721)

ਚਉਥੈ ਪਹਰਿ **ਸਬਾਹ** ਕੈ ਸੁਰਤਿਆ ਉਪਜੈ ਚਾਉ।

—ਮਾਝ ੧, ਵਾਰ ੧੮ਸ, ੨, ੧ : ੪ (146)

ਸਬਾਹੀ

(ਸੰ : ਸੁਬਾਅ), ਸਵੇਰੇ, ਅੰਮ੍ਰਿਤ ਵੇਲੇ

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ।

—ਮਾਝ ੧, ਵਾਰ ੧੭ਸ, ੧, ੧ : ੧ (145)

ਸਲਲ

ਜਲ, ਪਾਣੀ, ਹੋਰ ਦੇਖੋ 'ਅਪੁ'

ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ **ਸਲਲ** ਸਮਾਇ।

—ਸਿਰੀ ੧, ਕਨ, ੨ : ੩ (22)

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ **ਸਲਿਲ** ਆਪਾਉ ਸਾਰਿੰਗ ਪਾਣੀ।

—ਸਿਰੀ ੧, ੨੬, ੧ : ੩ (23)

ਹਰਿ ਹਰਿ ਅਗਮ ਅਗੋਚਰੁ ਸੁਆਮੀ ਜਨ ਜਪਿ ਮਿਲਿ **ਸਲਲ** ਸਲਲੇ।

—ਨਟ ੪, ੨੧ : ੧ (975)

ਸਵੇਰੈ

ਦਿਨ ਚੜ੍ਹੇ, ਅੰਮ੍ਰਿਤ ਵੇਲੇ, ਸਵੇਰੇ ਵੇਲੇ (Morning)

ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ।

—ਦੇਵਾ ੫, ੧੨, ੧ : ੨ (530)

ਸਿੰਧੁ

ਸਾਗਰ, ਸਮੁੰਦਰ

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।

—ਗਉ ਕਬ, ੪੮, ੧ : ੧ (333)

ਸੁਬਹ

(ਅ. ਸੁਬਾ) ਸਵੇਰ ਦੀ

ਸੁਬਹ ਨਿਵਾਜ ਸਰਾਇ ਗੁਜਾਰਉ।

—ਸੂਹੀ ਕਬ, ੩, ੨ : ੪ (792)

ਸੁੰਮ

ਚਸ਼ਮੇ, ਸੋਮੇ

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ।

—ਮਾਝ ੧, ਵਾਰ ੯ਸ, ੧, ੧ : ੧ (141)

ਹੜ

ਰੋੜ੍ਹ ਦਾ ਪਾਣੀ, ਰੌ, ਤੁਗਿਆਨੀ, ਨਦੀ ਨਾਲੇ ਵਿਚ ਪਾਣੀ ਚੜ੍ਹ ਜਾਣ ਦਾ ਭਾਵ,

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ।

—ਟੋਡੀ ੫, ੨੬, ੧ : ੨ (717)

ਗਿਰਿਵਰ

ਬੱਦਲ, ਮੇਘ, ਝੜ,

ਜਉ ਤੁਮ ਗਿਰਿਵਰ ਤਉ ਹਮ ਮੋਰਾ।

—ਸੋਰ ਰਵਿ ੫, ੧ : ੧ (658)

ਘਨ

ਬਦਲ, ਮੇਘ, ਬਦਲ ਦੀ ਆਵਾਜ਼, ਗਰਜ

ਚਾਤ੍ਰਿਕਾ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲਪੀਵਤ ਬਿਨਸਤ ਤਾਪ।

—ਆਸਾ ੫, ਛੰਤ ੧੪, ੩ : ੨ (462)

ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।

—ਮਲਾ ੧, ਅਸ ੧, ੩ : ੨ (1273)

ਬਿਨੁ ਸਾਵਣ ਘਨਹਰੁ ਗਾਜੈ।

—ਸੋਰ ਨਾਮ, ੩, ੧ : ੨ (657)

ਮੋਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।

—ਨਟ ੪, ਅਸ ੬, ੪ : ੨ (983)

ਬਰਸੁ **ਘਨਾ** ਮੇਰਾ ਮਨੁ ਭੀਨਾ।

—ਮਲਾ ੧, ੨, ੧ : ੧ (1254)

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ **ਘਨਿਹਰ** ਕੀ ਘੋਰ।

—ਮਲਾ ੪, ੮, ੨ : ੧ (1265)

ਨਾਨਕ ਬਿਜੁਲੀਆਂ ਚਮਕੰਨਿ **ਘੁਰਨਿ** ਘਟਾ ਅਤਿ ਕਾਲੀਆ।

—ਮਾਰੂ ੫, ਵਾਰ ੨੨ਸ, ੫, ੨ : ੧ (1102)

ਜਲ

ਪਾਣੀ, ਸਮੁੰਦਰ ਜਲਧਰਾ, ਪਾਣੀ ਦੀਆਂ ਲਹਿਰਾਂ, Water, ਲਗਾਤਾਰ ਮੀਂਹ

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।

—ਸਿਰੀ ੧, ੧੫, ੩ : ੨ (19)

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ **ਜਲ** ਕਮਲੇਹਿ।

—ਸਿਰੀ ੧, ਅਸ ੧੧, ੧ : ੧ (59)

ਤਿਅਕਤ **ਜਲੰ** ਨਾ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।

—ਜੈਤ ੫, ਵਾਰ ੧੨ਸ, ੫, ੧ : ੧ (708)

ਜਲਤਰੰਗ ਅਰੁ ਫੇਨ ਬੁਦਬੁਦਾ **ਜਲ** ਤੇ ਭਿੰਨ ਨ ਹੋਈ।

—ਆਸਾ ਨਾਮ, ੧, ੨ : ੧ (485)

ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ।

—ਧਨਾ ਨਾਮ, ੩, ੪ : ੧ (693)

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ।

—ਗਉ ੪, ੪੧, ੩ : ੧ (164)

ਸਾਚੇ ਤੇ ਪਵਨਾ ਭਇਆ ਪਵਨੈ ਤੇ **ਜਲੁ** ਹੋਇ।

—ਸਿਰੀ ੧, ੧੫, ੩ : ੧ (19)

ਨ ਸਪਤ ਦੀਪ ਨਾ ਜਲੋ।

—ਮਾਝ ੧, ਵਾਰ ੧੩ਸ, ੧, ੪ : ੨ (144)

ਝੜੀ

ਬਦਲਾਂ ਦੀ ਘਟਾ ਦਾ ਅਖੰਡ ਪਾਣੀ ਵਸਨਾ, ਲਗਾਤਾਰ ਮੀਂਹ ਪੈਣਾ।

ਊਂਨਵਿ ਊਂਨਵਿ ਆਇਆ ਵਰਸੈ ਲਾਇ **ਝੜੀ**।

—ਮਲਾ ੧, ਵਾਲ ੬ਸ, ੩, ੧ : ੧ (1280)

ਝਾਗੀ

ਜ਼ੋਰ ਦੀ ਹਵਾ, ਹਵਾ ਦਾ ਬੁਲਾ, ਝੋਂਕਾ

ਝਖੜੁ **ਝਾਗੀ** ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।

—ਸੂਹੀ ੪, ਅਸ ੧, ੧੩ : ੧ (757)

ਕਿਆ ਸੁਣੇਦੋ ਕੂੜੁ ਵੰਞਨਿ ਪਾਵਣ **ਝੁਲਾਰਿਆ**।

—ਵਡ ੫, ਛੰਤ ੨, ੧ਸ : ੧ (577)

ਤੁਝੇ ਨ ਲਾਗੇ ਤਾਤਾ **ਝੋਲਾ**।

—ਗਉ ੫, ੭੯, ੧ : ੨ (179)

ਝੋਲ

ਬੁਛਾੜ, ਮੀਂਹ ਦਾ ਜ਼ੋਰ ਨਾਲ ਪੈਣਾ

ਕਾਲਾ ਗੰਢੁ ਨਦੀਆ ਮੀਹ **ਝੋਲ**।

—ਮਾਝ ੧, ਵਾਰ ੧੨ਸ, ੧, ੨ : ੭ (143)

ਤੋਆ

ਪਾਣੀ, ਦੇਖੋ 'ਜਲ'

ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ।

—ਮਲਾ ੧, ਵਾਰ ੨੫ਸ, ੧, ੨ : ੨੫ (1290)

ਕਾਰ ਕੋਟੰ ਰਚੰਤਿ **ਤੋਯੰ** ਲਪਨੰ ਰਕਤ ਚਰਮਣਹ।

—ਸਾਰ ੫, ੪ : ੧ (1354)

ਦਉਤ

ਦਿਨ ਉਦੈ ਹੋਣ ਦਾ ਸਮਾਂ, ਪ੍ਰਕਾਸ਼, ਉਦਯੈ

ਰਾਮ ਨਾਮੁ ਹਰਿ ਟੇਕ ਹੈ ਨਿਸਿ **ਦਉਤ** ਸਵਾਰੈ।

—ਆਸਾ ੧, ਅਸ ੨੨, ੬ : ੨ (422)

ਚਉਥਾ ਪਹਰੁ ਭਇਆ **ਦਉਤ** ਬਿਹਾਗੈ ਰਾਮ।

—ਤੁਖਾ ੧, ਛੰਤ ੨, ੪ : ੧ (1110)

ਦਖਨਿ

ਸਵੇਰੇ ਸੂਰਜ ਵਲ ਮੂੰਹ ਕਰਕੇ ਖੜੋਨ ਨਾਲ ਸਜੇ ਪਾਸੇ ਦੀ ਦਿਸ਼ਾ,

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ।

—ਪ੍ਰਭਾ ਕਬ, ੨, ੨ : ੧ (1349)

ਉਤਰਿ **ਦਖਿਣਹਿ** ਪੁਬਿ ਅਰ ਪਸਮਿ ਜੈ ਜੈ ਕਾਰ ਜਪੰਥਿ ਨਰਾ।

—ਸਵ ੩, ੧ : ੬ (1392)

ਉਤਰਿ **ਦਖਿਣਿ** ਪੁਬਿ ਦੇਸਿ ਪਸਟਮਿ ਜਸੁ ਭਾਖਹ।

—ਸਵ ੩, ੫ : ੨ (1393)

ਦਾਹਾ

ਦਿਨ (Day).

ਜਿਨ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ **ਦਾਹਾ**।

—ਆਸਾ ੫, ੧੨੩, ੧ : ੧ (401)

ਦਿਉਸ

ਦਿਨ, ਸੂਰਜ ਚੜ੍ਹਨ ਤੋਂ ਸੂਰਜ ਡੁਬਣ ਤੱਕ ਦਾ ਸਮਾਂ,

ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ ਭਾਰੀ।

—ਸਾਰ ੫, ੫੯, ੧ : ੧ (1216)

ਬਲਿਹਾਰੀ ਗੁਰ ਆਪਣੇ **ਦਿਉਹਾੜੀ** ਸਦ ਵਾਰ।

—ਆਸਾ ੧, ਵਾਰ ੧ਸ, ੧, ੧ : ੧ (462)

ਸਦਣਹਾਰਾ ਸਿਮਰੀਐ ਨਾਨਕ ਸੇ **ਦਿਹ** ਆਵੰਨਿ।

—ਗਉ ੧, ਸੋਲਾ ੧, ੪ : ੨ (12)

ਸਭੇ ਰਾਤੀ ਸਭਿ **ਦਿਹ** ਸਭਿ ਥਿਤੀ ਸਭਿ ਵਾਰ।

—ਸਾਰ ੪, ਵਾਰ ੧੧ਸ, ੧, ੧ : ੧ (1241)

ਜਿਤੁ **ਦਿਹਾੜੈ** ਧਨਵਰੀ ਸਾਹੇ ਲਏ ਲਿਖਾਇ।

—ਸਲੋ ਫਰ, ੧ : ੧ (1377)

ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ।

—ਸੂਹੀ ੩, ਵਾਰ ੧੩ਸ, ੧, ੨ : ੨ (789)

ਕੋਟਿ **ਦਿਨਸ** ਲਾਖ ਸਦਾ ਥਿਰੁ ਥੀਆ।

—ਗਉ ੫, ੭, ੧ : ੨ (239)

ਅਉਧ ਘਟੈ **ਦਿਨਸੁ** ਰੈਣਾਰੇ।

—ਗਉ ੫, ਸੋਰ ੫, ੧ : ੧ (13)

ਰਾਤਿ **ਦਿਨੰਤਿ** ਰਹੈ ਰੰਗਿ ਰਾਤਾ।

—ਰਾਮ ੧, ਓਅੰ ੧੦ : ੩ (931)

ਜਿਨਿ **ਦਿਨੁ** ਕਰਿ ਕੈ ਕੀਤੀ ਰਾਤਿ।

—ਆਸਾ ੧, ਸੋਦ ੩, ੪ : ੨ (10)

ਸਉ ਓਲਾਮੇ **ਦਿਨੈ** ਕੇ ਰਾਤੀ ਮਿਲਨਿ੍ ਸਹੰਸ।

—ਸੂਹੀ ੩, ਵਾਰ ੧੬ਸ, ੧, ੨ : ੧ (790)

ਮਾਹ **ਦਿਵਸ** ਮੂਰਤ ਭਲੇ ਜਿਸ ਕਉ ਨਦਰਿ ਕਰੇ।

—ਮਾਝ ੫, ਬਾਰਾ ੧੪ : ੭ (136)

ਸੁਭ **ਦਿਵਸ** ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ।

—ਆਸਾ ੫, ਛੰਤ ੧੦, ੪ : ੫ (459)

ਰਾਤਿ **ਦਿਵਸ** ਕੇ ਕੂਕਨੇ ਕਬਹੂ ਕੇ ਸੁਨੇ ਪੁਕਾਰਾ।

—ਸਲੋ ਕਬ, ੨੨੩ : ੨ (1376)

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।

—ਜਪੁ ੧, ੩੮ ਸ : ੨ (8)

ਨਿਸਿ

ਰਾਤ (Night)

ਨਿਸਿ ਅੰਧਿਆਰੀ ਸੁਤੀਏ ਕਿਉ ਪਿਰਬਿਨੁ ਰੈਣਿ ਵਿਹਾਇ।

—ਸਿਰੀ ੧, ਅਸ ੨, ੭ : ੧ (54)

ਸੂਹਾ ਰੰਗੁ ਸੁਪਨੈ **ਨਿਸੀ** ਬਿਨੁ ਤਾਗੇ ਗਲਿ ਹਾਰੁ।

—ਸੂਹੀ ੩, ਵਾਰ ੪ ਸ, ੧, ੨ : ੧ (786)

ਨਿਸਿਦਿਨਿ

ਰਾਤ ਦਿਨ, ਹਮੇਸ਼ਾ, ਸਦਾ

ਚੇਤਨਾ ਹੈ ਤਉ ਚੇਤ **ਲੈ ਨਿਸਿਦਿਨਿ** ਮੈ ਪ੍ਰਾਨੀ।

—ਤਿਲ ੯, ੧ : ੧ : ੧ (726)

ਨਿਸਿਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ।

—ਸਲੋ ੯, ੨੦ : ੨ (1427)

ਪਉਣ

ਹਵਾ, ਪਵਨ (Air), ਪੰਜਾਂ ਤੱਤਾਂ ਵਿਚੋਂ ਇਕ ਪ੍ਰਸਿੱਧ ਤੱਤ, ਪੁਲਾੜ ਅੰਦਰ ਮੌਜੂਦ ਉਹ ਅਦ੍ਰਿਸ਼ਟ ਪਦਾਰਥ ਜਿਸ ਦੇ ਹਿਲਣ ਜੁਲਣ ਨਾਲ ਦਰਖਤ ਹਿਲਦੇ ਜੁਲਦੇ ਪਰਤੀਤ ਹੁੰਦੇ ਹਨ।

ਆਖਣੁ ਸੁਨਣਾ **ਪਉਣ** ਕੀ ਬਾਣੀ ਇਹੁ ਮਨੁ ਰਤਾ ਮਾਇਆ।

—ਸਿਰੀ ੧, ੨੭, ੩ : ੧ (24)

ਗਾਵਹਿ ਤੁਹਨੋ **ਪਉਣੁ** ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।

—ਜਪੁ ੧, ੨੭ : ੪ (6)

ਪਉਣੁ ਮਾਰਿ ਮਨਿ ਜਾਪੁ ਕਰੇ ਸਿਰੁ ਮੁੰਡੀਤਲੈ ਦੇਇ।

—ਸਾਰ ੪, ਵਾਰ ੧੦ਸ, ੧, ੧ : ੨ (1241)

ਪਉਣੈ ਪਾਣੀ ਅਗਨੀ ਕਾ ਮੇਲੁ।

—ਗਉ ੧, ੪, ੧ : ੧ (152)

ਮੈਲਾ **ਪਉਨੁ** ਪਾਵਕੁ ਅਰੁ ਨੀਰੁ।

—ਭੈਰ ਕਬ, ੩, ੩ : ੨ (1158)

ਇੜਾ ਪਿੰਗੁਲਾ ਅਉਰੁ ਸੁਖਮਨਾ·**ਪਉਨੈ** ਬੰਧਿ ਰਹਾਉਗੋ।

—ਰਾਮ ਨਾਮ, ੨, ੨ : ੧ (973)

ਪਸਚਮ

ਪਛਮ, ਸੂਰਜ ਅਸਤ ਹੋਣ ਦੀ ਦਸ਼ਾ,

ਪਸਚਮ ਦੁਆਰੇ ਕੀ ਸਿਲਓੜ।

—ਭੈਰ ਕਬ, ੧੦, ੩ : ੧ (1159)

ਉਤਰਿ ਦਖਿਣਹਿ ਪੁਬਿ ਅਰੁ **ਪਸਚਮਿ** ਜੈਸੇ ਕਾਰ ਜਪੰਥਿ ਨਰਾ।

—ਸਵ ੩, ੧ : ੧ (1392)

ਪਹਰ

ਦਿਨ ਰਾਤ ਦਾ ਅਠਵਾਂ ਭਾਗ, ਤਿੰਨ ਘੰਟੇ ਦਾ ਸਮਾਂ,

ਆਠ **ਪਹਰ** ਪ੍ਰਭੁ ਧਿਆਇ ਤੂੰ ਗੁਣ ਗੋਵਿੰਦ ਨਿਤ ਗਾਉ।

—ਸਿਰੀ ੫, ੭੭, ੧* : ੨ (44)

ਵਿਸੁਏ ਚਸਿਆ ਘੜੀਆ **ਪਹਰਾ** ਥਿਤੀ ਵਾਰੀ ਮਾਹੁ ਹੋਆ।

—ਆਸਾ ੧, ੨, ੨ : ੧ (12)

ਚਉਥੈ **ਪਹਰਿ** ਸਬਾਹ ਕੈ ਸੁਰਤਿਆ ਉਪਜੈ ਚਾਉ।

—ਮਾਝ ੧, ਵਾਰ ੧੯ਸ, ੨, ੧ : ੪ (146)

ਘੜੀਏ ਘੜੀਏ ਮਾਰੀਐ **ਪਹਰੀ** ਲਹੈ ਸਜਾਇ।

—ਸਲੋ ਫਰ, ੪੦ : ੧ (1379)

ਪਹਿਲਾ **ਪਹਰੁ** ਧੰਧੈ ਗਇਆ ਦੂਜੈ ਭਰਿ ਸੋਇਆ।

—ਸਿਰੀ ੫, ੭੪, ੩ : ੧ (43)

ਪਛਮ

ਇਕ ਦਿਸ਼ਾ, ਲਹਿੰਦੀ ਦਿਸ਼ਾ, ਪੂਰਬ ਦੇ ਉਲਟ ਦੀ ਦਿਸ਼ਾ ਜਿਧਰ ਸੂਰਜ ਅਸਤ ਹੁੰਦਾ ਹੈ।

ਮਤਾ ਕਰੈ **ਪਛਮ** ਕੈ ਤਾਈ ਪੂਰਬ ਹੀ ਲੈ ਜਾਤ।

—ਗੂਜ ੫, ੫, ੧ : ੧ (496)

ਪਛਿਮ ਫੇਰਿ ਚੜਾਵੈ ਸੂਰੁ।

—ਰਾਮ ਬੇਣੀ, ੧੭ : ੪ (974)

ਪਲ

ਸਮੇਂ ਦੀ ਇਕ ਇਕਾਈ, ਪਲਕਾਰੇ, ਅੱਖ ਦੇ ਝਪਕਣ ਜਿੰਨਾ ਸਮਾਂ

ਘੜੀ ਮੂਰਤ ਸਿਮਰਤ **ਪਲ** ਵੰਞਹਿ ਜੀਵਣੁ ਸਫਲੁ ਤਿਥਾਈ।

—ਮਾਝ ੫, ੪੫, ੧ : ੩ (107)

ਪਲਕ ਦਿਸਟਿ ਤਾ ਕੀ ਲਾਗਹੁ ਪਾਈ।

—ਆਸਾ ੫, ੭੯, ੩ : ੨ (390)

ਜਿਨ ਖਿਨੁ **ਪਲੁ** ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ।

—ਸਿਰੀ ੧, ੨੦, ੧* : ੨ (21)

ਪਵਣ

ਹਵਾ, ਵੇਖੋ 'ਪਉਣ'

ਪਵਣ ਪਾਣੀ ਅਗਨੀ ਪਾਤਾਲ।

—ਜਪੁ ੧, ੩੪ : ੨ (7)

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।

—ਜਪੁ ੧, ੩੮ਸ : ੧ (8)

ਪਾਣੀ

ਜਲ

ਪਾਣੀ ਧੋਤੈ ਉਤਰਸੁ ਖੇਹ।

—ਜਪੁ ੧, ੨੦ : ੨ (4)

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨੑ ਕਲ।

—ਸਲੋ ੧, ੩ : ੧ (1410)

ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ।

—ਗੂਜ ੫, ਵਾਰ ੧੧ਸ, ੫, ੨ : ੧ (521)

ਜਿਉ ਭਏ ਦਾਦੁਰ ਪਾਨੀ ਮਾਹੀ।

—ਗਉ ਕਬ, ੬੦, ੧ : ੧ (336)

ਪਾਵਸ

ਵਰਖਾ ਰੁੱਤ,

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।

—ਗਉ ਕਬ, ੪੮, ੧ : ੧ (333)

ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।

—ਸਿਰੀ ਬੇਣੀ ੧, ੪ : ੩ (93)

ਪੁਬਿ

ਪੂਰਬ ਦਿਸ਼ਾ ਵਿਚ,

ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਸੈ ਜੈਕਾਰੁ ਜਮੰਥਿ ਨਰਾ।

—ਸਵ ੩, ੧ : ੬ (1392)

ਪੋਹੈ

ਬਿਕਰਮੀ ਸੰਮਤ ਦਾ 10ਵਾਂ ਮਹੀਨਾ, ਸਰਦੀ ਦਾ ਮਹੀਨਾ

ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ।

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।

—ਮਾਝ ੫, ਬਾਰਾ ੧੧ : ੧ (135)

ਪੋਖੁ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।

—ਮਾਝ ੫, ਬਾਰਾ ੧੧ : ੯ (135)

ਪ੍ਰਾਤ

ਸਵੇਰ, ਪ੍ਰਭਾਤ

ਸੰਧਿਆ ਪ੍ਰਾਤ ਇਸਾਨੁ ਕਰਾਹੀ।

—ਗਉ ਕਬ, ੫, ੧ : ੧ (324)

ਪ੍ਰਾਤਹਕਾਲ ਹਰਿ ਨਾਮੁ ਉਚਾਰੀ।

—ਸੂਹੀ ੫, ੩੦, ੧ : ੧ (743)

ਬਸੰਤੁ

ਖੁਸ਼ੀ ਖੇੜੇ ਦੀ ਰੁਤਿ

ਚੜਿ ਚੇਤੁ **ਬਸੰਤੁ** ਮੇਰੇ ਪਿਆਰੇ ਭਲੀਆ ਰੁਤੇ।

—ਆਸਾ ੪, ਛੰਤ ੨੧; ੪ : ੧ (452)

ਪਹਿਲ **ਬਸੰਤੈ** ਆਗਮਨਿ ਤਿਸੁ ਕਾ ਕਰਹੁ ਬੀਚਾਰੁ।

—ਸੂਹੀ ੩, ਵਾਰ ੧੯ਸ, ੨, ੨ : ੧ (791)

ਬਰਸ

ਵਰ੍ਹੇ, ਸਾਲ, ਵਰਖਾ, ਬਾਰਸ਼

ਪੜੀਅਹਿ ਜੇਤੇ **ਬਰਸ** ਬਰਸ ਪੜੀਅਹਿ ਜੇਤੇ ਮਾਸ।

—ਆਸਾ ੧, ਵਾਰ ੯ਸ, ੧, ੧ : ੩ (467)

ਬਰਸੁ ਏਕੁ ਹਉ ਫਿਰਓ ਕਿਨੈ ਨਹੁ ਪਰਚਉ ਲਾਯਉ।

—ਸਵ ੩, ੨੦ : ੩ (1395)

ਅਨਿਕ **ਬਰਖ** ਕੀਏ ਜਪ ਤਾਪਾ।

—ਮਾਝ ੫, ੧੨, ੩ : ੧ (98)

ਬਾਦਲ ਬਿਨੁ **ਬਰਖਾ** ਹੋਈ।

—ਸੋਰ ਨਾਮ, ੩, ੧ : ੩ (657)

ਬਰਖਸਿ ਬਾਣੀ ਬੁਦਬੁਦਾ ਹੇਰਿ।

—ਬਸੰ ੧, ਅਸ ੧, ੨ : ੨ (1187)

ਰੁਤਿ **ਬਰਸੁ** ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।

—ਰਾਮ ੫, ਰੁਤੀ ੪ : ੧ (928)

ਬਾਇਆ

ਹਵਾ, ਪਵਨ

ਭਇਓ ਕ੍ਰਿਪਾਲ ਦਇਆਲੁ ਦੁਖ ਭੰਜਨੁ ਲਗੈ ਨ ਤਾਤੀ **ਬਾਇਆ**।

—ਸਾਰ ੫, ੪੧, ੧* : ੨ (1212)

ਅਪੁ ਤੇਜੁ **ਬਾਇ** ਪ੍ਰਿਥਮੀ ਆਕਾਸਾ।

—ਗਉ ਕਬ, ੧੮, ੪ : ੧ (327)

ਬਾਸੁਰ

ਦਿਨ

ਝਾਲਾਘੇ ਉਠਿ ਨਾਮੁ ਜਪਿ ਨਿਸਿ **ਬਸੁਰ** ਆਰਾਧਿ।

—ਗਉ ੫, ਬਾਅ ੨੫ਸ : ੧ (255)

ਬਾਦਲ

ਬਦਲ,

ਬਾਦਲ ਬਿਨੁ ਬਰਖਾ ਹੋਈ।

—ਸੋਰ ਨਾਮ, ੩, ੧ : ੩ (657)

ਜੋ ਦੀਸੈ ਸੋ ਸਗਲ ਬਿਨਸੈ ਜਿਉ **ਬਾਦਰ** ਕੀ ਛਾਈ।

—ਗਉ ੯, ੨, ੨ : ੧ (219)

ਬਿਹਾਗ

ਸਵੇਰ, ਪ੍ਰਭਾਤ

ਸਾਝ **ਬਿਹਾਗ** ਤਕਹਿ ਆਗਾਸੁ।

—ਗਉ ੧, ੬, ੩ : ੨ (152)

ਚਉਥਾ ਪਹਰੁ ਭਇਆ ਚਉਤੁ ਬਿਹਾਗੈ ਰਾਮ।

—ਤੁਖਾ ੧, ਛੰਤ ੨, ੪ : ੧ (1110)

ਬਿਜੁਲ

ਬਿਜਲੀ, ਬਦਲਾਂ ਵਿਚ ਪਾਣੀ ਦੀ ਗੜਗੜ ਨਾਲ ਪੈਦਾ ਹੁੰਦੀ ਚਮਕ

ਓਹੁ ਜੇਵ ਸਾਇਰ ਦੇਇ ਲਹਰੀ **ਬਿਜਲੁ** ਜਿਵੈ ਚਮਕਏ।

—ਆਸਾ ੧, ਛੰਤ ੫, ੧ : ੪ (439)

ਸੂਰਜ ਕਿਰਣਿ ਨ **ਬਿਜੁਲਿ** ਗੇਣਾਰਾ।

—ਮਾਰੂ ੨, ਸੋਲਾ ੧੩, ੮ : ੨ (1033)

ਬਿਜੁਲੀ ਚਮਕੈ ਹੋਇ ਅਨੰਦੁ।

—ਭੈਰ ਕਬ, ਅਸ ੧, ੧ : ੩ (1162)

ਕਤਕਿ ਕੂੰਜਾ ਚੇਤਿ ਡਉ ਸਾਵਣਿ **ਬਿਜੁਲੀਆਂ**।

—ਆਸਾ ਫਰ, ੨, ੬ : ੧ (488)

ਬਿੰਬ

ਪਾਣੀ ਦਾ ਬੁਲਬੁਲਾ

ਅਗਨਿ **ਬਿੰਬ** ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।

—ਗਉ ੧, ਅਸ ੧੭,੧ : ੨ (156)

ਜਲਾ **ਬਿੰਬੁ** ਅਸਰਾਲੁ ਤਿਨੈ ਵਰਤਾਇਆ।

—ਮਲਾ ੧, ਵਾਰ ੯ : ੪ (1282)

ਬੀਜੁਲ

ਬਿਜਲੀ, ਵੇਖੋ 'ਬਿਜੁਲ'

ਚਮਕਾਰ **ਬੀਜੁਲ** ਤਹੀ।

—ਸੋਰ ਨਾਮ, ੧, ੩ : ੨ (657)

ਦਹ ਦਿਸ ਚਮਕੈ **ਬੀਜੁਲਿ** ਮੁਖ ਕਉ ਜੋਹਤੀ।

—ਫੁਨ ੫, ੯ : ੨ (1362)

ਭਲਕੇ

ਅੰਮ੍ਰਿਤ ਵੇਲੇ, ਸਵੇਰੇ

ਭਲਕੇ ਭਉਕਹਿ ਸਦਾ ਬਇਆਲਿ।

—ਸਿਰੀ ੧, ੨੯, ੧ : ੨ (24)

ਰਾਤਿ ਕਾਰਣਿ ਧਨੁ ਸੰਚੀਐ **ਭਲਕੇ** ਚਲਣੁ ਹੋਇ।

—ਸੂਹੀ ੩, ਵਾਰ ੭ਸ, ੨, ੨ : ੧ (43)

ਮਰਤੁ

ਹਵਾ, ਪ੍ਰਾਣ, ਹੋਰ ਵੇਖੋ 'ਪਉਣ'

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿਲੈ ਜੁਗਤਿ ਕਰਿ **ਮਰਤੁ** ਸੁ ਸਨ ਬੰਧੁ ਕੀਜੈ।

—ਮਾਰੂ ੧, ੯, ੧ : ੧ (991)

ਮੀਹ

ਮੀਂਹ, ਬਾਰਸ਼

ਕਾਲਾ ਗੰਢੁ ਨਦੀਆ **ਮੀਹ** ਝੋਲ।

—ਮਾਝ ੧, ਵਾਰ ੧੨ਸ, ੧, ੨ : ੭ (143)

ਖਾਲੀ ਚਲੇ ਧਣੀ ਸਿਉ ਟਿਬੇ ਜਿਉ **ਮੀਹਾਹੁ**।

—ਸਲੋ ਫਰ, ੧੦੫ : ੨ (1383)

ਮੀਹੁ ਪਇਆ ਪਰਮੇਸਰਿ ਪਾਇਆ।

—ਮਾਝ ੫, ੩੯, ੧ : ੧ (105)

ਮੇਘ

ਬਦਲ, ਬਦਲਾਂ ਦੀਆਂ ਕਤਾਰਾਂ, ਘਟਾਂ

ਮੇਘ ਬਿਨਾ ਜਿਉ ਖੇਤੀ ਜਾਇ।

—ਗਉ ੫, ਸੁਖ ੫, ੬ : ੬ (269)

ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ **ਮੇਘ** ਮਾਲਾ ਪਾਣੀ ਹਾਰੀਆ।

—ਮਲਾ ਨਾਮ, ੧, ੪ : ੨ (1292)

ਮੇਘੁ ਵਰਸੈ ਸਭਨੀ ਥਾਈ।

—ਮਾਝ ੫, ੩੬, ੧ : ੨ (1271)

ਜੈਸੀ ਧਰਤੀ ਊਪਰਿ **ਮੇਘੁਲਾ** ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀਂ।

—ਗਉ ੩, ੩੫, ੧ : ੧ (162)

ਰੁਤਿ

ਮੌਸਮ, ਰੁੱਤ, ਬਹਾਰ,

ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ।

—ਜਪੁ ੧, ੨੧ : ੧੫ (4)

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।

—ਜਪੁ ੧, ੨੧ : ੧੦ (4)

ਜਲਥਲ ਨੀਰਿ ਭਰੈ ਬਰਸ ਰੁਤੇ ਰੰਗੁ ਮਾਣੀ।

—ਤੁਖਾ ੧, ਬਾਅ ੧੦ : ੨ (1108)

ਅਨ ਰੂਤਿ ਨਾਹੀ ਨਾਹੀ।

—ਬਸੰ ੪, ੧੮, ੨ : ੩ (1185)

ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ।

—ਮਾਰੂ ੫, ੧੩, ੧ : ੨ (1002)

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ।

—ਤੁਖਾ ੧, ਬਾਰਾ, ੧੭ : ੧ (1109)

ਰੈਣ

ਰਾਤ, ਰੈਣਾਰ, Night.

ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।

—ਗਉ ੫, ੧੫੨*, ੧ : ੧ (212)

ਵਰਸੁ

ਬਦਲ, ਵਸਨ ਵਾਲਾ

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ।

—ਗਉ ੪, ੬੫, ੪ : ੧ (173)

ਵਰਾਹੁ

ਵਰਨ੍ ਵਾਲਾ, ਬਦਲ

ਸਾਗਰ ਲਹਰਿ ਸਮੁੰਦਸਰ ਵੇਲਿ ਵਰਸ ਵਰਾਹੁ।

—ਸੂਹੀ ੩, ਵਾਰ ੧੦ਸ, ੧, ੧ : ੨ (788)

ਵਾਰੋਲੇ

ਵਾਵਰੋਲਾ, ਹਵਾ ਦੀ ਗੰਢ

ਥਲ ਵਾਰੋਲੇ ਬਹੁਤੁ ਅਨੰਤੁ।

—ਆਸਾ ੧, ਵਾਰ ੪ਸ, ੧, ੨ : ੧੬ (465)

ਚੋਣਵੀਂ ਪੁਸਤਕ ਸੂਚੀ

ਪੰਜਾਬੀ

ਅਮਰ ਸਿੰਘ (ਸੰ)	**ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2005
ਅਰਜਨ, ਗੁਰੂ (ਸੰ)	**ਸ੍ਰੀ ਗੁਰੂ ਗ੍ਰੰਥ ਸਾਹਿਬ**, ਸ਼੍ਰੋ: ਗੁ. ਪ੍ਰੰ: ਕਮੇਟੀ, ਅੰਮ੍ਰਿਤਸਰ (ਅਨੇਕ ਸੰਸਕਰਣ)
ਸਾਹਿਬ ਸਿੰਘ, ਪ੍ਰੋ. (ਸੰ)	**ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** (੧੦ ਪੋਥੀਆਂ), ਰਾਜ ਪਬਲਿਸ਼ਰਜ਼, ਜਲੰਧਰ, 1992
ਸੁਰਿੰਦਰ ਸਿੰਘ ਕੋਹਲੀ (ਸੰ)	**ਪੰਜਾਬੀ ਸਾਹਿਤ ਕੋਸ਼** (ਤਿੰਨ ਭਾਗ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਛਾਪ 2000
ਸੁਰਜੀਤ ਸਿੰਘ, ਢਿੱਲੋਂ	**ਜ਼ਆਲੋਜੀ ਵਿਸ਼ਾ ਕੋਸ਼**, ਪਟਿਆਲਾ, 1996
ਸ਼੍ਰੋ: ਗੁ. ਪ੍ਰੰ. ਕਮੇਟੀ	**ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ** (ਚਾਰ ਭਾਗ), ਅੰਮ੍ਰਿਤਸਰ
ਕਾਨ੍ਹ ਸਿੰਘ, ਨਾਭਾ	**ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਛਾਪ, 1990
ਕਾਨ੍ਹ ਸਿੰਘ, ਨਾਭਾ	**ਗੁਰੁਮਤ ਮਾਰਤੰਡ** (ਦੋ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1999
ਗੁਰਚਰਨ ਸਿੰਘ (ਸੰ)	**ਸ੍ਰੀ ਗੁਰੂ ਗ੍ਰੰਥ ਕੋਸ਼** (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
ਗੁਰਚਰਨ ਸਿੰਘ (ਸੰ)	**ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ** (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
ਗੁਰਚਰਨ ਸਿੰਘ (ਸੰ)	**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਫ਼ਾਰਸੀ-ਅਰਬੀ ਮੂਲਕ ਸ਼ਬਦਾਂ ਦਾ ਕੋਸ਼**, ਪ੍ਰੋ: ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ਆਨੰਦਪੁਰ ਸਾਹਿਬ, ਛਾਪ 2006
ਜਸਬੀਰ ਸਿੰਘ ਸਰਨਾ (ਸੰ)	**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ਆਨੰਦਪੁਰ ਸਾਹਿਬ, 2007

ਜਸਬੀਰ ਸਿੰਘ ਸਰਨਾ	**ਜੰਮੂ ਕਸ਼ਮੀਰ ਦੇ ਅਨੋਖੀ ਪੰਛੀ ਅਤੇ ਜੰਗਲੀ ਜੀਵ**, ਸੰਤ ਐਂਡ ਸਿੰਘ ਪਬਲੀਸ਼ਰਜ਼, ਕਸ਼ਮੀਰ, 2007
ਜਸਬੀਰ ਸਿੰਘ ਸਰਨਾ (ਸੰ)	**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012
ਪੰਜਾਬੀ ਯੂਨੀ. ਪਟਿਆਲਾ (ਸੰ)	**ਫ਼ਾਰਸੀ-ਪੰਜਾਬੀ ਕੋਸ਼**, 1990
ਭਾਸ਼ਾ ਵਿਭਾਗ, ਪੰਜਾਬ (ਸੰ)	**ਪੰਜਾਬੀ ਵਿਸ਼ਵ ਕੋਸ਼** (12 ਜਿਲਦਾਂ) ਪਟਿਆਲਾ, 2000
ਰਤਨ ਸਿੰਘ ਜੱਗੀ (ਸੰ)	**ਗੁਰੂ ਗ੍ਰੰਥ ਵਿਸ਼ਵ ਕੋਸ਼** (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
ਰਤਨ ਸਿੰਘ ਜੱਗੀ (ਸੰ)	**ਸਾਹਿੱਤਕ ਕੋਸ਼-ਪਾਰਿਭਾਸ਼ਿਕ ਸ਼ਬਦਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001
ਵਣਜਾਰਾ ਬੇਦੀ (ਸੰ) (ਸੋਹਿੰਦਰ ਸਿੰਘ)	**ਲੋਕਧਾਰਾ ਵਿਸ਼ਵਕੋਸ਼** (12 ਜਿਲਦਾਂ), ਲੋਕ ਪ੍ਰਕਾਸ਼ਨ, ਦਿੱਲੀ
ਵੀਰ ਸਿੰਘ (ਭਾਈ) (ਸੰ)	**ਪੁਰਾਤਨ ਜਨਮਸਾਖੀ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਛਾਪ 1996.

English

Ali, Salim	**The Book of Indian Birds,** Bombay, 1972
Ali, Salim	**Indian Hill Birds,** London, 1949
Ali, Salim and R. Laeeqf	**Common Birds,** New Delhi, Reprint 2000
Gergan, S.S.	**Big Game of Jammu & Kashmir, n.d.**
Harbans Singh (Ed.)	**The Encyclopaedia of Sikhism** (4 Vol.) Punjabi University, Patiala, 1992-98
Lawrence, Water A	**The Valley of Kashmir,** Reprint, 1998
Manmohan Singh (Ed.)	**Sri Guru Granth Sahib** (8 Vols.), SGPC Amritsar, 1962-69
Manmohan Singh (Ed.)	**Hymns of Guru Nanak,** Language Deptt. Punjab, Patiala, 1961
Robin, Rees (Ed.)	**Philips Nature Encyclopaedia,** London, 2003

Sarna, Jasbir Singh — **Flora and Fauna in Guru Nanak's Bani,** Jammu, 1992.

Whistler, Hugh — **The Popular Hand Book of Indian Birds,** 1949

Woodcock, Martin W — **Collins Hand Guide to The Birds of the Indian Continent,** London, Reprint 1988.


ਡਾ. ਜਸਬੀਰ ਸਿੰਘ ਸਰਨਾ

ਗੁਰਬਾਣੀ ਵਿਆਖਿਆਕਾਰੀ ਵਿਚ ਕੋਸ਼ਕਾਰੀ ਦੀ ਇਕ ਲੰਮੀ ਤੇ ਜ਼ਿਕਰਯੋਗ ਪਰੰਪਰਾ ਹੈ, ਜਿਹੜੀ ਪ੍ਰਯਾਇਆਂ, ਟੀਕਾਵਾਂ, ਪਦਾਰਥਾਂ (ਪਦ-ਅਰਥਾਂ), ਟਿਪਣੀਆਂ, ਸ਼ਬਦ-ਕੋਸ਼ਾਂ ਆਦਿ ਰਾਹੀਂ ਹੁੰਦੀ ਹੋਈ, ਵਿਸ਼ਵਕੋਸ਼ੀ (encyclopedic) ਸਤਰ ਤਕ ਪਹੁੰਚੀ ਹੈ। ਇਸ ਪਰੰਪਰਾ ਵਿਚ ਵਿਸ਼ਾ-ਕੋਸ਼ਾਂ ਨੇ ਵੀ ਹਾਜ਼ਰੀ ਲੁਆਈ ਹੈ, ਉੱਥੇ ਅਜਿਹੀਆਂ ਹਵਾਲਾ-ਪੁਸਤਕਾਂ ਦੀ ਅਤਿਅੰਤ ਲੋੜ ਹੈ, ਜਿਸ ਤੋਂ ਤਿਆਰ-ਬਰ-ਤਿਆਰ ਸੰਬੰਧਿਤ ਹਵਾਲੇ ਵਿਧੀਬੱਧ ਰੂਪ ਵਿਚ ਪ੍ਰਾਪਤ ਹੋ ਸਕਣ। ਭਾਈ ਜਸਬੀਰ ਸਿੰਘ ਸਰਨਾ (ਕਸ਼ਮੀਰ) ਨੇ ਹਾਸਿਲ ਹਾਲਤਾਂ ਵਿਚ ਇਸ ਕੋਸ਼ ਨੂੰ ਤਿਆਰ ਕਰਕੇ, ਗੁਰਬਾਣੀ ਹਵਾਲਾ-ਗ੍ਰੰਥਾਂ ਦੀ ਸੂਚੀ ਵਿਚ ਮਾਣਯੋਗ ਵਾਧਾ ਕੀਤਾ ਹੈ, ਇਸ ਲਈ ਉਹ ਵਧਾਈ ਦੇ ਪਾਤਰ ਹਨ।

—ਡਾ. ਗੁਰਮੇਲ ਸਿੰਘ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਜਸਬੀਰ ਸਿੰਘ ਸਰਨਾ ਪਿਛਲੇ ਲੰਮੇ ਅਰਸੇ ਤੋਂ ਪੰਜਾਬੀ ਸਾਹਿਤ ਦੇ ਭਿੰਨ-ਭਿੰਨ ਸਰੋਕਾਰਾਂ ਸੰਬੰਧੀ ਮੁੱਲਵਾਨ ਰਚਨਾ ਕਰਨ ਵਾਲਾ ਲਿਖਾਰੀ ਹੈ। ਹੁਣ ਉਸ ਨੇ ਕੁਝ ਅਜਿਹੇ ਅਨੁਸ਼ਾਸਨਾਂ ਅਤੇ ਖੇਤਰਾਂ ਬਾਰੇ ਵੀ ਪੰਜਾਬੀ ਵਿਚ ਕੋਸ਼ਗਤ ਰੂਪ ਵਿਚ ਪੰਜਾਬੀ ਪਾਠਕਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਦਾ ਕਾਰਜ ਕੀਤਾ ਹੈ ਜਿਸ ਦੀ ਵਾਕਿਆ ਹੀ ਵਰਤਮਾਨ ਸਮੇਂ ਵਿਚ ਵਿਸ਼ੇਸ਼ ਜ਼ਰੂਰਤ ਸੀ। ਮੇਰੀ ਮੁਰਾਦ ਚਿਕਿਤਸਾ, ਪਸ਼ੂ, ਪੰਛੀ, ਬਨਸਪਤੀ, ਭੌਤਿਕ, ਬ੍ਰਹਿਮੰਡ, ਗਣਿਤ, ਖੇਤੀ ਆਦਿ ਵਿਗਿਆਨਾਂ ਤੋਂ ਹੈ। ਡਾ. ਸਰਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਇਹਨਾਂ ਖੇਤਰਾਂ ਨਾਲ ਸੰਬੰਧਤ ਸ਼ਬਦਾਵਲੀ ਨੂੰ ਪੰਜਾਬੀ ਵਿਚ ਹੀ ਪੇਸ਼ ਨਹੀਂ ਕੀਤਾ ਸਗੋਂ ਉਹਨਾਂ ਤਕਨੀਕੀ ਸ਼ਬਦਾਂ ਨੂੰ ਉਚਿਤ ਪ੍ਰਸੰਗ ਵਿਚ ਸਮਝਾਉਣ ਲਈ ਉਸ ਨੇ ਗੁਰਬਾਣੀ ਦੀਆਂ ਟੂਕਾਂ ਅਤੇ ਹੋਰ ਸੰਬੰਧਤ ਵੇਰਵਿਆਂ ਦੇ ਹਵਾਲੇ ਵੀ ਦਿੱਤੇ ਹਨ ਤਾਂ ਜੋ ਕਿਸੇ ਕਿੱਤੇ, ਕਾਰਜ ਜਾਂ ਸੰਦ ਪ੍ਰਣਾਲੀ ਬਾਰੇ ਕਿਸੇ ਕਿਸਮ ਦਾ ਭਰਮ, ਭੁਲੇਖਾ ਜਾਂ ਅਸਪੱਸ਼ਟਤਾ ਨਾ ਰਹੇ।

ਮੈਨੂੰ ਆਸ ਹੈ ਕਿ ਡਾ. ਸਰਨਾ ਦਾ ਇਹ ਕਾਰਜ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਹੀ ਨਹੀਂ ਸਗੋਂ ਗਿਆਨ ਵਿਗਿਆਨ ਅਤੇ ਵੱਖ-ਵੱਖ ਕਿੱਤਿਆਂ ਵਿਚ ਦਿਲਚਸਪੀ ਰੱਖਣ ਵਾਲੇ ਪੰਜਾਬੀ ਪਾਠਕਾਂ ਲਈ ਵੀ ਇਕ ਅਨਮੋਲ ਪੂੰਜੀ ਸਿੱਧ ਹੋਵੇਗਾ।

ਮੈਂ ਡਾ. ਸਰਨਾ ਵੱਲੋਂ ਮਿਹਨਤ ਨਾਲ ਨੇਪਰੇ ਚਾੜ੍ਹੇ ਗਏ ਇਸ ਕੋਸ਼ਗਤ ਕਾਰਜ ਦੀ ਪ੍ਰਾਪਤੀ ਲਈ ਵਧਾਈ ਦਿੰਦਾ ਹਾਂ।

—ਡਾ. ਦਰਸ਼ਨ ਸਿੰਘ ਆਸ਼ਟ

ਪੰਜਾਬੀ ਯੂਨੀਵਰਸਿਟੀ, ਪਟਿਆਲਾ

Forever Learning

ISBN 978-93-5204-392-7

9 789352 043927

www.unistarbooks.com ₹ 295/-